Monthly

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

The Punjab Herald

THE PUNJAB HERALD

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (133) June. - 2025, Sydney, Phone - 0437641033 , Email - thepunjabherald1@gmail.com

www.thepunjabherald.com

FOR ALL TYPES OF ADVERTISEMENTS IN THE PUNJAB HERALD PLEASE CALL 0437641033



English Pages: 31- 38

***In a landslide victory and historic comeback, having overturned most of the opinion polling showing either a smaller majority for the Labour government or a hung parliament, the Labour Party won a second majority government in 2025 election.***


SINGH TRUCK DRIVING SCHOOL



Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

# 'ਸਾਂਝੇ ਵਿਚਾਰ' ਟੀ. ਵੀ. ਚੈਨਲ







'ਸਾਂਝੇ ਵਿਚਾਰ' ਟੀ. ਵੀ. ਚੈਨਲ ਬਲੈਕਟਾਊਨ (ਸਿਡਨੀ) ਦੇ ਫਸਟ ਐਵੇਨਿਓ ਤੋਂ ਸਮਾਜ ਸੇਵਾ ਲਈ ਹਰ ਵਕਤ ਤਤਪਰ ਰਹਿੰਦਾ ਹੈ। ਚੈਨਲ ਨੂੰ ਵੱਧ ਤੋਂ ਵੱਧ ਸਬਸਕਰਾਈਬ ਕਰੋ।

(ਸੰਪਾਦਕ)

DEYAL
HOME
LOANS
Residential, Investment, Refinance & Commercial

We can visit Your Home for Consultation Regarding your Home Loan Needs and Debts Consolidation



SERVICES
- HOME LOANS
- INVESTMENT LOAN
- LAND AND CONSTRUCTION LOANS
- REFINANCING AND DEBT CONSOLIDATION
- NON RESIDENT LOANS
- BUSINESS, CAR AND PERSONAL LOANS
- DEPOSIT BONDS
- COMMERCIAL PROPERTY LOANS
- LOW DOC LOANS
- OWNER BUILDER LOANS



AMP resimac pepper money bankwest Westpac SUNCORP BANK Adelaide Bank st.george me Bank ANZ firstmac

Please Contact:
TEJINDER SINGH
MORTGAGE BROKER

Address:
40 Finsbury Circuit
Ropes Crossing, NSW 2760

M: 0420 315 504
Email: sdeyal161@gmail.com
DEYAL SECURITY PTY LTD. T/S DEYAL HOME LOANS
ACL 395285
Lenders Condition Apply




# ਪਾਣੀ ਖੁਣੋਂ ਪੰਜਾਬ ਦੇ ਹਾਲਾਤ ਵੀ ਇੱਕ ਦਿਨ ਰਾਜਸਥਾਨ ਦੇ 'ਖ਼ੂਨੀ ਟਿੱਬਿਆਂ' ਵਰਗੇ ਬਣ ਜਾਣਗੇ




ਜੇਕਰ ਕਿਸੇ ਵੀ ਇਨਸਾਨ ਨੇ 'ਪਾਣੀ ਦੀ ਅਸਲ ਕੀਮਤ' ਮਾਪਣੀ ਹੋਵੇ ਤਾਂ ਮੱਧ ਪ੍ਰਦੇਸ ਦੇ ਪਿੰਡਾਂ ਅੰਦਰ ਜਾ ਕੇ 'ਮੌਤ ਦੇ ਕੂਏਂ' ਨੂੰ ਵੇਖਿਆ ਜਾ ਸਕਦਾ ਹੈ। ਉਸ ਤੋਂ ਬਾਅਦ ਰਾਜਸਥਾਨ ਦੇ 'ਖ਼ੂਨੀ ਟਿੱਬਿਆਂ' ਦੀ ਦਰਦ ਕਹਾਣੀ ਅਜਿਹੀ ਹੈ ਜਿਸ ਨੂੰ ਸੁਣ ਕੇ ਮਨੁੱਖ ਦੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ਪਰ ਅੱਜ ਦਾ ਮਨੁੱਖ ਇੰਨਾ ਬੇ-ਰਹਿਮ ਹੋ ਚੁੱਕਿਆ ਹੈ ਕਿ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਇੱਕ ਦਿਨ ਇਹ ਮਨੁੱਖ ਆਪਣੀ ਹੀ 'ਪਾਣੀ ਰੂਪੀ ਜਿੰਦਗੀ' ਨੂੰ ਖੁਦ ਹੱਥੀ ਖਤਮ ਕਰਨ ਦੇ ਰਾਹ ਤੁਰੇਗਾ। ਬਾਕੀ ਸੂਬਿਆਂ ਤੋਂ ਬਾਅਦ ਪੰਜਾਬ ਅੰਦਰ ਧਰਤੀ ਹੇਠਲੇ ਪਾਣੀ ਨੂੰ ਲੈ ਕੇ ਆ ਰਹੀਆਂ ਰਿਪੋਰਟਾਂ ਅਨੁਸਾਰ ਜੋ ਅੰਕੜੇ ਸਾਹਮਣੇ ਆ ਰਹੇ ਨੇ, ਉਹ ਬੇਹੱਦ ਖਤਰਨਾਕ, ਦਿਲ ਨੂੰ ਝੰਝੋੜਨ ਵਾਲੇ ਅਤੇ ਹੈਰਾਨੀਜਨਕ ਹਨ। ਸੂਬੇ ਦੇ ਬਹੁਤ ਸਾਰੇ ਬਲਾਕਾਂ ਅੰਦਰ ਧਰਤੀ ਹੇਠਲਾ ਪਾਣੀ ਬਹੁਤ ਡੂੰਘਾ ਅਤੇ ਜਹਿਰੀਲਾ ਹੋ ਜਾਣ ਦੇ ਕਾਰਨ ਸਥਿਤੀ ਬੇਹੱਦ ਗੰਭੀਰ ਬਣੀ ਹੋਈ ਹੈ। ਵੱਡੀ ਗਿਣਤੀ ਵਿੱਚ ਬਲਾਕ ਖਤਰਨਾਕ ਜੋਨ ਵਿੱਚ ਪਹੁੰਚ ਜਾਣ ਤੋਂ ਬਾਅਦ ਉੱਥੇ ਪਾਣੀ ਦਾ ਪੱਧਰ 150 ਫੁੱਟ ਦੇ ਪਾਰ ਪਹੁੰਚ ਚੁੱਕਿਆ ਹੈ।

ਕਈ ਇਲਾਕਿਆਂ ਅੰਦਰ ਇਸ ਤੋਂ ਵੀ ਜਿਆਦਾ ਜਾਂ ਬਹੁਤ ਸਾਰੀਆਂ ਜਗਾਵਾਂ 'ਤੇ 140 ਫੁੱਟ ਦੇ ਆਸ-ਪਾਸ ਹੁਣ ਆਮ ਗੱਲ ਹੈ। ਸੰਨ 1990 ਦੇ ਦਹਾਕੇ ਦੌਰਾਨ ਨਹਿਰਾਂ ਦੇ ਨਾਲ ਲੱਗਦੇ ਪਿੰਡਾਂ ਅੰਦਰ ਧਰਤੀ ਹੇਠਲਾ ਮਿੱਠਾ ਪਾਣੀ ਮਹਿਜ 5 ਤੋਂ 10 ਫੁੱਟ ਦੇ ਕਰੀਬ ਹੁੰਦਾ ਸੀ ਪਰ ਸਮਾਂ ਬਦਲਦਿਆਂ ਬਹੁਤੀ ਦੇਰ ਨਾ ਲੱਗੀ, 35 ਕੁ ਵਰ੍ਹਿਆਂ ਬਾਅਦ ਹੀ ਹੁਣ ਨਹਿਰਾਂ ਕੰਢੇ ਵੀ ਪਾਣੀ ਦਾ ਪੱਧਰ 50 ਤੋਂ 70 ਫੁੱਟ ਦੇ ਨੇੜੇ ਪਹੁੰਚ ਗਿਆ ਹੈ। ਧਰਤੀ ਹੇਠਲੇ ਪਾਣੀ ਦੇ ਇਸ ਕਦਰ ਡੂੰਘਾ ਅਤੇ ਕੈਮੀਕਲ ਭਰਪੂਰ ਹੋ ਜਾਣ 'ਤੇ ਭਾਵੇਂ ਚਿੰਤਕ ਲੋਕ ਸਮੇਂ-ਸਮੇਂ ਤੇ ਉਪਰਾਲੇ ਕਰਦੇ ਰਹਿੰਦੇ ਹਨ ਪਰ ਹਾਲਾਤ ਹਰ ਰੋਜ ਖਤਰਨਾਕ ਦਿਸਾ ਅਤੇ ਦਸਾ ਵਿੱਚ ਤਬਦੀਲ ਹੋ ਰਹੇ ਹਨ। ਲੱਖਾਂ ਰੁਪਏ ਦੀ ਲਾਗਤ ਨਾਲ ਪੰਜਾਬ ਦੇ ਖੇਤਾਂ ਅਤੇ ਘਰਾਂ ਵਿੱਚ ਕੀਤੇ ਜਾ ਰਹੇ ਬੋਰਾਂ ਨਾਲ 400 ਫੁੱਟ ਤੋਂ ਲੈ ਕੇ 600 ਫੁੱਟ ਤੱਕ ਧਰਤੀ ਦਾ ਸੀਨਾ ਛਲਣੀ ਕੀਤਾ ਜਾ ਰਿਹਾ ਹੈ। ਇੰਨਾ ਕੁਝ ਹੋਣ ਦੇ ਬਾਵਜੂਦ ਪਾਣੀ ਦੀ ਦੁਰਵਰਤੋਂ ਰੁਕ ਨਹੀਂ ਰਹੀ।

ਕੁਝ ਲੋਕ ਪਾਣੀ ਦੇ ਡੂੰਘਾਈ ਵੱਲ ਜਾਣ ਦਾ ਕਾਰਨ ਪੂਸਾ 44 ਝੋਨੇ ਨੂੰ ਦੱਸ ਰਹੇ ਹਨ। ਪਰ ਫੈਕਟਰੀਆਂ ਅੰਦਰ 10-10 ਇੰਚੀ ਬੋਰ ਕਰਕੇ ਬਾਹਰ ਸੁੱਟੇ ਜਾ ਰਹੇ ਪਾਣੀ ਨੂੰ ਮਨਫੀ ਕਿਵੇਂ ਕਰ ਸਕਦੇ ਹਾਂ। ਫੈਕਟਰੀਆਂ ਅੰਦਰ ਜਿੱਥੇ ਪਾਣੀ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ ਉੱਥੇ ਹੀ ਮੁਨਾਫੇਖੋਰਾਂ ਵੱਲੋਂ ਪਾਣੀ ਨੂੰ ਕੈਮੀਕਲਾਂ ਰਾਹੀਂ ਪਲੀਤ ਕਰਨ ਦਾ ਕੰਮ ਵੀ ਚਰਮ ਸੀਮਾ 'ਤੇ ਹੈ। ਇਸ ਸਾਰੇ ਵਰਤਾਰੇ ਦੌਰਾਨ ਬਹੁਤ ਸਾਰੇ ਪਿੰਡਾਂ ਦੇ ਲੋਕ ਕੈਮੀਕਲ ਭਰਪੂਰ ਪਾਣੀ ਪੀਣ ਲਈ ਮਜਬੂਰ ਹਨ ਜਿਸ ਦੇ ਨਾਲ ਸਮਾਜ ਬਿਮਾਰੀਆਂ ਦੀ ਜਕੜ ਵਿੱਚ ਆ ਰਿਹਾ ਹੈ। ਕੁਝ ਵਰ੍ਹੇ ਪਹਿਲਾਂ ਘਰਾਂ ਦੇ ਅੰਦਰ ਕਰੀਬ 150 ਤੋਂ ਲੈ ਕੇ 200 ਫੁੱਟ ਤੱਕ ਕੀਤੇ ਜਾਂਦੇ ਬੋਰਾਂ ਵਿੱਚੋਂ ਪਾਣੀ ਬਹੁਤ ਵਧੀਆ ਤੱਤ ਭਰਪੂਰ ਆਉਂਦਾ ਸੀ ਪਰ ਹੁਣ ਹਾਲਾਤ ਇੰਨੇ ਭਿਆਨਕ ਹੋ ਚੁੱਕੇ ਹਨ ਕਿ ਉਹ ਮਿੱਠਾ ਪਾਣੀ ਹੁਣ 400 ਫੁੱਟ ਤੋਂ ਬਾਅਦ ਜਾ ਕੇ ਵੀ ਨਸੀਬ ਨਹੀਂ ਹੋ ਰਿਹਾ। ਹਾਲਾਤ ਭਾਵੇਂ ਬਹੁਤ ਖਤਰਨਾਕ ਦਿਸਾ ਵੱਲ ਜਾ ਰਹੇ ਹਨ ਪਰ ਅਸੀਂ ਪਾਣੀ ਦੀ ਸੰਭਾਲ ਪ੍ਰਤੀ ਕੋਈ ਵੀ ਠੋਸ ਨੀਤੀ ਨਹੀਂ ਅਪਣਾ ਰਹੇ।

ਸੂਬਾ ਸਰਕਾਰ ਵੱਲੋਂ ਪੰਜਾਬ ਅੰਦਰ ਝੋਨੇ ਦੀ ਲਵਾਈ ਨੂੰ 3 ਜੋਨਾਂ ਵਿੱਚ ਵੰਡ ਕੇ 1 ਜੂਨ ਤੋਂ ਲਵਾਈ ਸ਼ੁਰੂ ਕਰਨ ਦੇ ਐਲਾਨ ਤੋਂ ਬਾਅਦ ਕਿਸਾਨਾਂ ਦੇ ਵੱਡੇ ਹਿੱਸੇ ਵੱਲੋਂ ਪੂਸਾ 44 'ਤੇ ਪਾਬੰਦੀ ਦੇ ਬਾਵਜੂਦ ਪੂਸਾ 44 ਝੋਨੇ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਮੱਕੀ ਦੀ ਫਸਲ ਵੀ ਪੰਜਾਬ ਦੇ ਪਾਣੀ ਨੂੰ ਖਤਮ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਇਹ ਵੀ ਪੰਜਾਬ ਦੇ ਹਿੱਤ ਵਿੱਚ ਨਹੀਂ। ਉਸ ਤੋਂ ਬਾਅਦ ਬਹੁਤ ਸਾਰੇ ਸੱਜਣਾਂ ਵੱਲੋਂ ਧਰਤੀ ਨੂੰ ਠੰਡਾ ਕਰਨ ਦੇ ਮਕਸਦ ਹੇਠ ਖੁੱਲ੍ਹੇਆਮ ਬੇ-ਰਹਿਮੀ ਨਾਲ ਖੇਤਾਂ ਦੇ ਅੰਦਰ ਛੱਡਿਆ ਜਾ ਰਿਹਾ ਪਾਣੀ ਵੀ ਸਾਡੇ ਜੜ੍ਹੀ ਬੈਠ ਰਿਹਾ ਹੈ। ਇੱਕ ਪਾਸੇ ਧਰਤੀ ਹੇਠਲੇ ਪਾਣੀ ਦੇ ਡੂੰਘਾ ਹੋ ਜਾਣ ਦੀ ਦੁਹਾਈ ਦੇ ਰਹੇ ਹਾਂ ਅਤੇ ਦੂਜੇ ਪਾਸੇ ਉਸ ਦੀ ਅੰਨ੍ਹੇਵਾਹ ਦੁਰਵਰਤੋ ਕੀਤੀ ਜਾ ਰਹੀ ਹੈ। ਚੰਗਾ ਹੋਵੇ ਜੇਕਰ ਘੱਟ ਸਮੇਂ ਵਿੱਚ ਪੱਕਣ ਵਾਲੇ ਝੋਨੇ ਦੇ ਬੀਜ ਬੀਜੇ ਜਾਣ, ਫੈਕਟਰੀਆਂ ਅੰਦਰ ਹੋ ਰਹੇ ਪਾਣੀ ਦੀ ਦੁਰਵਰਤੋ ਨੂੰ ਸਖਤੀ ਨਾਲ ਰੋਕਿਆ ਜਾਵੇ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਨਿਰਭਰਤਾ ਵਧਾਉਣ ਤੋਂ ਇਲਾਵਾ ਹਰ ਇੱਕ ਉਸ ਗੱਲ 'ਤੇ ਪਾਬੰਦੀ ਲੱਗੇ ਜਿਸ ਨਾਲ ਪਾਣੀ ਦੀ ਦੁਰਵਰਤੋਂ ਹੁੰਦੀ ਹੈ। ਜੇਕਰ ਅਸੀਂ ਅੱਜ ਵੀ ਨਾ ਸੰਭਲੇ ਤਾਂ ਸਾਡੀ 'ਜਰਖੇਜ ਧਰਤੀ' ਦਾ ਹਾਲ ਵੀ ਮਹਿਜ ਕੁਝ ਸਮੇਂ ਤੱਕ ਮੱਧ ਪ੍ਰਦੇਸ ਅਤੇ ਰਾਜਸਥਾਨ ਦੇ 'ਖ਼ੂਨੀ ਟਿੱਬਿਆਂ' ਵਰਗਾ ਹੋ ਜਾਵੇਗਾ।



ਮਨਜਿੰਦਰ ਸਿੰਘ ਸਰੌਦ

# ਕੋਵਿਡ ਕੇਸਾਂ ’ਚ ਵਾਧਾ



ਪਿਛਲੇ ਹਫ਼ਤੇ ਭਾਰਤ ਵਿੱਚ ਕੋਵਿਡ-19 ਦੇ ਕੇਸਾਂ ’ਚ 1200 ਪ੍ਰਤੀਸ਼ਤ ਦਾ ਅਚਾਨਕ ਵਾਧਾ (ਸਿਰਫ਼ 257 ਤੋਂ ਵਧ ਕੇ 3395 ਹੋਏ ਐਕਟਿਵ ਕੇਸ ਅਤੇ ਇਸ ਸਮੇਂ ਦੌਰਾਨ ਹੋਈ ਕੁਝ ਮਰੀਜ਼ਾਂ ਦੀ ਮੌਤ) ਸਰਸਰੀ ਜਿਹੀ ਨਜ਼ਰ ਨਾਲੋਂ ਕਿਤੇ ਵੱਧ ਧਿਆਨ ਮੰਗਦੀ ਹੈ। ਭਾਰਤੀ ਮੈਡੀਕਲ ਖੋਜ ਕੌਂਸਲ (ਆਈਸੀਐੱਮਆਰ) ਅਤੇ ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਭਾਵੇਂ ਜ਼ੋਰ ਦਿੰਦੇ ਹਨ ਕਿ ਓਮੀਕਰੋਨ ਦੇ ਸਰੂਪ ਐੱਲਐੱਫ.7, ਐਕਸਐੱਫਜੀ, ਜੇਐੱਨ.1 ਅਤੇ ਐੱਨਬੀ.1.8.1 ਦੀ ਮੌਜੂਦਾ ਲਹਿਰ ਜ਼ਿਆਦਾਤਰ ਸ਼ਕਤੀਸ਼ਾਲੀ ਨਹੀਂ ਹੁੰਦੀ ਪਰ ਕੇਰਲ, ਮਹਾਰਾਸ਼ਟਰ ਅਤੇ ਦਿੱਲੀ ਵਿੱਚ ਵਾਧੇ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਭਰੋਸੇ ਦੇ ਬਾਵਜੂਦ ਤਜਰਬੇ ਨੇ ਸਾਨੂੰ ਪਹਿਲਾਂ ਸਿਖਾਇਆ ਹੈ ਕਿ ਸ਼ੁਰੂਆਤੀ ਸੰਕੇਤਾਂ ਨੂੰ ਅਣਗੌਲਿਆਂ ਕਰਨ ਦੀ ਕੀ ਕੀਮਤ ਭੁਗਤਣੀ ਪੈਂਦੀ ਹੈ। ਲਾਗ ਤੇਜ਼ੀ ਨਾਲ ਵਧ ਜਾਂਦੀ ਹੈ ਤੇ ਕਈ ਵਾਰ ਬੇਕਾਬੂ ਹੋ ਜਾਂਦੀ ਹੈ। ਇਸ ਲਈ ਸਾਵਧਾਨੀ ਨਾਲ ਅਗਾਊਂ ਕਾਰਵਾਈ ਜ਼ਰੂਰੀ ਹੈ ਕਿਉਂਕਿ ਹਲਕੇ ਲੱਛਣ ਗੰਭੀਰ ਬਿਮਾਰੀ ਵਿੱਚ ਬਦਲ ਸਕਦੇ ਹਨ। ਰੋਗ ਨਾਲ ਲੜਨ ਦੀ ਸ਼ਕਤੀ ਘਟ ਸਕਦੀ ਹੈ ਤੇ ਸਿਹਤ ਸੰਭਾਲ ਵੀ ਖ਼ਾਸ ਕਰ ਕੇ ਦਿਹਾਤੀ ਇਲਾਕਿਆਂ ਵਿੱਚ ਕਮਜ਼ੋਰ ਹੈ। ਹਾਲਾਂਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਪਰ ਲੋਕਾਂ ਦੇ ਮਨਾਂ ’ਚ ਇਸ ਵੇਲੇ ਜਿਹੜੀ ਅਣਗਹਿਲੀ ਘਰ ਕਰ ਗਈ ਹੈ (ਮਾਸਕ ਪਹਿਨਣਾ ਤੇ ਟੈਸਟਿੰਗ ਨੂੰ ਲਗਭਗ ਭੁੱਲਣਾ), ਉਹ ਜੋਖ਼ਿਮ ਭਰਪੂਰ ਹੈ।

ਜਿਹੜੀ ਗੱਲ ਭਰੋਸਾ ਦੇਣ ਵਾਲੀ ਹੈ, ਉਹ ਇਹ ਹੈ ਕਿ ਆਈਸੀਐੱਮਆਰ ਅਤੇ ਡਬਲਿਊਐੱਚਓ, ਦੋਵਾਂ ਨੇ ਹੀ ਇਹ ਪੁਸ਼ਟੀ ਕੀਤੀ ਹੈ ਕਿ ਮੌਜੂਦਾ ਵੈਕਸੀਨ ਨਵੇਂ ਸਰੂਪਾਂ ਵਿਰੁੱਧ ਅਸਰਦਾਰ ਹਨ। ਖ਼ਾਸ ਤੌਰ ’ਤੇ ਡਬਲਿਊਐੱਚਓ ਨੇ ਇਹ ਦੇਖਦੇ ਹੋਏ ਕਿ ਮੌਜੂਦਾ ਅੰਕੜੇ ਅਜੇ ਲਾਗ ਦੀ ਵਧੀ ਹੋਈ ਗੰਭੀਰਤਾ ਨੂੰ ਨਹੀਂ ਦਰਸਾਉਂਦੇ, ਐੱਲਐੱਫ.7 ਅਤੇ ਐੱਨਬੀ.1.8.1 ਨੂੰ ‘ਨਿਗਰਾਨੀ ਅਧੀਨ ਵੇਰੀਐਂਟ’ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਲੋਕਾਂ ਦੇ ਸਹਿਯੋਗ ਤੋਂ ਬਿਨਾਂ ਵਿਗਿਆਨ ਸਿਰਫ਼ ਐਨਾ ਹੀ ਕਰਨ ਦੇ ਸਮਰੱਥ ਹੈ। ਹੁੰਗਾਰਾ ਹੁਣ ਏਕੀਕ੍ਰਿਤ ਰੋਗ ਨਿਗਰਾਨੀ ਪ੍ਰੋਗਰਾਮ ਅਧੀਨ ਨਿਗਰਾਨੀ ਵਧਾਉਣ, ਜੀਨੋਮ-ਸੀਕੁਐਂਸਿੰਗ ਤੇਜ਼ ਕਰਨ ਅਤੇ ਟੈਸਟਿੰਗ ਨੂੰ ਦੁਬਾਰਾ ਪਹੁੰਚਯੋਗ ਬਣਾਉਣ ’ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਪੰਜਾਬ ਦਾ ਟੈਸਟਿੰਗ ਵਧਾਉਣ ਦਾ ਫ਼ੈਸਲਾ ਸਵਾਗਤ ਵਾਲਾ ਕਦਮ ਹੈ, ਕਿਉਂਕਿ ਪਿਛਲੇ ਰੁਝਾਨ ਦੱਸਦੇ ਹਨ ਕਿ ਦਿੱਲੀ ਵਿੱਚ ਵਾਧਾ ਅਕਸਰ ਗੁਆਂਢੀ ਖੇਤਰਾਂ ਵਿੱਚ ਵਾਧੇ ਤੋਂ ਪਹਿਲਾਂ ਹੁੰਦਾ ਹੈ। ਦੂਜੇ ਰਾਜਾਂ ਨੂੰ ਵੀ ਕੇਸਾਂ ਦੀ ਗਿਣਤੀ ਵਧਣ ਦੀ ਉਡੀਕ ਕਰਨ ਦੀ ਬਜਾਏ ਇਹੀ ਪਹੁੰਚ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਟੈਸਟਿੰਗ ਵਿੱਚ ਵਾਧਾ ਕਰਨਾ ਚਾਹੀਦਾ ਹੈ ਤਾਂ ਕਿ ਰੋਗ ਨੂੰ ਫੈਲਣ ਤੋਂ ਪਹਿਲਾਂ ਹੀ ਕਾਬੂ ਕੀਤਾ ਜਾ ਸਕੇ।

ਇਹ ਚੇਤੇ ਰੱਖਣ ਦੀ ਲੋੜ ਹੈ ਕਿ ਚੌਕਸੀ ਡਰਾਉਣ ਵਾਲੀ ਨਹੀਂ ਹੋਣੀ ਚਾਹੀਦੀ, ਪਰ ਵਾਧੇ ਦੇ ਮੱਦੇਨਜ਼ਰ ਚੁੱਪ ਧਾਰਨਾ ਵੀ ਲਾਪਰਵਾਹੀ ਹੈ। ਜੇਕਰ ਭਾਰਤ ਫ਼ੌਰੀ ਕਾਰਵਾਈ ਕਰਦਾ ਹੈ ਤਾਂ ਇਸ ਕੋਲ ਕੋਵਿਡ ਨਾਲ ਨਜਿੱਠਣ ਲਈ ਵਧੇਰੇ ਸਮਾਂ ਹੋਵੇਗਾ। ਯਾਦ ਰੱਖੀਏ ਕਿ ਮਾਸਕ, ਟੈਸਟ ਅਤੇ ਵੈਕਸੀਨ ਅਜੇ ਵੀ ਸਾਡੀ ਸਭ ਤੋਂ ਮਜ਼ਬੂਤ ਢਾਲ ਹਨ।

# ਅਪਰੇਸ਼ਨ ਸਿੰਧੂਰ



ਚੀਫ ਆਫ ਡਿਫੈਂਸ ਸਟਾਫ (ਸੀਡੀਐੱਸ) ਜਨਰਲ ਅਨਿਲ ਚੌਹਾਨ ਨੇ ਸੰਕੇਤ ਕੀਤਾ ਹੈ ਕਿ ਅਪਰੇਸ਼ਨ ਸਿੰਧੂਰ ਕੋਈ ਤਰੁੱਟੀਹੀਣ, ਸਹਿਜ ਕਾਰਵਾਈ ਨਹੀਂ ਸੀ। ਭਾਰਤ ਨੂੰ ਹਵਾਈ ਜਹਾਜ਼ਾਂ ਦਾ ਨੁਕਸਾਨ ਹੋਇਆ। ਇਹ ਅਜਿਹਾ ਤੱਥ ਹੈ ਜਿਸ ਬਾਰੇ ਕਿਸੇ ਸਵਾਲ ਦਾ ਜਵਾਬ ਦੇਣ ਤੋਂ ਦੇਸ਼ ਦੀ ਸਿਆਸੀ ਲੀਡਰਸ਼ਿਪ ਟਾਲ-ਮਟੋਲ ਕਰਦੀ ਰਹੀ ਹੈ। ਜਨਰਲ ਅਨਿਲ ਚੌਹਾਨ ਅਨੁਸਾਰ, “ਅਸੀਂ ਰਣਨੀਤਕ ਗ਼ਲਤੀਆਂ ਨੂੰ ਸਮਝਣ” ਅਤੇ ਤੇਜ਼ੀ ਨਾਲ ਸੁਧਾਰ ਕਰਨ ਦੇ ਯੋਗ ਹੋਏ ਹਾਂ। ਉਨ੍ਹਾਂ ਦਾ ਇਹ ਇਮਾਨਦਾਰ ਇਕਬਾਲ ਅਪਰੇਸ਼ਨ ਸਿੰਧੂਰ ਦੀ ਸਫਲਤਾ ਨੂੰ ਕਿਸੇ ਵੀ ਤਰ੍ਹਾਂ ਘੱਟ ਨਹੀਂ ਕਰਦਾ; ਅਸਲ ਵਿੱਚ ਇਹ ਦਰਸਾਉਂਦਾ ਹੈ ਕਿ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਸ਼ੁਰੂਆਤੀ ਉਲਝਣ ਤੋਂ ਬਿਲਕੁਲ ਵੀ ਨਹੀਂ ਘਬਰਾਈਆਂ, ਬਲਕਿ ਉਹ ਪਾਕਿਸਤਾਨੀ ਇਲਾਕੇ ਦੇ ਧੁਰ ਅੰਦਰ ਗਹਿਰੀ ਸੱਟ ਮਾਰਨ ਅਤੇ ਨੁਕਸਾਨ ਕਰਨ ਲਈ ਝੱਟ ਮੁੜ ਤਕੜੀਆਂ ਹੋ ਗਈਆਂ। ਜਨਰਲ ਚੌਹਾਨ ਨੇ ਇਹ ਦੱਸਣ ਤੋਂ ਤਾਂ ਗੁਰੇਜ਼ ਕੀਤਾ ਹੈ ਕਿ ਕਿੰਨੇ ਭਾਰਤੀ ਜਹਾਜ਼ ਡੇਗੇ ਗਏ ਸਨ, ਉਂਝ ਉਨ੍ਹਾਂ ਪਾਕਿਸਤਾਨ ਦੇ ਉਸ ਦਾਅਵੇ ਨੂੰ ‘ਬਿਲਕੁਲ ਗ਼ਲਤ’ ਦੱਸਿਆ ਕਿ ਭਾਰਤ ਦੇ ਛੇ ਜਹਾਜ਼ ਸੁੱਟੇ ਗਏ ਸਨ। ਪਾਕਿਸਤਾਨ ਨੇ ਪਹਿਲਾਂ ਭਾਰਤ ਦੇ ਕਈ ਜਹਾਜ਼ ਸੁੱਟਣ ਦਾ ਦਾਅਵਾ ਕੀਤਾ ਸੀ।

ਵਿਰੋਧੀ ਧਿਰ, ਖ਼ਾਸ ਕਰ ਕੇ ਕਾਂਗਰਸ, ਸਰਕਾਰ ਨੂੰ ਵਿਵਾਦ ਵਾਲੇ ਇਸ ਮੁੱਦੇ ’ਤੇ ਸਥਿਤੀ ਸਪੱਸ਼ਟ ਕਰਨ ਦੀ ਲਗਾਤਾਰ ਅਪੀਲ ਕਰਦੀ ਰਹੀ ਹੈ, ਪਰ ਕੋਈ ਫ਼ਾਇਦਾ ਨਹੀਂ ਹੋਇਆ। ਲੰਘੀ 11 ਮਈ ਨੂੰ ਇੱਕ ਮੀਡੀਆ ਕਾਨਫਰੰਸ ਵਿੱਚ ਗੋਲੀਬੰਦੀ ਦੇ ਐਲਾਨ ਤੋਂ ਇੱਕ ਦਿਨ ਬਾਅਦ, ਭਾਰਤੀ ਹਵਾਈ ਸੈਨਾ ਦੇ ਏਅਰ ਅਪਰੇਸ਼ਨ ਦੇ ਡਾਇਰੈਕਟਰ ਜਨਰਲ, ਏਅਰ ਮਾਰਸ਼ਲ ਏ ਕੇ ਭਾਰਤੀ ਨੇ ਸਵੀਕਾਰ ਕੀਤਾ ਸੀ ਕਿ “ਨੁਕਸਾਨ ਕਿਸੇ ਵੀ ਲੜਾਈ ਦਾ ਹਿੱਸਾ ਹੁੰਦਾ ਹੈ” ਅਤੇ ਭਾਰਤੀ ਹਵਾਈ ਸੈਨਾ ਦੇ ਸਾਰੇ ਪਾਇਲਟ ਸੁਰੱਖਿਅਤ ਘਰ ਪਰਤ ਆਏ ਹਨ। ਉਂਝ, ਉਨ੍ਹਾਂ ਨੇ ਇਸ ਗੱਲ ਨੂੰ ਅੱਗੇ ਨਹੀਂ ਵਧਾਇਆ ਅਤੇ ਉੱਥੇ ਹੀ ਛੱਡ ਦਿੱਤਾ ਅਤੇ ਇਸ ਤਰ੍ਹਾਂ ਜਾਣਕਾਰੀ ’ਤੇ ਪਰਦਾ ਕਾਇਮ ਰੱਖਿਆ। ਇਹ ਸਪੱਸ਼ਟ ਹੈ ਕਿ ਸਰਕਾਰ ਇਨ੍ਹਾਂ ਵੇਰਵਿਆਂ ਨੂੰ ਜਨਤਕ ਕਰਨ ਦੀ ਇਛੁੱਕ ਨਹੀਂ ਹੈ, ਸ਼ਾਇਦ ਇਸ ਡਰੋਂ ਕਿ ਇਹ ਪਹਿਲਗਾਮ ਅਤਿਵਾਦੀ ਹਮਲੇ ਖ਼ਿਲਾਫ਼ ਭਾਰਤ ਦੇ ਜ਼ੋਰਦਾਰ ਜਵਾਬ ਦੀ ਚਮਕ ਨੂੰ ਫਿੱਕਾ ਕਰ ਦੇਵੇਗਾ। ਇਸ ਲਈ ਸਰਕਾਰ ਖੁੱਲ੍ਹ ਕੇ ਜਾਣਕਾਰੀ ਦੇਣ ਤੋਂ ਗੁਰੇਜ਼ ਕਰ ਰਹੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਦਲੀਲ ’ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੈ ਕਿ ਅਪਰੇਸ਼ਨ ਸਿੰਧੂਰ ਦੇਸ਼ ਦੇ ਇਤਿਹਾਸ ਦਾ ਸਭ ਤੋਂ ਵੱਡਾ ਤੇ ਸਭ ਤੋਂ ਸਫਲ ਅਤਿਵਾਦ ਵਿਰੋਧੀ ਅਪਰੇਸ਼ਨ ਹੈ; ਹਾਲਾਂਕਿ, ਕਿਸੇ ਅਸਹਿਜ ਸਚਾਈ ਨੂੰ ਦਬਾਉਣਾ ਪਾਰਦਰਸ਼ਤਾ ਬਾਰੇ ਸਵਾਲ ਖੜ੍ਹੇ ਕਰਦਾ ਹੈ ਤੇ ਚਿੰਤਤ ਕਰਨ ਵਾਲਾ ਵੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਦੇਸ਼ ਨੂੰ ਹੋਏ ਨੁਕਸਾਨ ਬਾਰੇ ਸਪੱਸ਼ਟ ਸ਼ਬਦਾਂ ਵਿੱਚ ਦੱਸੇ ਤੇ ਇਹ ਪਤਾ ਲਾਉਣ ਲਈ ਜਾਂਚ ਕਮੇਟੀ ਬਣਨੀ ਚਾਹੀਦੀ ਹੈ ਕਿ ਕਿਵੇਂ ਤੇ ਕਿਉਂ ਚੀਜ਼ਾਂ ਗ਼ਲਤ ਹੋਈਆਂ। ਇਹ ਯਕੀਨੀ ਤੌਰ ’ਤੇ ਹਥਿਆਰਬੰਦ ਸੈਨਾਵਾਂ ਦੇ ਸਬਕ ਸਿੱਖਣ ਅਤੇ ਦੁਬਾਰਾ ਅਜਿਹਾ ਹੋਣ ਤੋਂ ਰੋਕਣ ਦੇ ਕੰਮ ਆਵੇਗਾ।

# ਰੋਜ਼ ਸਾਈਕਲ ਚਲਾਓ, ਰੋਗਾਂ ਨੂੰ ਦੂਰ ਭਜਾਓ



ਅੱਜ-ਕੱਲ੍ਹ ਭਾਵੇਂ ਆਵਾਜਾਈ ਦੇ ਅਨੇਕ ਸਾਧਨ ਉਪਲਬਧ ਹਨ ਪਰ ਸਾਈਕਲ ਵਰਗਾ ਪੁਰਾਣਾ ਤੇ ਪ੍ਰਭਾਵਸਾਲੀ ਸਾਧਨ ਅਜੇ ਵੀ ਆਪਣੀ ਅਹਿਮੀਅਤ ਕਾਇਮ ਰੱਖ ਰਿਹਾ ਹੈ। ਇਹ ਨਾ ਸਿਰਫ ਸਭ ਤੋਂ ਸਸਤਾ ਵਾਹਨ ਹੈ, ਸਗੋਂ ਵਾਤਾਵਰਨ-ਮਿੱਤਰ ਅਤੇ ਸਿਹਤਮੰਦ ਜੀਵਨ ਦੀ ਕੁੰਜੀ ਵੀ ਹੈ।

ਸਾਈਕਲ ਇਕ ਅਜਿਹਾ ਵਾਹਨ ਹੈ ਜੋ ਪ੍ਰਦੂਸਣ ਤੋਂ ਰਹਿਤ ਹੈ। ਇਸ ਦੀ ਵਰਤੋਂ ਨਾਲ ਨਾ ਸਿਰਫ ਥੋੜ੍ਹਾ ਜਿਹਾ ਭਾਰ ਢੋਇਆ ਜਾ ਸਕਦਾ ਹੈ ਸਗੋਂ ਇਸ ਨਾਲ ਸਾਡੀ ਸਰੀਰਕ ਕਸਰਤ ਵੀ ਹੁੰਦੀ ਹੈ। ਅਜੋਕੇ ਦੌਰ ’ਚ ਮੋਟਰ-ਗੱਡੀਆਂ ਜਿੱਥੇ ਸਾਡੇ ਸਮੇਂ ਦੀ ਬੱਚਤ ਕਰ ਰਹੀਆਂ ਹਨ, ਉੱਥੇ ਹੀ ਇਨ੍ਹਾਂ ਨੇ ਸਾਡੀ ਸਰੀਰਕ ਸਰਗਰਮੀ ਨੂੰ ਵੀ ਘੱਟ ਕਰ ਦਿੱਤਾ ਹੈ। ਇਸ ਦਾ ਨਤੀਜਾ ਮੋਟਾਪਾ, ਹਾਈ ਬਲੱਡ ਪ੍ਰੈਸਰ, ਸੂਗਰ ਤੇ ਹੋਰ ਕਈ ਬਿਮਾਰੀਆਂ ਦੇ ਰੂਪ ਵਿਚ ਵੇਖਣ ਨੂੰ ਮਿਲ ਰਿਹਾ ਹੈ।

ਜੇ ਅਸੀਂ ਥੋੜ੍ਹਾ ਜਿਹਾ ਸਮਾਂ ਕੱਢ ਕੇ ਵੀ ਸਾਈਕਲ ਚਲਾਈਏ ਤਾਂ ਇਨ੍ਹਾਂ ਸਾਰੀਆਂ ਸਮੱਸਿਆਵਾਂ ਤੋਂ ਬਚਾਅ ਹੋ ਸਕਦਾ ਹੈ। ਅੱਜ-ਕੱਲ੍ਹ ਮਨੁੱਖ ਮੰਜਿਲ ਤੱਕ ਛੇਤੀ ਪੁੱਜਣ ਦੀ ਦੌੜ ’ਚ ਵਿਖਾਵੇ ਵਾਲੀ ਜਿੰਦਗੀ ਜਿਉਣ ਲੱਗ ਪਿਆ ਹੈ। ਵਿਅਰਥ ਦੀ ਸਾਨੋ-ਸੌਕਤ ਵਾਸਤੇ ਅਸੀਂ ਇਕੱਲੇ ਹੋਣ ਦੇ ਬਾਵਜੂਦ ਕਾਰਾਂ ਚਲਾ ਰਹੇ ਹਾਂ ਜਿਸ ਨਾਲ ਨਾ ਸਿਰਫ ਆਰਥਿਕ ਬੋਝ ਵਧ ਰਿਹਾ ਹੈ ਸਗੋਂ ਪ੍ਰਦੂਸਣ ਤੇ ਟਰੈਫਿਕ ਜਾਮ ਵੀ ਵਧ ਰਹੇ ਹਨ।

ਜਦੋਂ ਸਾਨੂੰ ਡਾਕਟਰ ਸਲਾਹ ਦਿੰਦੇ ਹਨ ਕਿ ਸਵੇਰੇ ਸਾਈਕਲ ਚਲਾਇਆ ਕਰੋ ਤਾਂ ਅਸੀਂ ਜਿਮ ’ਚ ਜਾ ਕੇ ਬਣਾਉਟੀ ਸਾਈਕਲਾਂ ’ਤੇ ਪੈਸਾ ਖਰਚ ਕਰਦੇ ਹਾਂ। ਕੀ ਉਹੀ ਕਸਰਤ ਅਸੀਂ ਕੁਦਰਤੀ ਹਵਾ ਖਾਂਦੇ ਹੋਏ ਮੁਫਤ ’ਚ ਸੜਕਾਂ ’ਤੇ ਨਹੀਂ ਕਰ ਸਕਦੇ। ਅਸੀਂ ਅਕਸਰ ਬਜ਼ੁਰਗਾਂ ਨੂੰ ਵੇਖਦੇ ਹਾਂ ਜੋ ਅੱਜ ਵੀ ਅੱਸੀ-ਅੱਸੀ ਸਾਲ ਦੀ ਉਮਰ ਵਿਚ ਸਾਈਕਲ ਚਲਾ ਰਹੇ ਹਨ ਤੇ ਸਿਹਤਮੰਦ ਜੀਵਨ ਗੁਜਾਰ ਰਹੇ ਹਨ।

ਉਹ ਮੰਨਦੇ ਹਨ ਕਿ ਸਾਈਕਲ ਉਨ੍ਹਾਂ ਲਈ ਕੋਈ ਸਾਧਾਰਨ ਵਾਹਨ ਨਹੀਂ ਸਗੋਂ ਸੰਜੀਵਨੀ ਬੂਟੀ ਹੈ। ਜੇ ਗੱਲ ਪੁਰਾਣੇ ਸਮਿਆਂ ਦੀ ਕਰੀਏ ਤਾਂ ਸਾਈਕਲ ਕਿਸੇ ਸਮੇਂ ਆਵਾਜਾਈ ਦਾ ਮੁੱਖ ਸਾਧਨ ਹੁੰਦਾ ਸੀ। ਵਿਦਿਆਰਥੀ, ਕਿਸਾਨ, ਮਜਦੂਰ ਜਾਂ ਕਹਿ ਲਓ ਕਿ ਹਰ ਵਰਗ ਦਾ ਵਿਅਕਤੀ ਸਾਈਕਲ ਚਲਾਉਂਦਾ ਸੀ।

ਇਹ ਗਰੀਬ ਦਾ ਸਾਥੀ ਤੇ ਮੱਧ ਵਰਗ ਦੀ ਸਾਨ ਸੀ। ਉਨ੍ਹਾਂ ਸਮਿਆਂ ’ਚ ਜਦੋਂ ਵਿਆਹ-ਸਾਦੀਆਂ ਹੁੰਦੀਆਂ ਸਨ ਤਾਂ ਜਵਾਈ ਨੂੰ ਤੋਹਫੇ ਵਜੋਂ ਸਾਈਕਲ ਦਿੱਤੀ ਜਾਂਦੀ ਸੀ ਤੇ ਉਹ ਵੀ ਟੌਹਰ ਨਾਲ ਆਪਣੇ ਸੁਹਰੇ-ਘਰ ਸਾਈਕਲ ’ਤੇ ਜਾਂਦਾ ਹੁੰਦਾ ਸੀ। ਸਾਈਕਲ ਦੇ ਵਧਦੇ ਮਹੱਤਵ ਨੂੰ ਵੇਖਦਿਆਂ ਹੀ ਹਰ ਸਾਲ 3 ਜੂਨ ਨੂੰ ਵਿਸਵ ਸਾਈਕਲ ਦਿਵਸ ਮਨਾਇਆ ਜਾਂਦਾ ਹੈ।

ਇਸ ਦਿਵਸ ਦਾ ਮਕਸਦ ਲੋਕਾਂ ਵਿਚ ਸਾਈਕਲ ਦੀ ਉਪਯੋਗਿਤਾ, ਸਿਹਤ ਤੇ ਵਾਤਾਵਰਨ ਨਾਲ ਇਸ ਦੇ ਸਬੰਧ ਅਤੇ ਆਰਥਿਕ ਲਾਭਾਂ ਬਾਰੇ ਜਾਗਰੂਕਤਾ ਫੈਲਾਉਣਾ ਹੈ। ਕਈ ਸਥਾਨਾਂ ’ਤੇ ਇਸ ਦਿਨ ਸਾਈਕਲ ਰੈਲੀਆਂ, ਰੇਸਾਂ ਤੇ ਵਿਸੇਸ ਪ੍ਰੋਗਰਾਮ ਕਰਵਾਏ ਜਾਂਦੇ ਹਨ ਜੋ ਲੋਕਾਂ ਨੂੰ ਸਾਈਕਲਿੰਗ ਵੱਲ ਉਤਸਾਹਤ ਕਰਦੇ ਹਨ।

ਬਲਦੇਵ ਸਿੰਘ ਬੇਦੀ

# ਮਿਜ਼ੋਰਮ 'ਚ ਸੈਨਿਕਾਂ ਲਈ ਸ਼ਾਂਤੀ ਪ੍ਰਾਰਥਨਾਵਾਂ

ਪੱਛਮੀ ਮੋਰਚੇ 'ਤੇ ਥੋੜ੍ਹੀ ਦੇਰ ਲਈ ਛਿੜੇ ਟਕਰਾਅ ਦਾ ਜਦੋਂ ਅਚਨਚੇਤ ਅੰਤ ਹੋ ਗਿਆ ਹੈ ਤਾਂ ਇਸ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਮਿਆਂਮਾਰ ਦੀ ਸਰਹੱਦ ਨਾਲ ਲਗਦੇ ਮਿਜ਼ੋਰਮ 'ਚ ਗਿਰਜਾਘਰਾਂ, ਮੰਦਿਰਾਂ ਤੇ ਮਸਜਿਦਾਂ 'ਚ ਸ਼ਾਂਤੀ, ਭਾਰਤੀ ਸੈਨਿਕਾਂ ਤੇ ਇਸ ਦੇ ਨਾਗਰਿਕਾਂ ਦੀ ਸਲਾਮਤੀ ਲਈ ਪ੍ਰਾਰਥਨਾਵਾਂ ਕੀਤੀਆਂ ਗਈਆਂ। ਇਨ੍ਹਾਂ ਸਮਾਗਮਾਂ ਦਾ ਜ਼ਿਕਰ ਅਗਲੇ ਦਿਨ ਮੁਕਾਮੀ ਮੀਡੀਆ ਵਿੱਚ ਕੀਤਾ ਗਿਆ; ਦੇਸ਼ ਦੇ ਹੋਰਨਾਂ ਥਾਵਾਂ ਅਤੇ ਮਹਾਨਗਰੀ ਮੀਡੀਆ ਵਿੱਚ ਇਸ ਦਾ ਉੱਕਾ ਜ਼ਿਕਰ ਨਹੀਂ ਹੋਇਆ।

ਮਿਜ਼ੋਰਮ ਸਰਕਾਰ ਦੇ ਇੱਕ ਅਧਿਕਾਰੀ ਮੁਤਾਬਿਕ, ਗਿਰਜਾਘਰਾਂ ਦੇ ਸਾਰੇ ਮੈਂਬਰਾਂ, ਮੰਦਿਰਾਂ ਤੇ ਮਸਜਿਦਾਂ ਦੇ ਸਾਰੇ ਸ਼ਰਧਾਵਾਨਾਂ ਨੇ ਮਿਜ਼ੋਰਮ ਵਿੱਚ ਪ੍ਰਾਰਥਨਾ ਸਭਾਵਾਂ ਕੀਤੀਆਂ ਅਤੇ ਭਾਰਤੀ ਹਥਿਆਰਬੰਦ ਬਲਾਂ ਦੀ ਸਫਲਤਾ ਤੇ ਸਰਬਪੱਖੀ ਭਲਾਈ ਦੀ ਕਾਮਨਾ ਕੀਤੀ। ਮਿਜ਼ੋ ਇਸਾਈ ਆਪਣੇ ਧਰਮ ਅਤੇ ਚਰਚ ਸੇਵਾਵਾਂ ਨੂੰ ਬਹੁਤ ਸ਼ਰਧਾ ਅਤੇ ਸੰਜੀਦਗੀ ਨਾਲ ਨਿਭਾਉਂਦੇ ਹਨ ਤੇ ਹਰ ਹਫ਼ਤੇ ਹੁੰਦੇ ਤਿੰਨ ਚਾਰ ਸਮਾਗਮਾਂ ਵਿੱਚ ਲੋਕ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦੇ ਹਨ।

ਇਸ ਤਿੰਨ ਰੋਜ਼ਾ ਲੜਾਈ ਦੌਰਾਨ ਮੈਂ ਮਿਜ਼ੋਰਮ ਵਿੱਚ ਹੀ ਸਾਂ; ਇੰਝ ਲੱਗਿਆ, ਜਿਵੇਂ ਮੈਂ ਕਿਤੇ ਹੋਰ ਹੀ ਪਹੁੰਚ ਗਿਆ ਹੋਵਾਂ; ਦੇਸ਼ ਅੰਦਰ ਐਲਾਨੇ ਥੋੜ੍ਹੀ ਦੇਰ ਦੇ ਬਲੈਕਆਊਟ ਤੋਂ ਦੂਰ, ਹਰ ਕਿਤੇ ਸ਼ਾਂਤ ਮਾਹੌਲ, ਲੋਕਾਂ ਦੀਆਂ ਗੱਲਾਂ ਵਿੱਚ ਲੜਾਈ ਦਾ ਜ਼ਿਕਰ ਘੱਟ ਹੀ ਹੁੰਦਾ ਹਾਲਾਂਕਿ ਟੈਲੀਵਿਜ਼ਨ ਤੇ ਆਪਣੇ ਮੋਬਾਈਲ ਫੋਨਾਂ 'ਤੇ ਇਸ ਮੁਤੱਲਕ ਲਗਾਤਾਰ ਜਾਣਕਾਰੀ ਲੈਂਦੇ ਰਹਿੰਦੇ। 10 ਮਈ ਜਿਸ ਦਿਨ ਅਮਰੀਕਾ ਅਤੇ ਉਸ ਤੋਂ ਬਾਅਦ ਪਾਕਿਸਤਾਨ ਤੇ ਭਾਰਤ ਵੱਲੋਂ ਗੋਲੀਬੰਦੀ ਦਾ ਐਲਾਨ ਕੀਤਾ ਗਿਆ, ਤੋਂ ਅਗਲੇ ਦਿਨ ਸੂਬੇ ਦੇ ਕੁਝ ਛੋਟੇ ਅਖ਼ਬਾਰਾਂ ਵਿੱਚ ਮੁੱਖ ਸੁਰਖ਼ੀ ਮੁੱਖ ਮੰਤਰੀ ਵੱਲੋਂ ਸੂਬੇ ਦੀਆਂ ਸਕੂਲ ਪ੍ਰੀਖਿਆਵਾਂ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਦੇ ਸਨਮਾਨ ਬਾਰੇ ਸੀ। ਦੂਜੀ ਸੁਰਖ਼ੀ ਬਾਲ ਮੌਤ ਦਰ ਵਿੱਚ ਸੁਧਾਰ ਬਾਰੇ ਰਿਪੋਰਟ ਦੀ ਸੀ ਜਿਸ ਵਿੱਚ ਮਿਜ਼ੋਰਮ ਸਿੱਕਮ ਅਤੇ ਮਨੀਪੁਰ ਦੇ ਨਾਲ ਭਾਰਤ ਵਿੱਚ ਅੱਗੇ ਗਿਣਿਆ ਜਾਂਦਾ ਸੀ।

ਆਇਜ਼ੌਲ ਤੋਂ ਪ੍ਰਕਾਸ਼ਤ ਹੋਣ ਵਾਲੇ ਚਾਰ ਸਫਿਆਂ ਦੇ ਅੰਗਰੇਜ਼ੀ ਅਖ਼ਬਾਰ 'ਨਿਊਜ਼ਲਿੰਕ' ਦੀ ਕੀਮਤ ਪੰਜ ਰੁਪਏ ਹੈ। ਇਸ ਦੀ ਸੁਰਖ਼ੀ ਅਫਰੀਕਨ ਸਵਾਈਨ ਫਲੂ (ਏਐੱਸਐੱਫ) ਫੈਲਣ ਬਾਰੇ ਸੀ ਜਿਸ ਕਰ ਕੇ ਦਾਅਵਾ ਕੀਤਾ ਗਿਆ ਕਿ ਰਾਜ ਵਿੱਚ ਸੂਰਾਂ ਦੀਆਂ ਮੌਤਾਂ ਹੋ ਰਹੀਆਂ ਹਨ ਤੇ ਇਹ 3800 ਤੋਂ ਵੱਧ ਹੋ ਚੁੱਕੀਆਂ ਹਨ। ਮਿਜ਼ੋਰਮ ਵਿੱਚ ਸੂਰ ਦਾ ਮੀਟ ਕਾਫ਼ੀ ਪਸੰਦ ਕੀਤਾ ਜਾਂਦਾ ਹੈ। ਭਾਰਤ-ਪਾਕਿਸਤਾਨ ਲੜਾਈ ਦੀ ਖ਼ਬਰ ਤੀਜੇ ਪੰਨੇ 'ਤੇ ਲੰਡਨ ਡੇਟਲਾਈਨ ਤੋਂ ਛਾਪੀ ਗਈ ਜਿਸ ਵਿੱਚ ਇਸ ਨੂੰ ਦੋਵਾਂ ਮੁਲਕਾਂ ਵਿਚਕਾਰ ਪਹਿਲੀ ਡਰੋਨ ਲੜਾਈ ਕਰਾਰ ਦਿੱਤਾ ਗਿਆ। ਰਾਜ ਸਰਕਾਰ ਵੱਲੋਂ ਚਰਚ ਦੇ ਡਟਵੇਂ ਵਿਰੋਧ ਦੇ ਬਾਵਜੂਦ ਸ਼ਰਾਬਬੰਦੀ ਐਕਟ ਵਿੱਚ ਸੋਧ, ਜਿਸ ਤਹਿਤ ਸੂਬੇ ਵਿੱਚ ਤਿਆਰ ਕੀਤੀ ਜਾਣ ਵਾਲੀ ਫਰੂਟ



ਬੀਅਰ ਅਤੇ ਫਰੂਟ ਵਾਈਨ ਨੂੰ ਖੁੱਲ੍ਹ ਦਿੱਤੀ ਗਈ ਹੈ, ਬਾਰੇ ਲੇਖ ਵੀ ਛਪੇ। ਇੱਕ ਉੱਘੇ ਅਰਥ ਸ਼ਾਸਤਰੀ ਦਾ ਕਹਿਣਾ ਹੈ ਕਿ 2018 ਵਿੱਚ ਕਾਂਗਰਸ ਦੀ ਹਾਰ ਤੋਂ ਬਾਅਦ ਸ਼ਰਾਬਬੰਦੀ ਮੁੜ ਲਾਗੂ ਕਰਨ ਤੋਂ ਲੈ ਕੇ ਹੁਣ ਤੱਕ ਸੂਬੇ ਨੂੰ ਸਾਲਾਨਾ 60-70 ਕਰੋੜ ਰੁਪਏ ਦੇ ਆਬਕਾਰੀ ਟੈਕਸ ਦਾ ਘਾਟਾ ਪਿਆ ਹੈ। ਹੋਰਨਾਂ ਸੂਬਿਆਂ ਦੇ ਮੁਕਾਬਲੇ ਇਹ ਛੋਟੀ ਰਕਮ ਹੋ ਸਕਦੀ ਹੈ ਪਰ ਭਾਰਤ ਦੇ ਕੋਨੇ 'ਤੇ ਵਸਦੇ ਇਸ ਸੂਬੇ ਲਈ ਇਹ ਅਹਿਮ ਹੈ ਜਿੱਥੇ ਜੀਐੱਸਟੀ ਵਸੂਲੀ ਨੂੰ ਛੱਡ ਕੇ ਮਾਲੀਏ ਦੇ ਨਾ-ਮਾਤਰ ਸਰੋਤ ਹਨ; ਇਸ ਨੂੰ ਗੁਜ਼ਰ ਬਸਰ ਲਈ ਕੇਂਦਰੀ ਰਿਆਇਤਾਂ, ਬੈਂਕ ਕਰਜ਼ਿਆਂ ਅਤੇ ਪੂੰਜੀ ਬਾਜ਼ਾਰ ਦੇ ਉਧਾਰ 'ਤੇ ਨਿਰਭਰ ਰਹਿਣਾ ਪੈਂਦਾ ਹੈ।

ਇੱਥੇ ਪੜ੍ਹੇ ਜਾਂਦੇ ਇੱਕ ਮਹਾਨਗਰੀ ਅਖ਼ਬਾਰ ਨੇ ਇੱਕ ਮਿਜ਼ੋ ਔਰਤ ਨਾਲ ਇੰਟਰਵਿਊ ਛਾਪੀ ਜਿਸ ਦੀ ਪਛਾਣ ਰੋਹਲੂਪੁਈ ਵਜੋਂ ਕਰਵਾਈ ਗਈ। ਉਸ ਨੇ ਆਪਣੇ ਪੁੱਤਰ ਦੀ ਸਲਾਮਤੀ ਦੀ ਚਿੰਤਾ ਜ਼ਾਹਿਰ ਕੀਤੀ ਹੈ ਜੋ ਆਰਟਿਲਰੀ ਯੂਨਿਟ ਵਿੱਚ ਤਾਇਨਾਤ ਹੈ। ਉਸ ਦਾ ਇਹ ਕਥਨ ਪ੍ਰਕਾਸ਼ਤ ਕੀਤਾ ਗਿਆ ਕਿ ਉਸ ਦੀ ਪ੍ਰਾਰਥਨਾ ਹੈ- 'ਪ੍ਰਭੂ ਉਸ ਨੂੰ ਰਾਹ ਦਿਖਾਵੇਗਾ ਅਤੇ ਉਸ ਦੀ ਰੱਖਿਆ ਕਰੇਗਾ।' ਇੱਕ ਹੋਰ ਅਖ਼ਬਾਰੀ ਰਿਪੋਰਟ ਵਿੱਚ ਮਨੀਪੁਰ ਦੇ ਦੀਪਕ ਚਿੰਗਾਖਾਮ ਦੀ ਮੌਤ ਦਾ ਜ਼ਿਕਰ ਹੈ ਜੋ ਜੰਮੂ ਖੇਤਰ ਵਿੱਚ ਬੀਐੱਸਐੱਫ ਵਿੱਚ ਕਾਂਸਟੇਬਲ ਵਜੋਂ ਤਾਇਨਾਤ ਸੀ ਤੇ ਡਰੋਨ ਹਮਲੇ ਵਿੱਚ ਉਸ ਦੀ ਮੌਤ ਹੋ ਗਈ। ਉਸ ਦੀ ਦੇਹ ਇੰਫਾਲ ਲਿਆਉਣ ਮੌਕੇ ਮਾਹੌਲ ਬਹੁਤ ਭਾਵੁਕ ਸੀ ਜਿੱਥੇ ਸੈਂਕੜੇ ਲੋਕ ਉਸ ਨੂੰ ਸ਼ਰਧਾਂਜਲੀ ਦੇਣ ਪਹੁੰਚੇ ਹੋਏ ਸਨ। ਮਨੀਪੁਰ ਵਿੱਚ ਪਿਛਲੇ ਦੋ ਸਾਲਾਂ ਤੋਂ ਮੈਤੇਈ ਅਤੇ ਕੁੱਕੀ ਭਾਈਚਾਰਿਆਂ ਵਿਚਕਾਰ ਖਾਨਾਜੰਗੀ ਦੀ ਗੂੰਜ ਪੈਂਦੀ ਰਹੀ ਹੈ। ਆਇਜ਼ੌਲ 'ਚ ਟੀਵੀ 'ਤੇ ਜੰਗ ਨਹੀਂ ਲੜੀ ਜਾ ਰਹੀ, ਜਾਂ ਉੱਥੇ ਚੀਕਾਂ ਮਾਰਦੇ ਐਂਕਰਾਂ ਜਾਂ ਜੰਗੀ ਹਾਲਾਤ ਜਾਂ ਰਣਨੀਤੀਆਂ ਨੂੰ ਵਾਰ-ਵਾਰ ਲਾਈਵ ਟੀਵੀ 'ਤੇ ਨਹੀਂ ਚਲਾਇਆ ਜਾ ਰਿਹਾ ਹੈ। ਖ਼ਬਰਾਂ ਨੂੰ ਉਨ੍ਹਾਂ ਪ੍ਰਾਈਵੇਟ ਮਿਜ਼ੋ ਭਾਸ਼ਾਈ ਚੈਨਲਾਂ 'ਤੇ ਹਕੀਕੀ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੂੰ ਜ਼ਿਆਦਾਤਰ ਮਿਜ਼ੋ ਲੋਕ ਲਾ ਕੇ ਰੱਖਦੇ ਹਨ। ਸਥਾਨਕ ਦੂਰਦਰਸ਼ਨ ਚੈਨਲ ਨੇ ਸੇਵਾਮੁਕਤ ਸੈਨਾ ਅਧਿਕਾਰੀਆਂ ਨਾਲ ਸਟੂਡੀਓ 'ਚ ਚਰਚਾ ਕੀਤੀ। ਪ੍ਰੋਫੈਸਰ ਵਨਲਾਲ ਛਾਵਨਾ ਜੋ ਮਿਜ਼ੋਰਮ ਕੇਂਦਰੀ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਪੜ੍ਹਾਉਂਦੇ ਹਨ, ਨੇ ਦੱਸਿਆ, "ਇੱਥੇ ਉਦੋਂ ਤੱਕ ਮੁਕਾਮੀ ਮੁੱਦੇ ਹੀ ਭਾਰੂ ਰਹਿੰਦੇ ਹਨ, ਜਦੋਂ ਤੱਕ ਕੋਈ ਅਜਿਹਾ ਸੂਬਾਈ ਜਾਂ ਖੇਤਰੀ ਜਾਂ ਕੌਮੀ ਮੁੱਦਾ ਨਹੀਂ ਉੱਭਰਦਾ ਜਿਹੜਾ ਲੋਕਾਂ ਨੂੰ ਭਾਵਨਾਤਮਕ ਤੌਰ 'ਤੇ ਨਾਲ ਜੋੜਦਾ ਹੋਵੇ।"

ਮਿਜ਼ੋਰਮ 'ਚ ਵੱਡੀ ਗਿਣਤੀ ਮੌਜੂਦਾ ਤੇ ਸੇਵਾਮੁਕਤ ਸੈਨਿਕਾਂ ਦੀ ਹੈ। ਇਹ ਹੈਰਾਨ ਕਰਨ ਵਾਲਾ ਤੱਥ ਹੈ। ਮਿਜ਼ੋਰਮ 20 ਸਾਲ ਭਾਰਤ ਵਿਰੁੱਧ ਤਾਕਤਵਰ ਵਿਦਰੋਹ ਕਾਰਨ ਉਥਲ-ਪੁਥਲ ਦਾ ਸ਼ਿਕਾਰ ਰਿਹਾ ਹੈ, ਜਦੋਂ ਤੱਕ 1986 ਵਿੱਚ ਸ਼ਾਂਤੀ ਸਮਝੌਤੇ ਨੇ ਹਿੰਸਾ ਦਾ ਖਾਤਮਾ ਨਹੀਂ ਕੀਤਾ। ਆਪਣੀ ਤਰ੍ਹਾਂ ਦੀ ਪਹਿਲੀ ਉਦਾਹਰਨ ਦੇ ਤੌਰ 'ਤੇ, ਮਿਜ਼ੋ ਨੈਸ਼ਨਲ ਫਰੰਟ ਦੇ ਆਗੂ ਲਾਲਡੇਂਗਾ ਨੇ ਅਹੁਦਾ ਸੰਭਾਲਿਆ ਸੀ। ਉਸ ਦਾ ਡਿਪਟੀ ਲਾਲਥਨ੍ਹਵਾਲਾ ਸੀ ਜੋ ਸਮਝੌਤਾ ਹੋਣ ਤੱਕ, ਕਾਂਗਰਸ ਦਾ ਮੁੱਖ ਮੰਤਰੀ ਰਿਹਾ ਸੀ। ਲਾਲਡੇਂਗਾ ਮਗਰੋਂ ਅੰਦੂਰਨੀ ਵਿਰੋਧ ਕਰ ਕੇ ਤਾਕਤ ਗੁਆ ਬੈਠਾ, ਉਸ ਦੀ ਪਾਰਟੀ ਟੁੱਟ ਗਈ ਤੇ ਲਾਲਥਨ੍ਹਵਾਲਾ ਨੇ ਕਈ ਕਾਰਜਕਾਲਾਂ ਲਈ ਰਾਜ ਦੀ ਅਗਵਾਈ ਕੀਤੀ। ਇਹ ਵੱਖਰੀ ਕਹਾਣੀ ਹੈ, ਪਰ ਮਿਜ਼ੋਆਂ ਦੀ ਦ੍ਰਿੜ੍ਹਤਾ ਬਾਰੇ ਦੱਸਦੀ ਹੈ। ਹੁਣ ਉੱਥੇ 39 ਸਾਲ ਤੋਂ ਸ਼ਾਂਤੀ ਹੈ।

ਬਗਾਵਤ ਦੇ ਉਸ ਦੌਰ 'ਚ ਮਿਜ਼ੋਆਂ ਦਾ ਬਹੁਤ ਨੁਕਸਾਨ ਹੋਇਆ, ਜਿਸ 'ਚ ਹਵਾਈ ਹਮਲੇ ਹੋਏ। ਲੋਕ ਉੱਜੜ ਗਏ, ਰੁਜ਼ਗਾਰ ਖੁੱਸ ਗਿਆ ਤੇ ਖੂਨ-ਖ਼ਰਾਬਾ ਹੋਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖ਼ੁਦ ਅਗਸਤ 2023 ਨੂੰ ਸੰਸਦ 'ਚ ਇਸ ਦਾ ਚੁਭਵਾਂ ਹਵਾਲਾ ਦਿੱਤਾ: "ਪੰਜ ਮਾਰਚ 1966 ਨੂੰ ਕਾਂਗਰਸ ਨੇ ਆਪਣੀ ਹਵਾਈ ਸੈਨਾ ਨਾਲ ਮਿਜ਼ੋਰਮ ਦੇ ਲਾਚਾਰ ਵਾਸੀਆਂ 'ਤੇ ਹਮਲਾ ਕਰਵਾਇਆ। ਕਾਂਗਰਸ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਕੀ ਇਹ ਕਿਸੇ ਦੂਜੇ ਦੇਸ਼ ਦੀ ਏਅਰ ਫੋਰਸ ਸੀ। ਕੀ ਮਿਜ਼ੋਰਮ ਦੇ ਲੋਕ ਮੇਰੇ ਦੇਸ਼ ਦੇ ਨਾਗਰਿਕ ਨਹੀਂ? ਕੀ ਉਨ੍ਹਾਂ ਦੀ ਸੁਰੱਖਿਆ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਨਹੀਂ?"

ਉੱਤਰ-ਪੱਛਮ 'ਚ, ਕੇਂਦਰ ਸ਼ਾਸਿਤ ਖੇਤਰ ਜੰਮੂ ਕਸ਼ਮੀਰ ਦੀਆਂ ਚੁਣੌਤੀਆਂ ਦੀ ਇੱਥੇ ਹੀ ਸਮਝ ਆਉਂਦੀ ਹੈ। ਉੱਘੇ ਉੱਦਮੀ ਲਾਲਵਨਰੂਆਟਾ ਰਾਲਟੇ ਨੇ ਕਿਹਾ ਕਿ ਇਸ ਨੂੰ "ਮਿਜ਼ੋਰਮ ਦੇ ਟਕਰਾਅ ਤੇ ਉਜਾੜੇ ਨਾਲ ਸੂਬੇ ਦੇ ਤਜਰਬਿਆਂ ਅਤੇ ਸਰਹੱਦ ਪਾਰ ਮੁੱਦਿਆਂ ਵਾਲੀਆਂ ਮਾਨਵੀ ਚੁਣੌਤੀਆਂ ਨੇ ਮਜ਼ਬੂਤ ਆਧਾਰ ਦਿੱਤਾ।" ਸਰਕਾਰ ਦੇ ਸਾਬਕਾ ਤਰਜਮਾਨ ਤੇ ਉੱਘੇ ਫੋਟੋਗ੍ਰਾਫਰ ਰੁਆਟਲਿਆਨਾ ਸਾਇਲੋ ਨੇ ਕਿਹਾ ਕਿ ਦੁਆਵਾਂ ਦੀ ਪ੍ਰਕਿਰਿਆ "ਮਿਜ਼ੋਆਂ ਨੂੰ ਬਾਕੀ ਮੁਲਕ ਦੇ ਨੇੜੇ ਲੈ ਕੇ ਆਈ।" ਨੌਜਵਾਨ ਅਕਾਦਮੀਸ਼ੀਅਨ ਡੇਵਿਡ ਲਾਲਰਿੰਛਨਾ ਨੇ ਕਿਹਾ ਕਿ ਜਦੋਂ ਵੀ ਭਾਰਤ ਨੂੰ ਸੰਕਟ ਦਾ ਸਾਹਮਣਾ ਕਰਨਾ ਪਿਆ, "ਅਸੀਂ ਮਿਜ਼ੋਆਂ ਨੇ ਮਾਣ ਨਾਲ ਆਪਣੇ ਦੇਸ਼ ਦਾ ਸਮਰਥਨ ਕੀਤਾ ਤੇ ਇਸ ਦੀ ਤਾਕਤ ਅਤੇ ਕਦਰਾਂ-ਕੀਮਤਾਂ 'ਚ ਵਿਸ਼ਵਾਸ ਰੱਖਿਆ।" ਉਸ ਨੇ ਨਾਲ ਹੀ ਕਿਹਾ, "ਨਫ਼ਰਤ, ਪੱਖਪਾਤ ਤੇ ਟਕਰਾਅ ਨਾਲੋਂ ਸਦਭਾਵਨਾ, ਸ਼ਾਂਤੀ ਤੇ ਸਮਾਨਤਾ ਨੂੰ ਪਹਿਲ ਦੇਣੀ ਅਹਿਮ ਸੀ।"

ਅਜਿਹੀਆਂ ਘਟਨਾਵਾਂ ਸ਼ਾਇਦ ਯਾਦਾਂ 'ਚੋਂ ਮਿਟ ਰਹੀਆਂ ਹਨ ਕਿਉਂਕਿ ਉਹ ਪੀੜ੍ਹੀ ਜਿਹੜੀ ਲੜਦੀ ਰਹੀ, ਕਸ਼ਟ ਝੱਲਿਆ ਤੇ ਉਸ ਟਕਰਾਅ ਦੀ ਗਵਾਹ ਬਣੀ, ਹੁਣ ਖ਼ਤਮ ਹੋ ਰਹੀ ਹੈ। ਫਿਰ ਵੀ ਹੌਲੀ-ਹੌਲੀ ਫਿੱਕੀਆਂ ਪੈਂਦੀਆਂ ਯਾਦਾਂ ਇੰਨੀਆਂ ਤਾਕਤਵਰ ਹਨ ਕਿ ਕਈ ਨਾਵਲਾਂ, ਇਤਿਹਾਸਕ ਤੇ ਰਾਜਨੀਤਕ ਵਿਰਾਸਤਾਂ ਤੇ ਫਿਲਮਾਂ (ਫੀਲਡ ਮਾਰਸ਼ਲ ਸੈਮ ਮਾਨਕਸ਼ਾਅ 'ਤੇ ਬਣੀ ਫਿਲਮ ਸੈਮ ਵਿਚਲੀ ਇੱਕ ਘਟਨਾ ਸ਼ਾਮਿਲ ਕਰ ਕੇ) ਦੀ ਪ੍ਰੇਰਨਾ ਬਣ ਸਕਦੀਆਂ ਹਨ। ਇਨ੍ਹਾਂ ਨੇ ਮਿਜ਼ੋ ਭਾਸ਼ਾ 'ਚ ਲੇਖਣੀ ਦੀ ਇੱਕ ਵੰਨਗੀ ਨੂੰ ਪ੍ਰੇਰਿਆ ਹੈ ਜਿਸ ਨੂੰ ਰਾਮਬੁਆਈ ਸਾਹਿਤ ਜਾਂ ਔਖਿਆਈ ਦੇ ਸਮਿਆਂ ਦਾ ਸਾਹਿਤ ਕਿਹਾ ਜਾਂਦਾ ਹੈ। ਮਿਜ਼ੋਰਮ ਨੂੰ ਭਾਵੇਂ ਦੇਸ਼ ਦਾ ਸਭ ਤੋਂ ਸ਼ਾਂਤੀਪੂਰਨ ਰਾਜ ਕਿਹਾ ਜਾਂਦਾ ਹੈ, ਪਰ ਮਿਆਂਮਾਰ ਨਾਲ ਲੱਗਦੀ ਇਸ ਦੀ ਹੱਦ ਬਹੁਤ ਚੁਣੌਤੀਪੂਰਨ ਹੈ ਉਹ ਦੇਸ਼ ਜਿੱਥੇ ਖਾਨਾਜੰਗੀ ਭਾਰੂ ਹੈ ਤੇ ਖਿੰਡੀਆਂ ਹੋਈਆਂ ਤਾਕਤਵਰ ਬਾਗ਼ੀ ਫ਼ੌਜਾਂ ਸੱਤਾ ਲਈ ਇੱਕ-ਦੂਜੇ ਨਾਲ ਅਤੇ ਸੈਨਿਕ ਜੁੰਟਾ ਸ਼ਾਸਨ ਨਾਲ ਲੜ ਰਹੀਆਂ ਹਨ। ਉਸ ਗੜਬੜ ਦੀ ਤਿੱਖੀ ਅਸਲੀਅਤ ਹਿੰਸਾ ਤੋਂ ਭੱਜ ਰਹੇ ਸ਼ਰਨਾਰਥੀਆਂ ਦੇ ਰੂਪ 'ਚ ਸਾਹਮਣੇ ਆ ਰਹੀ ਹੈ ਤੇ ਛਿੱਦੀ ਸਰਹੱਦ ਕਾਰਨ ਗ਼ੈਰ-ਕਾਨੂੰਨੀ ਹਥਿਆਰਾਂ, ਨਸ਼ਿਆਂ ਤੇ ਜੰਗਲੀ ਜੀਵਾਂ ਦਾ ਕਾਰੋਬਾਰ ਵੀ ਫੈਲ ਰਿਹਾ ਹੈ। ਇਸ ਦਾ ਅਸਰ ਨਸ਼ਾਖੋਰੀ ਦੀ ਵਧਦੀ ਅਲਾਮਤ ਦੇ ਰੂਪ 'ਚ ਉੱਭਰ ਰਿਹਾ ਹੈ।

ਸੰਜੌਯ ਹਜ਼ਾਰਿਕਾ

# ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਹੋਈ ਤਿੱਖੀ

ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਭ੍ਰਿਸ਼ਟਾਚਾਰ ਖਤਮ ਕਰਨ ਦੇ ਵਾਅਦੇ ਨਾਲ ਪੰਜਾਬ ਦੀ ਸੱਤਾ 'ਚ ਆਈ ਆਮ ਆਦਮੀ ਪਾਰਟੀ ਨੇ ਮੁੱਢਲੀਆਂ ਕੁਝ ਇਕ ਗਿਣਨਯੋਗ ਕਾਰਵਾਈਆਂ ਤੋਂ ਬਾਅਦ ਇਸ ਪਾਸੇ ਤੋਂ ਦੜ ਵੱਟ ਲਈ ਸੀ ਜਿਸ ਨੂੰ ਲੈ ਕੇ ਇਕ ਅਰਸੇ ਤੋਂ ਸਰਕਾਰ ਦੀ ਹੇਠਲੇ ਪੱਧਰ 'ਤੇ ਤਿੱਖੀ ਆਲੋਚਨਾ ਚੱਲ ਰਹੀ ਸੀ। ਅਜਿਹੇ ਵਿਚ ਪਿਛਲੇ ਕੁਝ ਸਮੇਂ ਤੋਂ ਸਰਕਾਰ ਨੇ ਆਪਣੀ ਸਾਖ ਨੂੰ ਧਿਆਨ ਵਿਚ ਰੱਖਦੇ ਹੋਏ ਭ੍ਰਿਸ਼ਟਾਚਾਰ ਖਿਲਾਫ ਵਿਆਪਕ ਮੁਹਿੰਮ ਵਿੱਢ ਦਿੱਤੀ। ਮੁੱਖ ਮੰਤਰੀ ਭਗਵੰਤ ਮਾਨ ਵਾਰ-ਵਾਰ ਜੋਰ ਦੇ ਕੇ ਕਹਿ ਰਹੇ ਹਨ ਕਿ ਪੰਜਾਬ ਸਰਕਾਰ ਦੀ 'ਜੀਰੋ ਟਾਲਰੈਂਸ' ਨੀਤੀ ਅਧੀਨ ਕੋਈ ਵੀ ਵਿਅਕਤੀ ਚਾਹੇ ਉਹ ਉੱਚ ਅਧਿਕਾਰੀ ਹੋਵੇ, ਮੰਤਰੀ ਹੋਵੇ ਜਾਂ ਸਿਆਸਤਦਾਨ, ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਬਖਸ਼ਿਆ ਨਹੀਂ ਜਾਵੇਗਾ।

ਇਸੇ ਤਹਿਤ ਸੂਬਾ ਸਰਕਾਰ ਨੇ ਬੀਤੇ ਕੱਲ੍ਹ ਐੱਸਐੱਸਪੀ ਫਾਜਿਲਕਾ ਨੂੰ ਮੁਅੱਤਲ ਕਰ ਦਿੱਤਾ ਸੀ ਅਤੇ ਸਾਈਬਰ ਕ੍ਰਾਈਮ ਪੁਲਿਸ ਸਟੇਸਨ ਦੇ ਚਾਰ ਮੁਲਾਜਮਾਂ ਨੂੰ ਇਕ ਨਾਬਾਲਗ ਦੇ ਪਰਿਵਾਰ ਤੋਂ ਇਕ ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਸੀ। ਫਾਜਿਲਕਾ ਦਾ ਇਹ ਮਾਮਲਾ ਸਰਕਾਰ ਦੀ ਇਸੇ 'ਜੀਰੋ ਟਾਲਰੈਂਸ' ਨੀਤੀ ਦੀ ਇਕ ਸਪਸ਼ਟ ਉਦਾਹਰਨ ਹੈ। ਇਸ ਤੋਂ ਪਹਿਲਾਂ, ਸਰਕਾਰ ਨੇ ਜਲੰਧਰ ਸੈਂਟਰਲ ਦੇ 'ਆਪ' ਵਿਧਾਇਕ ਰਮਨ ਅਰੋੜਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਗ੍ਰਿਫਤਾਰ ਕੀਤਾ ਸੀ। ਇਸ ਤੋਂ ਇਲਾਵਾ ਵਿਜੀਲੈਂਸ




ਬਿਊਰੋ ਨੇ ਹਾਲ ਹੀ 'ਚ ਸੂਬੇ ਭਰ ਵਿਚ ਭ੍ਰਿਸ਼ਟਾਚਾਰੀਆਂ ਨੂੰ ਵੱਡੇ ਪੱਧਰ 'ਤੇ ਰਿਸ਼ਵਤ ਲੈਂਦਿਆਂ ਕਾਬੂ ਕੀਤਾ ਹੈ। ਬਿਊਰੋ ਨੇ ਆਪਣੀ ਵੈੱਬਸਾਈਟ ਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਲੋਕਾਂ ਨੂੰ ਭ੍ਰਿਸ਼ਟਾਚਾਰ ਦੀਆਂ ਘਟਨਾਵਾਂ ਦੀ ਰਿਪੋਰਟ ਕਰਨ ਲਈ ਉਤਸ਼ਾਹਤ ਕੀਤਾ ਹੈ। ਵਿਜੀਲੈਂਸ ਦੀ ਐਂਟੀ-ਕੁਰੱਪਸ਼ਨ ਹੈਲਪਲਾਈਨ ਨੇ ਇਸ ਮਾਮਲੇ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਜਿਸ ਨੇ ਨਾਗਰਿਕਾਂ ਨੂੰ ਸਿੱਧੇ ਮੁੱਖ ਮੰਤਰੀ ਤੱਕ ਪਹੁੰਚਣ ਦਾ ਮੌਕਾ ਦਿੱਤਾ। ਫਾਜਿਲਕਾ ਮਾਮਲੇ ਨੇ ਪੰਜਾਬ ਪੁਲਿਸ ਵਿਚ ਜਵਾਬਦੇਹੀ ਦੀ ਲੋੜ ਨੂੰ ਉਜਾਗਰ ਕੀਤਾ ਹੈ।

ਐੱਸਐੱਸਪੀ ਵਰਿੰਦਰ ਬਰਾੜ ਦੀ ਮੁਅੱਤਲੀ ਨੂੰ ਸਰਕਾਰ ਦੇ ਸਖਤ ਸੁਨੇਹੇ ਵਜੋਂ ਦੇਖਿਆ ਜਾ ਰਿਹਾ ਹੈ ਕਿ ਕੋਈ ਵੀ ਅਧਿਕਾਰੀ, ਭਾਵੇਂ ਉਸ ਦਾ ਰੁਤਬਾ ਕਿੰਨਾ ਵੀ ਉੱਚਾ ਕਿਉਂ ਨਾ ਹੋਵੇ, ਬਖਸ਼ਿਆ ਨਹੀਂ ਜਾਵੇਗਾ। ਅਜਿਹਾ ਨਹੀਂ ਹੈ ਕਿ ਪੁਲਿਸ 'ਚ ਭ੍ਰਿਸ਼ਟਾਚਾਰ ਦਾ ਇਹ ਕੋਈ ਪਹਿਲਾ ਮਾਮਲਾ ਹੈ ਪਰ ਫਾਜਿਲਕਾ ਮਾਮਲੇ ਨੇ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਦੇ ਪ੍ਰਭਾਵ ਨੂੰ ਸਪਸ਼ਟ ਕੀਤਾ ਹੈ। ਮੁੱਖ ਮੰਤਰੀ ਮਾਨ ਨੇ ਇਸ ਮਾਮਲੇ ਨੂੰ 'ਮਨੁੱਖਤਾ ਵਿਰੁੱਧ ਅਪਰਾਧ' ਕਰਾਰ ਦਿੱਤਾ ਹੈ। ਸਰਕਾਰ ਦੀ ਇਸ ਮੁਹਿੰਮ ਦਾ ਸਮਾਜ 'ਤੇ ਹਾਂ-ਪੱਖੀ ਪ੍ਰਭਾਵ ਪਿਆ ਹੈ। ਲੋਕਾਂ ਨੂੰ ਅਹਿਸਾਸ ਹੋ ਰਿਹਾ ਹੈ ਕਿ ਉਹ ਭ੍ਰਿਸ਼ਟਾਚਾਰ ਦੀਆਂ ਘਟਨਾਵਾਂ ਦੀ ਰਿਪੋਰਟ ਸਿੱਧੇ ਸਰਕਾਰ ਤੱਕ ਪਹੁੰਚਾ ਸਕਦੇ ਹਨ। ਵਿਜੀਲੈਂਸ ਦੀ ਸਰਗਰਮੀ ਤੇ ਸਰਕਾਰ ਦੀ ਸਖਤੀ ਨੇ ਅਧਿਕਾਰੀਆਂ 'ਚ ਵੀ ਜਵਾਬਦੇਹੀ ਦਾ ਡਰ ਪੈਦਾ ਕੀਤਾ ਹੈ। ਬਿਨਾਂ ਸ਼ੱਕ ਇਹ ਮੁਹਿੰਮ ਸੂਬੇ 'ਚ ਸਾਫ-ਸੁਥਰੀ ਗਵਰਨੈਂਸ ਦੀ ਦਿਸ਼ਾ 'ਚ ਇਕ ਮਹੱਤਵਪੂਰਨ ਕਦਮ ਹੈ।

ਵਿਜੀਲੈਂਸ ਦੀ ਸਰਗਰਮੀ, ਮੁੱਖ ਮੰਤਰੀ ਦੀ ਸਿੱਧੀ ਦਖਲਅੰਦਾਜੀ ਤੇ ਸਖਤ ਕਾਰਵਾਈਆਂ ਨਾਲ ਲੋਕਾਂ ਵਿਚ ਵਿਸ਼ਵਾਸ ਵਧਿਆ ਹੈ ਕਿ ਉਹ ਇਕ ਨਿਰਪੱਖ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੀ ਉਮੀਦ ਕਰ ਸਕਦੇ ਹਨ। ਭਵਿੱਖ 'ਚ ਸਰਕਾਰ ਨੂੰ ਇਸ ਮੁਹਿੰਮ ਨੂੰ ਹੋਰ ਮਜਬੂਤ ਕਰਨ ਤੇ ਵਿਵਾਦਤ ਫੈਸਲਿਆਂ ਤੋਂ ਬਚਣ ਦੀ ਲੋੜ ਹੈ ਤਾਂ ਜੋ ਪੰਜਾਬ ਨੂੰ ਸੱਚਮੁੱਚ ਭ੍ਰਿਸ਼ਟਾਚਾਰ ਮੁਕਤ ਸੂਬਾ ਬਣਾਇਆ ਜਾ ਸਕੇ।

# ਜ਼ਰਾ ਸੰਭਲਕੇ

ਆਸਟ੍ਰੇਲੀਆ ਇਕ ਅਜਿਹਾ ਦੇਸ ਹੈ ਜਿਸ ਵਿਚ ਦੁਨੀਆ ਦੇ ਲੱਗ ਭੱਗ ਹਰ ਦੇਸ ਦੇ ਲੋਕ ਵਸਦੇ ਹਨ। ਬਹੁਤ ਸਾਰੇ ਇੱਥੇ ਦੇ ਪੱਕੇ ਵਸਨੀਕ ਬਣ ਗਏ ਹਨ ਤੇ ਕੁਝ ਅਜੇ ਆਰਜੀ ਤੌਰ ਤੇ ਰਹਿ ਰਹੇ ਹਨ। ਉਨ੍ਹਾਂ ਵਿਚੋਂ ਵੀ ਬਹੁਤਿਆਂ ਦੀ ਇੱਛਾ ਇੱਥੇ ਪੱਕੇ ਤੌਰ ਤੇ ਵਸਣ ਦੀ ਹੈ। ਉਨ੍ਹਾਂ ਦਾ ਆਪਣਾ ਦੇਸ ਛੱਡ ਕੇ ਆਉਣ ਦੀ ਇਕ ਮਜਬੂਰੀ ਅਤੇ ਇਕ ਮਕਸਦ ਸੀ। ਜੇਕਰ ਅਸੀਂ ਪਰਤ ਕੇ ਆਪਣੇ ਦੇਸ ਵਾਪਸ ਜਾਈਏ ਤਾਂ ਬਹੁਤਿਆਂ ਲਈ ਉਹ ਮਜਬੂਰੀ ਅਜੇ ਵੀ ਬਰਕਰਾਰ ਹੋਵੇਗੀ ਤੇ ਸਾਇਦ ਪਹਿਲਾਂ ਨਾਲੋਂ ਵੀ ਜਿਆਦਾ ਮਜਬੂਤ ਹੋਵੇ। ਫਿਰ ਵੀ ਬਹੁਤ ਸੱਜਣ ਆਸਟ੍ਰੇਲੀਆ ਦੇ ਸਿਸਟਮ ਵਿੱਚ ਨੁਕਸ ਲੱਭਣ ਲੱਗ ਜਾਂਦੇ ਹਨ ਅਤੇ ਆਪਣੇ ਦੇਸ ਅਤੇ ਸਭਿਆਚਾਰ ਦੀ ਵਡਿਆਈ ਕਰਦੇ ਨਹੀਂ ਥੱਕਦੇ। ਬਹੁਤ ਸਾਰੇ ਤਾਂ ਟੈਕਸ ਪੇਅਰ ਹੋਣ ਕਰਕੇ ਆਪਣੇ ਹੱਕਾਂ ਦੇ ਦਾਅਵਿਆਂ ਬਾਰੇ ਗਲ ਕਰਦੇ ਹਨ। ਇਹੋ ਜਿਹੇ ਦਾਅਵੇ ਉਨ੍ਹਾਂ ਨੇ ਆਪਣੇ ਪਹਿਲੇ ਦੇਸ ਵਿਚ ਰਹਿੰਦਿਆਂ ਹੋਇਆਂ ਸਾਇਦ ਹੀ ਕੀਤੇ ਹੋਣ। ਜੇਕਰ ਉਨ੍ਹਾਂ ਨੇ ਨਹੀਂ ਤਾਂ ਉਨ੍ਹਾਂ ਦੇ ਮਾਤਾ ਪਿਤਾ ਨੇ ਤਾਂ ਉਸ ਦੇਸ ਵਿਚ ਟੈਕਸ ਦਿੱਤਾ ਹੀ ਹੋਣਾ ਹੈ ਜਾਂ ਸਾਇਦ ਨਾ ਹੀ। ਮੈਂ ਮੂਲ ਤੌਰ ਤੇ ਭਾਰਤੀ ਹੋਣ ਦੇ ਨਾਤੇ ਭਾਰਤੀ ਲੋਕਾਂ ਬਾਰੇ ਆਸਾਨੀ ਨਾਲ ਕੁੱਝ ਕਹਿ ਸਕਦਾ ਹਾਂ। ਜੇਕਰ ਅਸੀਂ ਆਪਣੇ ਕੰਮ ਕਾਜ ਬਾਰੇ ਅਤੇ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਵੱਲ ਝਾਤੀ ਮਾਰੀਏ ਤਾਂ ਸਾਡਾ ਇਥੇ ਆਉਣ ਦਾ ਮਕਸਦ ਵੀ ਪੂਰਾ ਹੁੰਦਾ ਨਜਰ ਆ ਰਿਹਾ ਹੈ। ਪਰ ਸਾਡੇ ਵਿਚੋਂ ਬਹੁਤ ਅਜੇ ਵੀ ਸਾਡੀ ਮੂਲ ਮਾਨਸਿਕਤਾ ਵਿਚੋਂ ਬਾਹਰ ਨਿਕਲਦੇ ਨਜਰ ਨਹੀਂ ਆਉਂਦੇ ਹਨ।

ਜਦੋਂ ਅਸੀਂ ਭਾਰਤ ਦੇ ਤੰਤਰ ਵਿੱਚ ਹੋ ਰਹੀ ਕੁਰੱਪਸਨ ਦੀ ਗਲ ਕਰਦੇ ਹਾਂ ਤਾਂ ਬਹੁਤ ਸੱਜਣਾਂ ਨੂੰ ਇਹ ਚੰਗਾ ਨਹੀਂ ਲੱਗਦਾ ਕਿਉਂ ਕਿ ਉਹ ਭਾਰਤ ਦੀ ਬਦਨਾਮੀ ਨਹੀਂ ਸਹਿ ਸਕਦੇ। ਉਨ੍ਹਾਂ ਦੇ ਇਤਰਾਜ ਵਿਚ ਕੋਈ ਮਾੜੀ ਗਲ ਨਹੀਂ ਪਰ ਸੱਚ ਤਾਂ ਸੱਚ ਹੀ ਹੈ। ਉਹ ਆਸਟ੍ਰੇਲੀਆ ਵਿਚ ਵੀ ਕੁਰਪਸਨ ਦੀ ਹੋਂਦ ਬਾਰੇ ਗਲ ਕਰਨ ਲੱਗ ਜਾਂਦੇ ਹਨ ।ਮੈਨੂੰ ਆਸਟ੍ਰੇਲੀਆ ਦੇ ਤੰਤਰ ਵਿੱਚ ਹੋ ਰਹੀ ਕੁਰੱਪਸਨ ਬਾਰੇ ਜਿਆਦਾ ਨਹੀਂ ਪਤਾ ਪਰ ਇਕ ਗਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਸ ਦਾ ਮੇਰੇ ਉੱਤੇ ਕੋਈ ਸਿੱਧਾ ਅਸਰ ਨਹੀਂ ਪੈਂਦਾ। ਬਹੁਤ ਸੱਜਣ ਇਹ ਵੀ ਕਹਿੰਦੇ ਹਨ



ਕਿ ਆਪਣਾ ਦੇਸ ਆਪਣਾ ਹੀ ਹੁੰਦਾ ਹੈ। ਇਹ ਗੱਲ ਵੀ ਮੇਰੀ ਸਮਝ ਤੋਂ ਕੁੱਝ ਬਾਹਰ ਹੈ ਕਿ ਆਪਣਾ ਤੇ ਬਿਗਾਨਾ ਕਿਸ ਤਰ੍ਹਾਂ ਬਣਦਾ ਹੈ। ਪਹਿਲਾ ਦੇਸ ਸਾਡਾ ਤਾਂ ਸੀ ਕਿਉਂ ਕਿ ਅਸੀਂ ਆਪਣੀ ਜਿੰਦਗੀ ਦਾ ਕੁੱਝ ਹਿੱਸਾ ਉੱਥੇ ਬਿਤਾਇਆ ਹੈ। ਇਸ ਨਵੇਂ ਦੇਸ ਵਿੱਚ ਵੀ ਤਾਂ ਅਸੀਂ ਜਿੰਦਗੀ ਦਾ ਕੁਝ ਹਿੱਸਾ ਬਿਤਾਇਆ ਹੈ ਅਤੇ ਇਸ ਧਰਤੀ ਅਤੇ ਇਸ ਦੇ ਹਵਾ ਤੇ ਪਾਣੀ ਸਾਨੂੰ ਆਪਣੀ ਜਿੰਦਗੀ ਕਾਇਮ ਰੱਖਣ ਵਿੱਚ ਸਹਾਈ ਹੋਏ ਹਨ। ਫਿਰ ਇਹ ਸਾਡਾ ਆਪਣਾ ਕਿਉਂ ਨਹੀਂ ਹੋ ਸਕਦਾ। ਸਾਡੀ ਅਗਲੀਆਂ ਪੀੜ੍ਹੀਆਂ ਇੱਥੇ ਹੀ ਜਨਮੀਆਂ ਹਨ ਅਤੇ ਇਸ ਤੰਤਰ ਦਾ ਹਿੱਸਾ ਬਣ ਗਈਆਂ ਹਨ ।

ਅਗਰ ਰਾਜਨੀਤਿਕ ਢਾਂਚੇ ਦੀ ਗਲ ਕੀਤੀ ਜਾਵੇ ਤਾਂ ਬਹੁਤ ਸਾਰੀਆਂ ਚੋਣਾਂ ਅਸੀਂ ਦੇਖ ਚੁੱਕੇ ਹਨ ਅਤੇ ਸਰਕਾਰਾਂ ਦੀ ਚੋਣ ਵਿੱਚ ਵੋਟਾਂ ਪਾਕੇ ਹਿੱਸਾ ਵੀ ਲੈ ਚੁੱਕੇ ਹਾਂ। ਬਹੁਤ ਹੀ ਸਾਫ ਸੁਥਰੇ ਢੰਗ ਨਾਲ ਜਮਹੂਰੀਅਤ ਦਾ ਅਸਲੀ ਨਮੂਨਾ ਪੇਸ ਕਰਦੀਆਂ ਹੋਈਆਂ ਚੋਣਾਂ ਹੁੰਦੀਆਂ ਹਨ। ਪਿਛਲੇ 31 ਸਾਲਾਂ ਵਿੱਚ ਇੱਕ ਵੀ ਵੋਟ ਦੀ ਹੇਰਾ ਫੇਰੀ ਹੁੰਦੀ ਨਹੀਂ ਦੇਖੀ ਗਈ। ਕਿਸੇ ਵੀ ਵੋਟਰ ਨੂੰ ਇਸ ਸੰਬੰਧ ਵਿਚ ਸਿਕਾਇਤ ਕਰਦੇ ਨਹੀਂ ਦੇਖਿਆ ਗਿਆ । ਕਿਸੇ ਵੀ ਬੂਥ ਉੱਤੇ ਪੁਲੀਸ ਨਹੀਂ ਦੇਖੀ ਗਈ । ਨਾਗਰਿਕਾਂ ਦਾ ਮਸਲਾ ਹੈ ਅਤੇ ਨਾਗਰਿਕ ਆਪ ਹੀ ਹੱਲ ਕਰ ਲੈਂਦੇ ਹਨ।



ਡਾ: ਦਵਿੰਦਰ ਸਿਘ ਜੀਤਲਾ
Dr. Davinder Singh Jitla

ਹਾਲ ਵਿੱਚ ਹੀ ਹੋਈਆਂ ਫੈਡਰਲ ਚੋਣਾਂ ਵਿੱਚ ਭਾਰਤੀ ਮੂਲ ਦੇ ਉਮੀਦਵਾਰ ਵੀ ਸਨ ਅਤੇ ਉਨ੍ਹਾਂ ਦੀ ਮੁਹਿਮ ਵਿਚ ਭਾਰਤੀ ਮੂਲ ਦੇ ਵਲੰਟੀਅਰ ਹੋਣਾ ਵੀ ਕੁਦਰਤੀ ਸੀ। ਅਫਸੋਸ ਵਾਲੀ ਗਲ ਇਹ ਹੈ ਕਿ ਉਨ੍ਹਾਂ ਵਲੰਟੀਅਰਜ ਦੇ ਰਵਈਏ ਬਾਰੇ ਅਸਚਰਜ ਜਨਕ ਗੱਲਾਂ ਸੁਣਨ ਵਿੱਚ ਆਈਆਂ ਹਨ ਜਿਹੜੀਆਂ ਕਿ ਭਾਰਤੀ ਚੋਣ ਮਾਹੌਲ ਨਾਲ ਮੇਲ ਜੋਲ ਖਾਂਦੀਆਂ ਹਨ। ਅਫਸੋਸ ਵਾਲੀ ਗਲ ਇਹ ਹੈ ਕਿ ਇਕ ਬੂਥ ਉੱਤੇ ਪੁਲੀਸ ਨੂੰ ਦਖਲ ਦੇਣਾ ਪਿਆ। ਅਜਿਹਾ ਵਰਤਾਰਾ ਕਿਸੇ ਵੀ ਨਾਗਰਿਕ ਦੀ ਸੁਤੰਤਰਤਾ ਵਿੱਚ ਦਖਲ ਅੰਦਾਜੀ ਹੈ। ਅਜਿਹੇ ਵਰਤਾਰੇ ਵਿੱਚ ਭਾਰਤੀ ਮੂਲ ਦੀ ਹਰ ਕਮਿਊਨਿਟੀ ਵਿੱਚ ਭਾਰਤੀ ਚੋਣ ਮਾਹੌਲ ਦਾ ਕੁਝ ਨਾ ਕੁਝ ਪ੍ਰਭਾਵ ਮਹਿਸੂਸ ਕੀਤਾ ਗਿਆ ਹੈ। ਪਿਛਲੀਆਂ ਸਟੇਟ ਚੋਣਾਂ ਵਿੱਚ ਇੱਕ ਆਸਟ੍ਰੇਲੀਅਨ ਉਮੀਦਵਾਰ ਦੇ ਸਿੱਖ ਸਪੋਰਟਰ ਨੂੰ ਭਾਰਤੀ ਮੂਲ ਦੀ ਇਕ ਸਭਾ ਵਲੋਂ ਖਾਲਿਸਤਾਨੀ ਕਹਿ ਕੇ ਬਦਨਾਮ ਕੀਤਾ ਗਿਆ ਤਾਂ ਕਿ ਉਨ੍ਹਾਂ ਦੇ ਭਾਈਚਾਰੇ ਵਲੋਂ ਉਸ ਉਮੀਦਵਾਰ ਨੂੰ ਜਿਆਦਾ ਵੋਟਾਂ ਨਾ ਪੈਣ। ਇਸੇ ਤਰ੍ਹਾਂ ਇਸ ਵਾਰ ਇਕ ਸਿੱਖ ਉਮੀਦਵਾਰ ਦੀਆਂ ਭਾਰਤੀ ਲੀਡਰਸਿਪ ਨਾਲ ਕੁਝ ਫੋਟੋਆਂ ਪੋਸਟ ਕੀਤੀਆਂ ਗਈਆਂ। ਇਸ ਦਾ ਮੰਤਵ ਵੀ ਉਸ ਉਮੀਦਵਾਰ ਦੇ ਵਿਰੁੱਧ ਪ੍ਰਚਾਰ ਹੀ ਸੀ।

ਕੁਝ ਸਮਾਂ ਪਹਿਲਾਂ ਕੁਝ ਮੰਦਰਾਂ ਵਿਚ ਗਰਫੀਟੀ ਦੀਆਂ ਖਬਰਾਂ ਸਾਹਮਣੇ ਆਈਆਂ ਸਨ ਅਤੇ ਉਨ੍ਹਾਂ ਦਾ ਦੋਸ ਵੀ ਕਿਸੇ ਖਾਸ ਭਾਈਚਾਰੇ ਉੱਤੇ ਲਗਾਇਆ ਗਿਆ ਸੀ। ਪਰ ਆਸਟਰੇਲੀਅਨ ਜਾਂਚ ਏਜੇਂਸੀ ਦੀ ਜਾਂਚ ਅਨੁਸਾਰ ਇਹ ਦੋਸ ਬੇਬੁਨਿਆਦ ਨਿਕਲਿਆ। ਭਾਵੇਂ ਅਜਿਹੀਆਂ ਗਤੀਵਿਧੀਆਂ ਦਾ ਸਮੁੱਚੇ ਆਸਟ੍ਰੇਲੀਅਨ ਭਾਈਚਾਰੇ ਉੱਤੇ ਬਹੁਤ ਅਸਰ ਪੈਣ ਦੀ ਉਮੀਦ ਨਹੀਂ ਹੈ ਪਰ ਭਾਰਤੀ ਮੂਲ ਦੇ ਭਾਈਚਾਰੇ ਉੱਤੇ ਅਸਰ ਜਰੂਰ ਦੇਖਣ ਵਿੱਚ ਮਿਲੇਗਾ। ਇਹ ਸਾਡੇ ਆਪਸੀ ਸਬੰਧਾਂ ਉਤੇ ਵੀ ਯਕੀਨਨ ਅਸਰ ਪਵੇਗਾ। ਇਕ ਵੀਡੀਓ ਦੇਖਣ ਵਿਚ ਮਿਲੀ ਹੈ ਜਿਸ ਵਿਚ ਇਕ ਬੂਥ ਵਿੱਚ ਕੁਝ ਵਲੰਟੀਅਰ ਹਨ ਅਤੇ ਬੈਕਗ੍ਰਾਉਂਡ ਵਿਚ ਪੰਜਾਬੀ ਗਾਣਾ ਚਲ ਰਿਹਾ ਹੈ। ਪਿਛਲੇ 31ਸਾਲਾਂ ਵਿਚ ਮੈਂ ਅਜਿਹਾ ਵਰਤਾਰਾ ਕਦੇ ਨਹੀਂ ਦੇਖਿਆ। ਅਜਿਹਾ ਵਰਤਾਰਾ ਭਵਿੱਖ ਲਈ ਕਈ ਤਰ੍ਹਾਂ ਦੇ ਅਣਸੁਖਾਵੇਂ ਹਾਲਾਤਾਂ ਲਈ ਇਕ ਘੰਟੀ ਹੈ। ਸਾਨੂੰ ਇਸ ਤੋਂ ਬਚਣ ਦੀ ਜਰੂਰਤ ਹੈ।

ਆਸਟ੍ਰੇਲੀਆ ਬਹੁਤ ਹੀ ਵਧੀਆ ਦੇਸ ਹੈ। ਇਥੇ ਆ ਕੇ ਸਾਡੀਆਂ ਬਹੁਤ ਸਾਰੀਆਂ ਸੱਧਰਾਂ ਪੂਰੀਆਂ ਹੋਈਆਂ ਹਨ ਅਤੇ ਅਸੀਂ ਆਪਣੇ ਬੱਚਿਆਂ ਨੂੰ ਬਹੁਤ ਵਧੀਆ ਜਿੰਦਗੀ ਦੇਣ ਵਿਚ ਕਾਮਯਾਬ ਹੋਏ ਹਾਂ। ਸਾਡਾ ਫਰਜ ਬਣਦਾ ਹੈ ਕਿ ਇਸ ਦੀ ਹਰ ਖੂਬਸੂਰਤੀ ਨੂੰ ਕਾਇਮ ਰੱਖਣ ਵਿਚ ਸਹੀ ਯੋਗਦਾਨ ਪਾਈਏ । ਯਕੀਨਨ ਸਾਡੀ ਅਗਲੀ ਪੀੜ੍ਹੀ ਇਸ ਦਿਸਾ ਵਿੱਚ ਖਰੀ ਉਤਰੇਗੀ। ਇਸ ਸੱਚਾਈ ਤੋਂ ਕੋਈ ਵੀ ਮੁੱਕਰ ਨਹੀਂ ਸਕਦਾ ਕਿ ਭਾਰਤ ਵਿਚੋਂ ਬਹੁਤ ਸਾਰੇ ਨੌਜਵਾਨ ਕਿਸੇ ਨਾ ਕਿਸੇ ਬਹਾਨੇ ਵਿਦੇਸ ਜਾ ਕੇ ਵਸਣਾ ਚਾਹੁੰਦੇ ਹਨ। ਇਸ ਦਾ ਮੁੱਖ ਕਾਰਨ ਉਥੋਂ ਦੇ ਸਥਾਨਕ ਹਾਲਾਤ ਹਨ। ਇਹ ਹਾਲਾਤ ਅਚਾਨਕ ਅਤੇ ਆਪਣੇ ਆਪ ਪੈਦਾ ਨਹੀਂ ਹੋਏ। ਉਥੇ ਦੇ ਵਸਨੀਕ ਹੀ ਇਸ ਦੇ ਜਿੰਮੇਵਾਰ ਹਨ। ਸਾਡੀ ਹਰ ਕੋਸਿਸ ਹੋਣੀ ਚਾਹੀਦੀ ਹੈ ਕਿ ਆਸਟ੍ਰੇਲੀਆ ਵਿੱਚ ਅਜਿਹੇ ਹਾਲਾਤ ਪੈਦਾ ਕਰਨ ਵਾਲਿਆਂ ਦਾ ਵਿਰੋਧ ਕਰੀਏ ਅਤੇ ਸੰਭਲਕੇ ਰਹੀਏ।

# ਐੱਨਆਰਆਈ ਨਿਵੇਸ਼ 'ਤੇ ਟੈਕਸ ਦਾ ਪੂਛਾੜ੍ਹਾਂ

ਜੇ ਤੁਹਾਡੇ 'ਚੋਂ ਕਿਸੇ ਨੂੰ ਭਾਰਤ ਦੇ ਮਹਾਂਨਗਰਾਂ ਵਿੱਚ ਆਪਣੇ ਲਈ ਮਕਾਨ ਭਾਲਣ ਵਾਸਤੇ ਚੱਕਰ ਮਾਰਨੇ ਪਏ ਹੋਣ ਤਾਂ ਤੁਹਾਨੂੰ ਕੋਈ ਨਾ ਕੋਈ ਐੱਨਆਰਆਈ ਮਕਾਨ ਮਾਲਕ, ਖ਼ਾਸਕਰ ਨਵੇਂ ਬਣੇ ਅਪਾਰਟਮੈਂਟਾਂ ਵਿੱਚ ਜ਼ਰੂਰ ਮਿਲਿਆ ਹੋਵੇਗਾ। ਡੀਲਰ ਅਪਾਰਟਮੈਂਟ ਦਿਖਾਉਣ ਲਈ ਨਿਗਰਾਨ (ਕੇਅਰਟੇਕਰ) ਤੋਂ ਘਰ ਦੀ ਚਾਬੀ ਲੈ ਲੈਂਦਾ ਹੈ। ਕਦੇ ਕਦਾਈਂ ਉਹ ਤੁਹਾਨੂੰ ਆਸ-ਪਾਸ ਦੋ-ਚਾਰ ਹੋਰ ਫਲੈਟ ਦਿਖਾਉਣ ਦੀ ਪੇਸ਼ਕਸ਼ ਕਰਦਾ ਹੈ ਜੋ ਉਸੇ ਪਰਵਾਸੀ ਭਾਰਤੀ ਦੇ ਹੀ ਹੁੰਦੇ ਹਨ। ਬਿਨਾਂ ਸ਼ੱਕ, ਰੋਜ਼ਮੱਰਾ ਬੋਲਚਾਲ ਵਿੱਚ ਐੱਨਆਰਆਈ ਆਮ ਵਰਤੋਂ ਵਾਲਾ ਸ਼ਬਦ ਹੈ ਜੋ ਹਰ ਉਸ ਸ਼ਖ਼ਸ ਲਈ ਵਰਤਿਆ ਜਾਂਦਾ ਹੈ ਜੋ ਕਿਸੇ ਬਾਹਰਲੇ ਦੇਸ਼ ਰਹਿੰਦਾ ਹੈ।

ਦਰਅਸਲ, ਪਿਛਲੇ ਕੁਝ ਸਾਲਾਂ ਵਿੱਚ ਭਾਰਤ ਦੇ ਵੱਡੇ ਸ਼ਹਿਰਾਂ ਵਿੱਚ ਪ੍ਰੀਮੀਅਮ ਰੀਅਲ ਅਸਟੇਟ ਵਿੱਚ ਆਏ ਉਛਾਲ ਦਾ ਮੁੱਖ ਕਾਰਨ ਐੱਨਆਰਆਈਜ਼ ਵੱਲੋਂ ਕੀਤੀ ਘਰਾਂ ਦੀ ਖਰੀਦੋ-ਫਰੋਖ਼ਤ ਹੈ। ਬਾਹਰੋਂ ਭੇਜੇ ਜਾਂਦੇ ਪੈਸੇ (ਰੈਮਿਟੈਂਸ) ਦਾ ਵੱਡਾ ਹਿੱਸਾ ਰੀਅਲ ਅਸਟੇਟ ਵਿੱਚ ਲਾਇਆ ਜਾ ਰਿਹਾ ਹੈ ਤੇ ਇਸ ਪੈਸੇ ਦਾ ਵੱਡਾ ਹਿੱਸਾ ਅਮਰੀਕਾ ਤੋਂ ਆਇਆ ਹੈ।

ਆਰਬੀਆਈ ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਅਮਰੀਕਾ ਵਿੱਚ ਕੰਮ ਕਰਦੇ ਭਾਰਤੀਆਂ ਨੇ ਸਾਲ 2023-24 ਵਿੱਚ 32 ਅਰਬ ਡਾਲਰ ਭਾਰਤ ਭੇਜੇ ਸਨ। ਉਸ ਵੇਲੇ ਦੀਆਂ ਕਰੰਸੀ ਵਟਾਂਦਰਾ ਦਰਾਂ ਮੁਤਾਬਿਕ, ਇਹ ਅੰਦਾਜ਼ਨ 2 ਲੱਖ 70 ਹਜ਼ਾਰ ਕਰੋੜ ਰੁਪਏ ਬਣਦੇ ਹਨ। ਇਹ ਰਕਮ ਕਿੰਨੀ ਵੱਡੀ ਹੈ, ਇਸ ਨੂੰ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ ਕਿ ਉਸ ਸਾਲ ਆਮਦਨ ਕਰ ਤੋਂ ਹੋਣ ਵਾਲੀਆਂ ਕੁੱਲ ਪ੍ਰਾਪਤੀਆਂ 10 ਲੱਖ ਕਰੋੜ ਰੁਪਏ ਬਣੀਆਂ ਸਨ। ਅਨੁਮਾਨ ਹੈ ਕਿ ਬਾਹਰੋਂ ਭੇਜੇ ਜਾਣ ਵਾਲੀ ਕੁੱਲ ਰਕਮ ਦਾ 6-7 ਫ਼ੀਸਦੀ ਹਿੱਸਾ ਪ੍ਰਾਪਰਟੀ ਕਾਰੋਬਾਰ ਵਿੱਚ ਜਾਂਦਾ ਹੈ। ਜੇ ਇਹ ਗੱਲ ਸਹੀ ਹੈ ਤਾਂ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੇ 2023-24 ਵਿੱਚ ਭਾਰਤ ਦੇ ਰੀਅਲ ਅਸਟੇਟ ਵਿੱਚ ਕਰੀਬ 18 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕੀਤਾ ਸੀ। ਇਸ ਦਾ ਕੁਝ ਹਿੱਸਾ ਪੰਜਾਬ ਵੀ ਪਹੁੰਚ ਰਿਹਾ ਹੈ ਜਿੱਥੇ ਖੇਤੀਬਾੜੀ ਜ਼ਮੀਨ ਜਾਂ ਪਿੰਡਾਂ ਵਿੱਚ ਪਲਾਟ ਖਰੀਦ ਲਏ ਜਾਂਦੇ ਹਨ ਪਰ ਜ਼ਿਆਦਾਤਰ ਹਿੱਸਾ ਸ਼ਹਿਰੀ ਘਰਾਂ ਦੀ ਮਾਰਕੀਟ ਵਿੱਚ ਹੀ ਗਿਆ ਹੈ।

ਹੁਣ ਡੋਨਲਡ ਟਰੰਪ ਨੇ ਅਮਰੀਕਾ ਤੋਂ ਬਾਹਰ ਭੇਜੇ ਜਾਣ ਵਾਲੇ ਪੈਸੇ ਉੱਪਰ ਟੈਕਸ ਲਾ ਕੇ ਇਸ ਦੀ ਸੰਘੀ ਨੱਪਣੀ ਸ਼ੁਰੂ ਕਰ ਦਿੱਤੀ ਹੈ। ਸ਼ੁਰੂ ਵਿੱਚ ਪੰਜ ਫ਼ੀਸਦੀ ਟੈਕਸ ਲਾਉਣ ਦਾ ਪ੍ਰਸਤਾਵ ਸੀ, ਫਿਰ ਇਹ ਘਟਾ ਕੇ 3.5 ਫ਼ੀਸਦੀ ਕਰ ਦਿੱਤਾ ਗਿਆ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਛੋਟੀ ਜਿਹੀ ਰਾਹਤ ਦੇ ਬਾਵਜੂਦ ਇਸ ਦਾ ਰੀਅਲ ਅਸਟੇਟ ਅਤੇ ਸ਼ੇਅਰ ਬਾਜ਼ਾਰ ਵਿੱਚ ਜਾਣ ਵਾਲੇ ਪੈਸੇ ਉੱਪਰ ਕਾਫ਼ੀ ਵੱਡਾ ਪ੍ਰਭਾਵ ਪਵੇਗਾ।

ਰੀਅਲ ਅਸਟੇਟ ਵਿੱਚ ਬਹੁਤੇ ਐੱਨਆਰਆਈ ਨਿਵੇਸ਼ਾਂ ਦਾ ਮਨੋਰਥ ਪੂੰਜੀ ਲਾਭ ਕਮਾਉਣਾ ਹੁੰਦਾ ਹੈ। ਬਹੁਤ ਸਾਰੇ ਲੋਕ ਉਦੋਂ ਫਲੈਟ ਖਰੀਦ ਲੈਂਦੇ ਹਨ, ਜਦੋਂ ਕਿਸੇ ਨਵੇਂ ਪ੍ਰਾਜੈਕਟ ਦਾ ਐਲਾਨ ਕੀਤਾ ਜਾਂਦਾ ਹੈ ਤੇ ਉਹ ਕੁਝ ਸਾਲ ਰੋਕ ਕੇ ਰੱਖਣ ਤੋਂ ਬਾਅਦ ਫਿਰ ਵੇਚ ਦਿੰਦੇ ਹਨ। ਫਿਰ ਉਹ ਕਿਸੇ ਨਵੇਂ ਪ੍ਰਾਜੈਕਟ ਵਿੱਚ ਪੈਸਾ ਲਗਾ ਦਿੰਦੇ ਹਨ। ਹਰੇਕ ਕੇਸ ਵਿੱਚ ਮੰਤਵ ਪ੍ਰਾਪਰਟੀ ਦੀ ਕੀਮਤ ਵਿੱਚ ਉਛਾਲ ਦਾ ਉਦੋਂ ਵੱਧ ਤੋਂ ਵੱਧ ਲਾਹਾ ਕਮਾਉਣਾ ਹੁੰਦਾ ਹੈ ਜਦੋਂ ਸੈਕੰਡਰੀ ਮਾਰਕੀਟ ਖੁੱਲ੍ਹ ਰਹੀ ਹੁੰਦੀ ਹੈ।

ਇਸ ਲਈ ਰੀਅਲ ਅਸਟੇਟ ਨਿਵੇਸ਼ ਸ਼ੇਅਰ ਬਾਜ਼ਾਰ ਦੇ ਨਾਲ-ਨਾਲ ਭਾਰਤ ਵਿਚ ਕਿਸੇ ਵਿਅਕਤੀ ਦੇ ਨਿਵੇਸ ਨੂੰ ਵਸੀਹ ਕਰਨ ਦਾ ਢੰਗ ਹੁੰਦਾ ਹੈ। ਜ਼ਿਆਦਾਤਰ



ਐੱਨਆਰਆਈ ਮਕਾਨ ਮਾਲਕ ਆਪਣੇ ਫਲੈਟ ਕਿਰਾਏ 'ਤੇ ਚਾੜ੍ਹ ਦਿੰਦੇ ਹਨ ਅਤੇ ਨਾਲ ਹੀ ਆਪਣੀ ਪ੍ਰਾਪਰਟੀ 'ਤੇ ਚੋਖਾ ਪੂੰਜੀ ਲਾਭ ਕਮਾਉਣ ਦੀ ਉਡੀਕ ਕਰਦੇ ਰਹਿੰਦੇ ਹਨ ਪਰ ਇਹ ਆਰਜੀ ਪ੍ਰਬੰਧ ਹੀ ਹੁੰਦਾ ਹੈ ਕਿਉਂਕਿ ਭਾਰਤ ਵਿੱਚ ਕਿਰਾਏ ਤੋਂ ਹੋਣ ਵਾਲੀ ਕਮਾਈ ਬਹੁਤ ਘੱਟ ਹੈ; ਇੱਥੋਂ ਤੱਕ ਕਿ ਸਭ ਤੋਂ ਵੱਧ ਪਸੰਦੀਦਾ ਬਿਲਡਰਾਂ ਦੇ ਫਲੈਟ ਵੀ ਉਸ ਦੀ ਕੀਮਤ ਦਾ ਸਿਰਫ਼ 2 2.5 ਫ਼ੀਸਦੀ ਕਿਰਾਇਆ ਹੀ ਹਾਸਿਲ ਕਰ ਸਕਦੇ ਹਨ। ਮੁਰੰਮਤ, ਦੇਖਭਾਲ ਅਤੇ ਪ੍ਰਾਪਰਟੀ ਟੈਕਸ ਕੱਢ ਕੇ ਬਾਕੀ ਥੋੜ੍ਹਾ ਹੀ ਬਚਦਾ ਹੈ।

ਹੁਣ ਫਰਜ਼ ਕਰੋ ਕਿ ਤੁਸੀਂ ਐੱਨਆਰਆਈ ਹੋ ਜੋ ਗੁੜਗਾਉਂ ਵਿੱਚ ਛੇ ਕਰੋੜ ਰੁਪਏ ਦਾ ਪ੍ਰੀਮੀਅਮ ਅਪਾਰਟਮੈਂਟ ਖਰੀਦਣਾ ਚਾਹੁੰਦੇ ਹੋ। ਟਰੰਪ ਦੇ ਟੈਕਸ ਤੋਂ ਬਾਅਦ ਉਹੀ ਫਲੈਟ ਤੁਹਾਨੂੰ 6.21 ਕਰੋੜ ਰੁਪਏ ਵਿੱਚ ਪਵੇਗਾ। ਪਿਛਲੇ ਇੱਕ ਸਾਲ ਵਿੱਚ ਗੁੜਗਾਉਂ ਵਿੱਚ ਰੀਅਲ ਅਸਟੇਟ ਕੀਮਤਾਂ ਵਿੱਚ ਔਸਤਨ 13 ਫ਼ੀਸਦੀ ਵਾਧਾ ਹੋਇਆ ਹੈ। ਪਹਿਲਾਂ ਜਿਸ ਫਲੈਟ 'ਤੇ ਤੁਹਾਨੂੰ 72 ਲੱਖ ਰੁਪਏ ਦੀ ਕਮਾਈ ਹੁੰਦੀ ਸੀ, ਹੁਣ ਉਸ ਤੋਂ ਤੁਹਾਨੂੰ 51 ਲੱਖ ਰੁਪਏ ਹੀ ਮਿਲਣਗੇ, ਜਿਸ ਦਾ ਮਤਲਬ ਹੈ ਕਿ ਤੁਹਾਡੀ ਸ਼ੁੱਧ ਕਮਾਈ ਵਿੱਚ ਕਰੀਬ 9 ਫ਼ੀਸਦੀ ਕਮੀ ਆ ਗਈ ਹੈ।

ਜਿਹੜੀ ਚੀਜ਼ ਰੀਅਲ ਅਸਟੇਟ ਲਈ ਸੱਚ ਹੈ, ਉਹ ਬਾਕੀ ਸਾਰੇ ਤਰ੍ਹਾਂ ਦੇ ਨਿਵੇਸ਼ਾਂ ਲਈ ਵੀ ਸੱਚ ਹੈ। ਮਸਲਨ, ਸ਼ੇਅਰ ਬਾਜ਼ਾਰ ਹੈ। ਗੁਜ਼ਰੇ ਤਿੰਨ ਸਾਲਾਂ 'ਚ ਨਿਫਟੀ ਨੇ ਸਾਲਾਨਾ 15 ਪ੍ਰਤੀਸ਼ਤ ਦਾ ਔਸਤ ਮੁਨਾਫਾ ਦਿੱਤਾ ਹੈ। ਜੇ ਐੱਨਆਰਆਈ ਨਿਫਟੀ ਦੀ ਸੂਚੀ ਵਾਲੇ ਫੰਡ 'ਚ 20 ਲੱਖ ਰੁਪਏ ਨਿਵੇਸ਼ ਕਰੇ ਤੇ ਵਾਪਸ ਇਹੀ ਲਾਭ ਮਿਲੇ ਤਾਂ ਉਸ ਵੱਲੋਂ ਕੀਤਾ ਗਿਆ ਨਿਵੇਸ਼ ਅਗਲੇ ਸਾਲ 23 ਲੱਖ ਰੁਪਏ ਹੋ ਚੁੱਕਾ ਹੋਵੇਗਾ। ਹੁਣ ਜੇ ਟਰੰਪ ਦੁਆਰਾ ਕਿਸੇ ਦੇ ਆਪਣੇ ਮੁਲਕ ਨੂੰ ਪੈਸੇ ਭੇਜਣ ਉਤੇ ਲਾਏ ਗਏ ਟੈਕਸ ਨੂੰ ਦੇਖਿਆ ਜਾਵੇ ਤਾਂ ਐੱਨਆਰਆਈ ਨੂੰ ਇਹੀ ਔਸਤ ਰਾਸ਼ੀ ਮੁਨਾਫੇ ਵਜੋਂ ਲੈਣ ਲਈ 20.7 ਲੱਖ ਰੁਪਏ ਨਿਵੇਸ਼ ਕਰਨੇ ਪੈਣਗੇ। ਦੂਜੇ ਸ਼ਬਦਾਂ ਵਿੱਚ, ਉਨ੍ਹਾਂ ਦਾ ਸ਼ੁੱਧ ਲਾਭ 11 ਪ੍ਰਤੀਸ਼ਤ ਡਿੱਗ ਜਾਵੇਗਾ।

ਨਿਵੇਸ਼ਾਂ ਤੋਂ ਇਹ ਲਾਭ ਉਸ ਮੁਨਾਫ਼ੇ ਨਾਲੋਂ ਬਹੁਤ ਘੱਟ ਹੈ ਜਿਹੜਾ ਐੱਨਆਰਆਈ ਹੁਣ ਤੱਕ ਲੈਂਦੇ ਰਹੇ ਹਨ। ਅਸਲ 'ਚ, ਮੁਦਰਾ ਕੀਮਤਾਂ ਨੂੰ ਵਿੱਚ ਜੋੜ ਕੇ ਦੇਖਣ ਤੋਂ ਬਾਅਦ ਉਨ੍ਹਾਂ ਲਈ ਭਾਰਤ 'ਚ ਨਿਵੇਸ਼ ਕਰਨਾ ਸ਼ਾਇਦ ਫ਼ਾਇਦੇ ਦਾ ਸੌਦਾ ਨਹੀਂ ਰਹੇਗਾ। ਉਦਾਹਰਨ ਨਾਲ ਸਮਝਾਉਂਦਾ ਹਾਂ। ਜੇ ਕਿਸੇ ਐੱਨਆਰਆਈ ਨੇ 1,00,000 ਡਾਲਰ ਭਾਰਤ ਲਿਆਉਣਾ ਹੋਵੇ ਤਾਂ ਉਸ ਨੂੰ ਇਸ ਦਾ 85 ਲੱਖ ਰੁਪਏ ਮਿਲੇਗਾ। ਚਲੋ ਮੰਨ ਲੈਂਦੇ ਹਾਂ ਕਿ ਉਹ ਇਸ ਨੂੰ ਵੰਡ ਲੈਂਦੇ ਹਨ ਅਤੇ ਗੁੜਗਾਉਂ ਰੀਅਲ ਅਸਟੇਟ ਤੇ ਸ਼ੇਅਰਾਂ 'ਚ ਬਰਾਬਰ ਗਿਣਤੀ 'ਚ ਨਿਵੇਸ਼ ਕਰ ਦਿੰਦੇ ਹਨ। ਸਾਡੇ ਅਨੁਮਾਨ 'ਚ, ਦੋ ਨਿਵੇਸ਼ ਇੱਕ ਸਾਲ ਵਿਚ ਉਨ੍ਹਾਂ ਨੂੰ ਔਸਤਨ 10 ਪ੍ਰਤੀਸ਼ਤ ਲਾਭ ਦੇਣਗੇ- ਨੌਂ ਪ੍ਰਤੀਸ਼ਤ ਰੀਅਲ ਅਸਟੇਟ 'ਤੇ ਅਤੇ 11 ਪ੍ਰਤੀਸ਼ਤ ਸ਼ੇਅਰ ਬਾਜ਼ਾਰ ਉੱਤੇ (ਦੇਸ਼ ਭੇਜੀ ਰਕਮ ਉੱਤੇ ਲੱਗੇ ਟੈਕਸ ਨੂੰ ਜੋੜਨ ਤੋਂ ਬਾਅਦ)। ਇਸ ਤਰ੍ਹਾਂ 85 ਲੱਖ ਰੁਪਏ 94 ਲੱਖ ਰੁਪਏ ਤੋਂ ਕੁਝ ਵੱਧ ਬਣਨਗੇ।

ਪਿਛਲੇ ਪੰਜ ਸਾਲਾਂ ਵਿੱਚ ਰੁਪਿਆ 2.5 ਪ੍ਰਤੀਸ਼ਤ ਦੀ ਸਾਲਾਨਾ ਔਸਤ ਨਾਲ ਡਿੱਗਿਆ ਹੈ। ਜੇ ਅਗਲੇ ਸਾਲ ਵੀ ਇਹ ਇਸੇ ਦਰ ਨਾਲ ਡਿੱਗਦਾ ਹੈ ਤਾਂ ਅਮਰੀਕੀ ਡਾਲਰ 87 ਰੁਪਏ ਤੋਂ ਕੁਝ ਵੱਧ ਦਾ ਹੋ ਜਾਵੇਗਾ। ਜੇ ਐੱਨਆਰਆਈ ਆਪਣੇ ਨਿਵੇਸ਼ ਨੂੰ ਮੁੜ ਡਾਲਰਾਂ 'ਚ ਤਬਦੀਲ ਕਰਨ ਤਾਂ ਸਾਲ ਦੇ ਅਖ਼ੀਰ ਤੱਕ ਉਨ੍ਹਾਂ ਨੂੰ 108,000 ਡਾਲਰ ਮਿਲ ਜਾਣਗੇ। ਜਦੋਂ ਅਸੀਂ ਕਰੰਸੀ ਦੀ ਹਿਲਜੁਲ ਤੇ ਪੈਸਾ ਭੇਜਣ 'ਤੇ ਲੱਗੇ ਟੈਕਸ ਨੂੰ ਜੋੜਾਂਗੇ ਤਾਂ ਇਹ ਸਿਰਫ਼ 8 ਪ੍ਰਤੀਸ਼ਤ ਮੁਨਾਫ਼ਾ ਹੋਵੇਗਾ।

ਇਸ ਦੀ ਤੁਲਨਾ ਦੁਨੀਆ ਦੀ ਸਭ ਤੋਂ ਸੁਰੱਖਿਅਤ ਸੰਪਤੀ 'ਤੇ ਮਿਲਦੇ ਲਾਭ ਨਾਲ ਕਰ ਕੇ ਦੇਖੋ- ਇੱਕ ਸਾਲ ਦਾ ਅਮਰੀਕੀ ਟ੍ਰਯੱਰੀ ਬਾਂਡ। ਉਸ 'ਤੇ ਮੁਦਰਾ ਲਾਭ ਚਾਰ ਪ੍ਰਤੀਸ਼ਤ ਤੋਂ ਜ਼ਿਆਦਾ ਹੈ। ਇੱਥੋਂ ਤੱਕ ਕਿ ਅਮਰੀਕਾ ਦਾ ਸਭ ਤੋਂ ਜੋਖ਼ਿਮ ਵਾਲਾ ਨਿਵੇਸ਼- ਮਿਸਾਲ ਦੇ ਤੌਰ 'ਤੇ ਦਿ ਡਾਓ ਜੋਨਸ, ਪਿਛਲੇ ਤਿੰਨ ਸਾਲਾਂ ਵਿੱਚ ਔਸਤਨ ਲਗਭਗ 10 ਪ੍ਰਤੀਸ਼ਤ ਦਾ ਮੁਨਾਫਾ ਦੇ ਰਿਹਾ ਹੈ। ਲਗਭਗ ਹਰ ਮਾਮਲੇ 'ਚ, ਜਦੋਂ ਤੁਸੀਂ ਭੇਜੀ ਗਈ ਰਕਮ 'ਤੇ ਤਜਵੀਜ਼ਸ਼ੁਦਾ ਟੈਕਸ ਦੇਖਦੇ ਹੋ ਤਾਂ ਭਾਰਤੀ ਅਸਾਸਿਆਂ 'ਚ ਐੱਨਆਰਆਈਜ਼ ਵੱਲੋਂ ਨਿਵੇਸ਼ ਕਰਨ ਦੀ ਕੋਈ ਜ਼ਿਆਦਾ ਤੁਕ ਨਹੀਂ ਬਣਦੀ। ਅਮਰੀਕਾ ਤੋਂ ਪਿੱਛੇ ਪਰਿਵਾਰਾਂ ਨੂੰ ਭੇਜੀ ਜਾਂਦੀ 80 ਪ੍ਰਤੀਸ਼ਤ ਰਕਮ, ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਹੁੰਦੀ ਹੈ। ਉਸ ਨੂੰ ਵੀ ਝਟਕਾ ਲੱਗੇਗਾ, ਭਾਵੇਂ ਥੋੜ੍ਹਾ ਹੀ ਸਹੀ। ਅਮਰੀਕਾ ਨਾਲ ਵਪਾਰਕ ਵਾਰਤਾ 'ਚ ਭਾਰਤ ਸਰਕਾਰ ਨੂੰ ਇਸ ਦਾ ਹੱਲ ਕਰਨਾ ਚਾਹੀਦਾ ਹੈ, ਟੈਕਸ ਵਾਪਸ ਕਰਾਉਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਜਾਂ ਘੱਟੋ-ਘੱਟ ਇਸ ਦਾ ਅਸਰ ਘਟਾਉਣ 'ਤੇ ਜ਼ੋਰ ਲੱਗਣਾ ਚਾਹੀਦਾ ਹੈ।

ਔਨਿੰਦਿਓ ਚੱਕਰਵਰਤੀ

# ਭਾਰਤ-ਪਾਕਿ ਝਗੜੇ ਅਤੇ ਆਲਮੀ ਭਾਈਚਾਰਾ

ਇਸ ਵੇਲੇ ਸਾਡੇ ਦੇਸ਼ ਦੇ ਬਹੁਤ ਸਾਰੇ ਕੋਨਿਆਂ ਤੋਂ ਇਕ ਆਵਾਜ਼ ਆ ਰਹੀ ਹੈ ਕਿ ਸਾਡੀ ਵਿਦੇਸ਼ ਨੀਤੀ ਦੀਆਂ ਬਹੁਤ ਕਮਜ਼ੋਰੀਆਂ ਹਨ ਜਿਸ ਕਰ ਕੇ ਪਾਕਿਸਤਾਨ ਨਾਲ ਹਾਲੀਆ ਝਮੇਲੇ ਦੌਰਾਨ ਦੁਨੀਆ ਦੇ ਦੇਸ਼ ਭਾਰਤ ਦੇ ਹੱਕ ਵਿਚ ਨਹੀਂ ਨਿੱਤਰੇ। ਇਹ ਸਾਡੀ ਵਿਦੇਸ਼ ਨੀਤੀ ਦੀ ਮੁਕੰਮਲ ਨਾਕਾਮੀ ਵੀ ਸਮਝੀ ਜਾਂਦੀ ਹੈ। ਠੀਕ ਹੈ, ਨਾਕਾਮੀਆਂ ਵੀ ਹਨ ਤੇ ਕਮਜ਼ੋਰੀਆਂ ਵੀ ਪਰ ਵੱਡਾ ਸਵਾਲ ਇਹ ਹੈ ਕਿ ਭਾਰਤ ਕਿਸ ਕਿਸਮ ਦੀ ਮਦਦ ਚਾਹੁੰਦਾ ਸੀ, ਜੋ ਨਹੀਂ ਮਿਲੀ। ਪਹਿਲਗਾਮ ਦੇ ਅਤਿਵਾਦੀ ਹਮਲੇ ਦੀ ਸਾਰੀ ਦੁਨੀਆ ਨੇ ਨਿੰਦਾ ਕੀਤੀ ਸੀ, ਬਹੁਤ ਮੁਲਕਾਂ ਨੇ ਭਾਰਤ ਨਾਲ ਹਮਦਰਦੀ ਵੀ ਜਤਾਈ। ਰੂਸ, ਜਪਾਨ ਤੇ ਕਈ ਮੁਲਕਾਂ ਦਾ ਬਹੁਤ ਠੋਕਵਾਂ ਬਿਆਨ ਸੀ ਕਿ ਉਹ ਅਤਿਵਾਦ ਵਿਰੁੱਧ ਹਰ ਲੜਾਈ ਵਿਚ ਭਾਰਤ ਦਾ ਸਾਥ ਦੇਣਗੇ ਲੇਕਿਨ ਇਸ ਦਾ ਮਤਲਬ ਇਹ ਨਹੀਂ ਲਿਆ ਜਾ ਸਕਦਾ ਸੀ ਕਿ ਉਨ੍ਹਾਂ ਨੇ ਪਾਕਿਸਤਾਨ ਵਿਰੁੱਧ ਲੜਾਈ ਵਿਚ ਭਾਰਤ ਦਾ ਸਾਥ ਦੇਣ ਦਾ ਵਚਨ ਦਿੱਤਾ ਸੀ। ਭਾਰਤ ਅੰਦਰ ਵਾਪਰਦੇ ਅਤਿਵਾਦੀ ਹਮਲਿਆਂ ਵਿਚ ਪਾਕਿਸਤਾਨ ਦਾ ਕਿਤਨਾ ਰੋਲ ਹੁੰਦਾ ਹੋਵੇਗਾ, ਇਹ ਵੱਖਰੀ ਗੱਲ ਹੈ ਪਰ ਅਤਿਵਾਦ ਤੇ ਪਾਕਿਸਤਾਨ ਨੂੰ ਸਮ-ਅਰਥੀ ਸ਼ਬਦ ਦੇ ਤੌਰ 'ਤੇ ਨਹੀਂ ਲਿਆ ਜਾ ਸਕਦਾ।

ਪਹਿਲਗਾਮ ਦੀ ਅਤਿਵਾਦੀ ਕਾਰਵਾਈ ਵੱਖਰੀ ਤਰ੍ਹਾਂ ਦੀ ਭਿਅੰਕਰ ਤੇ ਦਰਦਨਾਕ ਸੀ। ਇਸੇ ਵਾਸਤੇ ਸਾਰੀ ਦੁਨੀਆ ਨੇ ਇਸ ਉਪਰ ਦੁੱਖ ਦਾ ਇਜ਼ਹਾਰ ਕੀਤਾ ਲੇਕਿਨ ਸਪੱਸ਼ਟ ਹੈ ਕਿ ਇਸ ਕਾਰਵਾਈ ਨੂੰ ਪਾਕਿਸਤਾਨ ਉਪਰ ਹਵਾਈ ਹਮਲੇ ਕਰਨ ਵਾਸਤੇ ਵਾਜਬ ਕਾਰਨ ਨਹੀਂ ਸਮਝਿਆ ਗਿਆ। ਇਹ ਬਿਲਕੁਲ ਇਸੇ ਤਰ੍ਹਾਂ ਹੈ ਕਿ ਜਦੋਂ ਹਮਾਸ ਦੇ ਅਤਿਵਾਦੀਆਂ ਨੇ ਇਜਰਾਈਲ 'ਤੇ ਹਮਲਾ ਕਰ ਕੇ 300 ਲੋਕਾਂ ਨੂੰ ਬੰਦੀ ਬਣਾਇਆ ਤੇ ਹਜ਼ਾਰ ਦੇ ਕਰੀਬ ਨਾਗਰਿਕਾਂ ਨੂੰ ਮਾਰ ਦਿੱਤਾ ਤਾਂ ਸਾਰੀ ਦੁਨੀਆ ਨੇ ਨਿੰਦਾ ਕੀਤੀ ਸੀ ਪਰ ਇਸ ਦੇ ਜਵਾਬ ਵਿਚ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਦੀ ਅੰਧਾ-ਧੁੰਦ ਬੰਬਾਰੀ ਦੀ ਵੀ ਸਭ ਪਾਸਿਓਂ ਨਿੰਦਾ ਹੋਈ।

ਇਜ਼ਰਾਈਲ ਦਾ ਦਾਅਵਾ ਸੀ ਕਿ ਹਮਾਸ ਦੇ ਗੁਰੀਲਿਆਂ ਨੇ ਰਿਹਾਇਸ਼ੀ ਇਮਾਰਤਾਂ ਦੇ ਤਹਿਖਾਨਿਆਂ ਵਿਚ ਆਪਣੇ ਅੱਡੇ ਬਣਾਏ ਹਨ, ਹਥਿਆਰ ਜਮ੍ਹਾਂ ਕੀਤੇ ਹਨ ਤੇ ਇਥੇ ਹੀ ਸੁਰੰਗਾਂ ਬਣਾਈਆਂ ਹੋਈਆਂ ਹਨ। ਇਹ ਗੱਲਾਂ ਸੱਚੀਆਂ ਹੋ ਸਕਦੀਆਂ ਹਨ ਪਰ ਆਲਮੀ ਇਨਸਾਫ਼ ਦਾ ਇਹ ਤਕਾਜ਼ਾ ਤਾਂ ਰਹੇਗਾ ਹੀ ਕਿ ਕੁਝ ਬੇਕਸੂਰ ਲੋਕਾਂ ਨੂੰ ਬੰਦੀ ਬਣਾਏ ਜਾਣ ਤੇ ਕੁਝ



ਬੇਕਸੂਰ ਲੋਕਾਂ ਦੇ ਕਤਲ ਦੇ ਇਵਜ਼ ਵਿਚ ਕੁਝ ਹੋਰ ਬੇਕਸੂਰ ਲੋਕਾਂ ਦੀਆਂ ਹੱਤਿਆਵਾਂ ਨਹੀਂ ਕੀਤੀਆਂ ਜਾ ਸਕਦੀਆਂ। ਆਸਮਾਨ ਤੋਂ ਹੇਠਾਂ ਮਿਜ਼ਾਈਲ ਦਾਗਣ ਵਾਲਾ ਬੰਦਾ ਇਸ ਦੀ ਗਾਰੰਟੀ ਨਹੀਂ ਕਰ ਸਕਦਾ ਕਿ ਨਿਸ਼ਾਨੇ ਹੇਠਲੀ ਇਮਾਰਤ ਵਿਚ ਸਿਰਫ ਖੂਨੀ ਅਤਿਵਾਦੀ ਹੀ ਹੋਣਗੇ; ਇਸ ਵਿਚ ਕੋਈ ਸਾਧਾਰਨ ਵਿਅਕਤੀ, ਕੋਈ ਬੁਜ਼ੁਰਗ, ਔਰਤ ਜਾਂ ਬੱਚਾ ਨਹੀਂ ਹੋਵੇਗਾ। ਕਿਸੇ ਸਿਖਲਾਈ ਕੈਂਪ ਵਿਚ ਸਫ਼ਾਈ ਕਰਮਚਾਰੀ ਵੀ ਹੋ ਸਕਦੇ ਹਨ ਤੇ ਰਸੋਈ ਦੇ ਕਾਰੀਗਰ ਵੀ।

ਹੁਣ ਭਾਰਤ ਵੱਲੋਂ ਵੱਖ-ਵੱਖ ਪਾਰਟੀਆਂ ਦੇ ਸੰਸਦ ਮੈਂਬਰਾਂ ਦੇ ਵਫ਼ਦ ਦੂਸਰੇ ਮੁਲਕਾਂ ਵਿਚ ਭਾਰਤ ਦਾ ਪੱਖ ਰੱਖਣ ਵਾਸਤੇ ਭੇਜੇ ਗਏ ਹਨ। ਇਸ ਕੰਮ ਦੀ ਕਾਫ਼ੀ ਤਾਰੀਫ਼ ਹੋ ਰਹੀ ਹੈ ਲੇਕਿਨ ਦੇਸ਼ ਵਾਸੀਆਂ ਨੂੰ ਅਜੇ ਵੀ ਸਾਫ਼ ਨਹੀਂ ਕਿ ਇਹ ਕਿਸ ਤਰ੍ਹਾਂ ਦਾ ਪੱਖ ਰੱਖ ਰਹੇ ਹਨ ਤੇ ਦੂਸਰੇ ਦੇਸ਼ਾਂ ਤੋਂ ਕੀ ਮੰਗ ਜਾਂ ਉਮੀਦ ਰੱਖਣਗੇ। ਸਪੱਸ਼ਟ ਹੈ ਕਿ ਹਰ ਮੁਲਕ ਅਤਿਵਾਦ ਦੀ ਨਿੰਦਾ ਕਰੇਗਾ ਤੇ ਇਸ ਦੇ ਵਿਰੁੱਧ ਭਾਰਤ ਦੇ ਨਾਲ ਖੜ੍ਹਾ ਹੋਣ ਦੀ ਜਾਮਨੀ ਵੀ ਦੇਵੇਗਾ ਪਰ ਕੀ ਕੋਈ ਮੁਲਕ ਪਾਕਿਸਤਾਨ ਵਿਰੁੱਧ ਲੜਾਈ ਵਿਚ ਸਹਾਇਤਾ ਕਰਨ ਦਾ ਵਚਨ ਦੇਵੇਗਾ, ਅਜਿਹਾ ਹੋਣਾ ਬਹੁਤ ਮੁਸ਼ਕਿਲ ਹੈ।

ਇਹ ਸਥਾਪਤ ਦਸਤੂਰ ਹੈ ਕਿ ਕਿਸੇ ਵੀ ਝਗੜੇ ਵਿਚ, ਚਾਹੇ ਉਹ ਦੋ ਵਿਅਕਤੀਆਂ ਵਿਚ ਹੋਵੇ ਜਾਂ ਮੁਲਕਾਂ ਦਰਮਿਆਨ, ਕਿਸੇ ਇਕ ਨੂੰ ਚੁੱਕਣ ਜਾਂ ਹੱਲਾਸ਼ੇਰੀ ਦੇਣ ਵਾਲਾ ਸੱਚਾ ਦੋਸਤ ਨਹੀਂ ਗਿਣਿਆ ਜਾਂਦਾ। ਸੱਚਾ ਦੋਸਤ ਉਹ ਗਿਣਿਆ ਜਾਂਦਾ ਹੈ ਜੋ ਦੋਹਾਂ ਵਿਚ ਸੁਲਾਹ ਸਫ਼ਾਈ ਕਰਵਾਉਣ ਵਿਚ ਮਦਦ ਕਰੇ। ਇਨ੍ਹਾਂ ਦੌਰਿਆਂ ਦੌਰਾਨ ਹੀ ਇੰਗਲੈਂਡ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਜੇ ਭਾਰਤ ਤੇ ਪਾਕਿਸਤਾਨ ਕਿਸੇ ਦੂਸਰੇ ਮੁਲਕ ਵਿਚ ਆਪਸੀ ਗੱਲਬਾਤ ਕਰਨ ਤਾਂ ਚੰਗੇ ਨਤੀਜੇ ਨਿਕਲ ਸਕਦੇ ਹਨ। ਇਹ ਸਾਲਸੀ ਦੀ ਪੇਸ਼ਕਸ਼ ਨਹੀਂ, ਸਿਰਫ਼ ਬੈਠਣ ਦਾ ਪ੍ਰਬੰਧ ਕਰਨ ਦੀ ਤਜਵੀਜ਼ ਹੈ, ਜਿਵੇਂ ਰੂਸ ਤੇ ਯੂਕਰੇਨ ਵਿਚਕਾਰ ਗੱਲਬਾਤ ਸਾਊਦੀ ਅਰਬ 'ਚ ਹੁੰਦੀ ਰਹੀ, ਤੁਰਕੀ ਵਿਚ ਵੀ ਹੋ ਰਹੀ ਹੈ, ਜ਼ਿਆਦਾ ਭਾਵੇਂ ਕੁਝ ਨਹੀਂ ਹੋਇਆ ਪਰ ਚਲੋ, ਦੋਵੇਂ ਮੁਲਕ ਇਕ ਦੂਜੇ ਦੇ ਕੈਦੀਆਂ ਨੂੰ ਛੱਡ ਰਹੇ ਹਨ।

ਜਿਹੜਾ ਹੁਣ ਅਸੀਂ ਦੂਜੇ ਦੇਸ਼ਾਂ ਦੇ ਦੌਰੇ ਕਰ ਕੇ ਆਪਣਾ ਪੱਖ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਇਸ ਦਾ ਸੌਖਾ ਤੇ ਕਾਰਗਰ ਤਰੀਕਾ ਇਹ ਸੀ ਕਿ ਅਸੀਂ ਪਹਿਲਗਾਮ ਦੇ ਹਮਲੇ ਤੋਂ ਫੌਰੀ ਬਾਅਦ ਇਸ ਦੀ ਸੰਯੁਕਤ ਰਾਸ਼ਟਰ ਅੱਗੇ ਸ਼ਿਕਾਇਤ ਕਰਦੇ; ਪਾਕਿਸਤਾਨ ਦੀ ਭੂਮਿਕਾ ਦੇ ਪੂਰੇ ਸਬੂਤ ਰੱਖ ਸਕਦੇ ਸਾਂ। ਉੱਥੇ ਬਹਿਸ ਕਰਨ ਦਾ ਵੱਡਾ ਲਾਭ ਇਹ ਹੁੰਦਾ ਕਿ ਸਾਡੇ ਸਾਹਮਣੇ ਪਾਕਿਸਤਾਨ ਦਾ ਪੱਖ ਵੀ ਆ ਜਾਂਦਾ ਤੇ ਅਸੀਂ ਉਸ ਦਾ ਜਵਾਬ ਵੀ ਦੇ ਸਕਦੇ। ਅਸਲ ਵਿਚ ਜਵਾਬ ਤੇ ਮੋੜਵਾਂ ਜਵਾਬ ਦੇਣ ਦਾ ਅਖਾੜਾ ਹੀ ਆਲਮੀ ਪੰਚਾਇਤ ਦਾ ਇਕੱਠ ਬਣਦਾ ਹੈ। ਇਹ ਕੁਝ ਆਸਮਾਨਾਂ ਵਿਚ ਮਹਿੰਗੇ ਜੰਗੀ ਜਹਾਜ਼ਾਂ ਰਾਹੀਂ ਸੰਭਵ ਨਹੀਂ ਹੋ ਸਕਦਾ।

ਫਿਰ ਜਦੋਂ ਸਾਡੇ ਵਫ਼ਦ ਦੁਨੀਆ ਨਾਲ ਗੱਲਬਾਤ ਕਰਨ ਗਏ ਤਾਂ ਪਹਿਲਾਂ ਦੂਰ-ਦਰਾਜ਼ ਦੇ ਦੇਸ਼ ਹੀ ਚੁਣੇ ਗਏ। ਸਾਡੇ ਗੁਆਂਢੀ ਦੇਸ਼ ਵਿਸਾਰੇ ਹੀ ਰਹਿ ਗਏ। ਮੰਨਿਆ ਕਿ ਪਾਕਿਸਤਾਨ ਨਾਲ ਤਾਂ ਝਗੜਾ ਸੀ ਤੇ ਚੀਨ ਉਸ ਦਾ ਸਾਥ ਦੇ ਰਿਹਾ ਸੀ, ਸਾਨੂੰ ਨੇਪਾਲ, ਭੂਟਾਨ, ਸ੍ਰੀਲੰਕਾ, ਬੰਗਲਾਦੇਸ਼ ਤੇ ਮਾਲਦੀਵ ਨਾਲ ਤਾਂ ਪਹਿਲ ਦੇ ਆਧਾਰ 'ਤੇ ਗੱਲ ਕਰਨੀ ਚਾਹੀਦੀ ਸੀ। ਠੀਕ ਹੈ, ਇਹ ਦੇਸ਼ ਛੋਟੇ ਹਨ, ਇਨ੍ਹਾਂ ਪਾਸ ਸਾਨੂੰ ਦੇਣ ਜੋਗੇ ਜੰਗੀ ਜਹਾਜ਼ ਨਹੀਂ ਹੋਣਗੇ ਪਰ ਇਨ੍ਹਾਂ ਨਾਲ ਸਾਡਾ ਸਭ ਤੋਂ ਨਜ਼ਦੀਕੀ ਰਿਸ਼ਤਾ ਹੈ, ਇਹ ਸਾਡੇ ਗੁਆਂਢੀ ਹੀ ਨਹੀਂ, ਸਾਡਾ ਆਂਢ-ਗੁਆਂਢ ਹੈ, ਸਾਡਾ ਮਹੱਲਾ ਹੈ। ਇਨ੍ਹਾਂ ਮੁਲਕਾਂ ਵਿੱਚੋਂ ਵੀ ਅੱਗੇ ਬੰਗਲਾਦੇਸ਼ ਹੀ ਇੱਕੋ-ਇੱਕ ਮੁਲਕ ਹੈ ਜੋ ਜੰਮੂ ਤੇ ਕਸ਼ਮੀਰ ਨੂੰ ਭਾਰਤ ਦਾ ਹਿੱਸਾ ਤਸਲੀਮ ਕਰਦਾ ਹੈ। ਅਸੀਂ ਆਪਣੀ ਵਿਦੇਸ਼ ਨੀਤੀ ਦੀਆਂ ਕਈ ਨਾਕਾਮੀਆਂ ਦੀ ਗੱਲ ਕਰਦੇ ਹਾਂ ਪਰ ਸਭ ਤੋਂ ਵੱਡੀ ਨਾਕਾਮੀ 'ਸਾਰਕ' ਸੰਗਠਨ ਦਾ ਟੁੱਟਣਾ ਹੈ। ਸਭ ਤੋਂ ਵੱਡਾ ਮੁਲਕ ਹੋਣ ਦੇ ਨਾਤੇ ਇਸ ਸੰਗਠਨ ਨੂੰ ਬਣਾਏ ਰੱਖਣਾ ਭਾਰਤ ਦੀ ਜ਼ਿੰਮੇਵਾਰੀ ਹੈ।

ਦਹਿਸ਼ਤਗਰਦੀ ਬਹੁਤ ਦਰਦਨਾਕ ਹੈ ਤੇ ਇਹ ਸਾਰੀ ਦੁਨੀਆ ਵਿਚ ਹੀ ਕਿਧਰੇ ਨਾ ਕਿਧਰੇ ਮੌਜੂਦ ਹੈ। ਇਸ ਬਾਰੇ ਸਾਂਝੀ ਆਲਮੀ ਸੋਚ ਬਣਨੀ ਚਾਹੀਦੀ ਹੈ, ਸਿਰਫ਼ ਨਿੰਦਾ ਕਾਫ਼ੀ ਨਹੀਂ ਹੋਵੇਗੀ, ਨਾ ਹੀ ਅਜਿਹੇ ਪ੍ਰਣ ਕਿ ਦਹਿਸ਼ਤਗਰਦੀ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਵੱਡੇ ਮਾਰੂ ਬੰਬਾਰ ਹਵਾਈ ਜਹਾਜ਼ ਤੇ ਮਿਜ਼ਾਇਲਾਂ ਇਸ ਮਾਮਲੇ ਵਿਚ ਕਿਸੇ ਕੰਮ ਨਹੀਂ ਆ ਸਕਦੀਆਂ। ਸਾਡੇ ਮੁਲਕ ਵਿਚ ਜੰਮੂ ਤੇ ਕਸ਼ਮੀਰ ਤੋਂ ਇਲਾਵਾ ਅਸਾਮ, ਮਨੀਪੁਰ ਆਦਿ ਸੂਬਿਆਂ ਵਿਚ ਵੀ ਦਹਿਸ਼ਤਗਰਦੀ ਹੈ। ਜੇ ਇਸ ਰਾਹੀਂ ਹੁੰਦੀਆਂ ਮੌਤਾਂ ਦਾ ਹਿਸਾਬ ਲਗਾਈਏ ਤਾਂ ਪਿਛਲੇ ਦੋ ਤਿੰਨ ਸਾਲਾਂ ਵਿਚ ਹੀ ਛੱਤੀਸਗੜ੍ਹ ਤੇ ਝਾਰਖੰਡ ਵਿਚ ਵਾਪਰੀਆਂ ਮੌਤਾਂ ਜੰਮੂ ਤੇ ਕਸ਼ਮੀਰ ਨਾਲੋਂ ਕਿਤੇ ਵੱਧ ਹਨ। ਇੱਥੇ ਕਿਹੜੇ ਰਾਫਾਲ ਤੇ ਮਿਰਾਜ ਕੰਮ ਆਉਣਗੇ ? ਇਸ ਵਾਸਤੇ ਸਭ ਤੋਂ ਜ਼ਰੂਰੀ ਹੈ, ਦਹਿਸ਼ਤਗਰਦੀ ਜਾਂ ਅਤਿਵਾਦ ਦੀਆਂ ਜੜ੍ਹਾਂ ਦੀ ਤਾਲਾਸ਼ ਕਰਨਾ; ਅਜਿਹੀ ਸੋਚ ਦੀਆਂ ਜੜ੍ਹਾਂ ਦੀ ਤਲਾਸ਼ ਕਰਨਾ ਹੈ ਤੇ ਉਸ ਦਾ ਹੱਲ ਤਲਾਸ਼ਣਾ ਹੈ, ਬਾਕੀ ਕੰਮ ਬਾਅਦ ਦੇ ਹਨ।

**ਅਭੈ ਸਿੰਘ**

# ਪਾਣੀ ਵਿਵਾਦ

**ਹਸਪਤਾਲਾਂ 'ਚ ਬਿਸਤਰਿਆਂ, ਆਕਸੀਜਨ ਤੇ ਦਵਾਈਆਂ ਦੀ ਘਾਟ ਨੇ ਸਥਿਤੀ ਨੂੰ ਹੋਰ ਵਿਗੜਿਆ। ਅਜਿਹੇ 'ਚ ਕੋਰੋਨਾ ਵਾਇਰਸ ਦਾ ਮੁੜ ਉਭਾਰ ਭਾਰਤ ਲਈ ਇਕ ਚਿਤਾਵਨੀ ਹੈ। ਹਾਲਾਂਕਿ ਪਹਿਲਾਂ ਦੀਆਂ ਲਹਿਰਾਂ ਨੇ ਸਾਨੂੰ ਬਹੁਤ ਕੁਝ ਸਿਖਾਇਆ ਹੈ ਪਰ ਨਵੇਂ ਵੇਰੀਐਂਟ ਦੀਆਂ ਚੁਣੌਤੀਆਂ ਨੂੰ ਨਜਰਅੰਦਾਜ ਨਹੀਂ ਕੀਤਾ ਜਾ ਸਕਦਾ।**

ਕੋਰੋਨਾ ਵਾਇਰਸ ਦਾ ਨਵਾਂ ਵੇਰੀਐਂਟ (ਜੇਐੱਨ 1) ਇਕ ਵਾਰ ਮੁੜ ਦੇਸ 'ਚ ਪੈਰ ਪਸਾਰ ਰਿਹਾ ਹੈ। ਦੇਸ ਭਰ 'ਚ ਇਸ ਦੇ ਸਰਗਰਮ ਮਾਮਲਿਆਂ ਦੀ ਗਿਣਤੀ ਇਕ ਹਜਾਰ ਟੱਪ ਚੁੱਕੀ ਹੈ ਜਦਕਿ ਪੰਜਾਬ 'ਚ ਵੀ ਇਸ ਨੇ ਦਸਤਕ ਦੇ ਦਿੱਤੀ ਹੈ। ਇਸ ਤੋਂ ਸੂਬਾ ਸਰਕਾਰ ਤੇ ਜਨਤਾ ਨੂੰ ਸਾਵਧਾਨ ਹੋਣ ਦੀ ਲੋੜ ਹੈ।



ਪਹਿਲੀ ਵਾਰ 30 ਜਨਵਰੀ 2020 ਨੂੰ ਭਾਰਤ 'ਚ ਉਦੋਂ ਕੋਰੋਨਾ ਦੇ ਕੇਸ ਸਾਹਮਣੇ ਆਏ ਸਨ ਜਦੋਂ ਕੇਰਲ 'ਚ ਵੂਹਾਨ ਤੋਂ ਵਾਪਸ ਆਏ ਤਿੰਨ ਮੈਡੀਕਲ ਵਿਦਿਆਰਥੀਆਂ 'ਚ ਇਸ ਦੀ ਪੁਸਟੀ ਹੋਈ ਸੀ। ਇਸ ਮਗਰੋਂ ਮਾਰਚ 2020 'ਚ ਪੂਰੇ ਦੇਸ 'ਚ ਲਾਕਡਾਊਨ ਲਗਾ ਦਿੱਤਾ ਗਿਆ ਸੀ ਪਰ 2021 ਵਿਚ ਕੋਰੋਨਾ ਦੇ ਡੈਲਟਾ ਵੇਰੀਐਂਟ ਨੇ ਤਬਾਹੀ ਮਚਾਈ ਸੀ। ਇਸ ਨੇ ਭਾਰਤ ਦੀ ਸਿਹਤ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਚੁਣੌਤੀ ਦਿੱਤੀ।

ਹਸਪਤਾਲਾਂ 'ਚ ਬਿਸਤਰਿਆਂ, ਆਕਸੀਜਨ ਤੇ ਦਵਾਈਆਂ ਦੀ ਘਾਟ ਨੇ ਸਥਿਤੀ ਨੂੰ ਹੋਰ ਵਿਗੜਿਆ। ਅਜਿਹੇ 'ਚ ਕੋਰੋਨਾ ਵਾਇਰਸ ਦਾ ਮੁੜ ਉਭਾਰ ਭਾਰਤ ਲਈ ਇਕ ਚਿਤਾਵਨੀ ਹੈ। ਹਾਲਾਂਕਿ ਪਹਿਲਾਂ ਦੀਆਂ ਲਹਿਰਾਂ ਨੇ ਸਾਨੂੰ ਬਹੁਤ ਕੁਝ ਸਿਖਾਇਆ ਹੈ ਪਰ ਨਵੇਂ ਵੇਰੀਐਂਟ ਦੀਆਂ ਚੁਣੌਤੀਆਂ ਨੂੰ ਨਜਰਅੰਦਾਜ ਨਹੀਂ ਕੀਤਾ ਜਾ ਸਕਦਾ। ਮੌਜੂਦਾ ਜੇਐੱਨ 1 ਵੇਰੀਐਂਟ ਨੂੰ ਵਿਗਿਆਨੀਆਂ ਨੇ ਪਹਿਲਾਂ ਨਾਲੋਂ ਵਧੇਰੇ ਸੰਚਾਰਕ ਮੰਨਿਆ ਹੈ।

ਇਹ ਵੇਰੀਐਂਟ ਓਮੀਕਰੋਨ ਦੀ ਉਪ-ਕਿਸਮ ਹੈ ਤੇ ਇਸ ਦੀ ਤੇਜੀ ਨਾਲ ਫੈਲਣ ਦੀ ਸਮਰੱਥਾ ਨੇ ਮਾਹਿਰਾਂ ਨੂੰ ਚਿੰਤਤ ਕੀਤਾ ਹੈ। ਇਸ ਦੇ ਲੱਛਣ ਪਹਿਲਾਂ ਵਾਲੇ ਵੇਰੀਐਂਟਾਂ ਵਰਗੇ ਹੀ ਹਨ ਜਿਨ੍ਹਾਂ ਵਿਚ ਖੰਘ, ਬੁਖਾਰ, ਸਾਹ ਲੈਣ 'ਚ ਮੁਸਕਲ ਤੇ ਸਰੀਰਕ ਦਰਦਾਂ ਸਾਮਲ ਹਨ। ਹਾਲਾਂਕਿ ਇਸ ਵੇਰੀਐਂਟ ਦੀ ਗੰਭੀਰਤਾ ਤੇ ਮੌਤ ਦਰ ਬਾਰੇ ਹਾਲੇ ਕੁਝ ਵੀ ਸਪਸ਼ਟ ਨਹੀਂ ਹੈ। ਕੋਰੋਨਾ ਦੀਆਂ ਪਹਿਲੀਆਂ ਲਹਿਰਾਂ ਨੇ ਭਾਰਤ ਦੇ ਅਰਥਚਾਰੇ ਤੇ ਸਮਾਜਿਕ ਢਾਂਚੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ। ਤਾਲਾਬੰਦੀ ਕਾਰਨ ਲੱਖਾਂ ਮਜਦੂਰਾਂ ਨੂੰ ਆਪਣੇ ਘਰਾਂ ਨੂੰ ਵਾਪਸ ਜਾਣਾ ਪਿਆ ਤੇ ਕਈ ਉਦਯੋਗ ਬੰਦ ਹੋ ਗਏ ਸਨ। ਹੁਣ ਫਿਰ ਕੋਰੋਨਾ ਦੀ ਵਾਪਸੀ ਦਾ ਅਰਥ-ਵਿਵਸਥਾ 'ਤੇ ਅਸਰ ਪੈਣ ਦਾ ਖਤਰਾ ਮੰਡਰਾ ਰਿਹਾ ਹੈ।

ਸਕੂਲਾਂ ਤੇ ਕੰਮ ਵਾਲੀਆਂ ਥਾਵਾਂ 'ਤੇ ਪਾਬੰਦੀਆਂ ਦੀ ਸੰਭਾਵਨਾ ਨੇ ਲੋਕਾਂ ਵਿਚ ਚਿੰਤਾ ਵਧਾ ਦਿੱਤੀ ਹੈ। ਸਮਾਜਿਕ ਪੱਖੋਂ ਮਹਾਮਾਰੀ ਨੇ ਲੋਕਾਂ ਦੀ ਮਾਨਸਿਕ ਸਿਹਤ 'ਤੇ ਵੀ ਡੂੰਘਾ ਅਸਰ ਪਾਇਆ ਸੀ। ਇਸ ਸਭ ਦੇ ਮੱਦੇਨਜਰ ਭਾਰਤ ਨੂੰ ਇਕ ਮਜਬੂਤ ਰਣਨੀਤੀ ਦੀ ਲੋੜ ਹੈ। ਸਭ ਤੋਂ ਪਹਿਲਾਂ ਟੀਕਾਕਰਨ ਮੁਹਿੰਮ ਨੂੰ ਹੋਰ ਤੇਜ ਕਰਨ ਦੀ ਲੋੜ ਹੈ, ਖਾਸ ਕਰ ਕੇ ਗਰੀਬ ਤੇ ਪੇਂਡੂ ਖੇਤਰਾਂ 'ਚ। ਸਿਹਤ-ਸੰਭਾਲ ਸਹੂਲਤਾਂ ਨੂੰ ਮਜਬੂਤ ਕਰਨ ਲਈ ਨਿਵੇਸ ਵਧਾਉਣਾ ਚਾਹੀਦਾ ਹੈ।

ਜਨਤਕ ਜਾਗਰੂਕਤਾ ਮੁਹਿੰਮਾਂ ਨੂੰ ਸੋਸਲ ਮੀਡੀਆ ਤੇ ਸਥਾਨਕ ਭਾਸਾਵਾਂ ਵਿਚ ਪ੍ਰਚਾਰਿਤ ਕਰਨਾ ਚਾਹੀਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਲੋਕਾਂ ਨੂੰ ਵੀ ਆਪਣੀ ਜਿੰਮੇਵਾਰੀ ਨਿਭਾਉਣੀ ਚਾਹੀਦੀ। ਮਾਸਕ ਪਹਿਨਣ, ਸਮਾਜਿਕ ਦੂਰੀ ਬਣਾ ਕੇ ਰੱਖਣ ਤੇ ਟੀਕਾਕਰਨ ਕਰਵਾਉਣ ਵਰਗੇ ਸਾਧਾਰਨ ਕਦਮ ਵਾਇਰਸ ਦੇ ਫੈਲਾਅ ਨੂੰ ਰੋਕਣ 'ਚ ਮਦਦ ਕਰ ਸਕਦੇ ਹਨ। ਕੇਂਦਰ ਤੇ ਸੂਬਾ ਸਰਕਾਰਾਂ ਤੇ ਜਨਤਾ ਦੇ ਸਾਂਝੇ ਯਤਨਾਂ ਨਾਲ ਹੀ ਇਸ ਮਹਾਮਾਰੀ ਦਾ ਟਾਕਰਾ ਕੀਤਾ ਜਾ ਸਕਦਾ ਹੈ।

ਇਸ ਲਈ ਸ਼ਾਸਨ-ਪ੍ਰਸ਼ਾਸਨ, ਸਿਹਤ ਸੰਸਥਾਵਾਂ ਤੇ ਜਨਤਾ ਨੂੰ ਹੁਣ ਤੋਂ ਹੀ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਸਾਵਧਾਨੀ, ਜਾਗਰੂਕਤਾ ਤੇ ਸਮੇਂ ਸਿਰ ਕੀਤੇ ਗਏ ਉਪਰਾਲੇ ਹੀ ਇਸ ਮਹਾਮਾਰੀ ਦੇ ਪ੍ਰਭਾਵ ਨੂੰ ਘੱਟ ਕਰ ਸਕਦੇ ਹਨ। ਲਾਜਮੀ ਹੋ ਗਿਆ ਹੈ ਕਿ ਇਸ ਸਮੇਂ ਇਕੱਠੇ ਹੋ ਕੇ ਇਸ ਚੁਣੌਤੀ ਦਾ ਸਾਹਮਣਾ ਕੀਤਾ ਜਾਵੇ ਤਾਂ ਜੋ ਅਸੀਂ ਇਕ ਸੁਰੱਖਿਅਤ ਤੇ ਸਿਹਤਮੰਦ ਭਵਿੱਖ ਵੱਲ ਵਧ ਸਕੀਏ।

## ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

# ਕਿਸੇ ਨੂੰ ਮਾਂਹ ਵਾਦੀ, ਕਿਸੇ ਨੂੰ ਸੁਆਦੀ

ਡੌਨਲਡ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਨਾਲ ਸਾਰੀ ਦੁਨੀਆ ਵਿੱਚ ਉਸ ਵੇਲੇ ਤਹਿਲਕਾ ਮਚ ਗਿਆ ਜਦ ਉਸਨੇ ਅਮਰੀਕਾ ਵਿੱਚ ਨੂੰ ਗੈਰ ਕਾਨੂੰਨੀ ਤੌਰ ਤੇ ਗਏ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ ਸੀ। ਪਨਾਮਾ ਰਸਤੇ ਡੌਂਕੀ ਲਗਾ ਕੇ ਅਮਰੀਕਾ ਪਹੁੰਚਣ ਵਾਲਿਆਂ ਲਈ ਵੀ ਮੁਸੀਬਤ ਆ ਗਈ ਸੀ। ਗੈਰ ਕਾਨੂੰਨੀ ਪ੍ਰਵਾਸੀਆਂ ਦੇ ਜਹਾਜ ਭਰ ਕੇ ਅਮਰੀਕਾ ਤੋਂ ਬਾਹਰ ਭੇਜੇ ਜਾਣ ਲੱਗੇ। ਜਦ ਜਹਾਜ ਅੰਮ੍ਰਿਤਸਰ ਪਹੁੰਚਿਆ ਸੀ ਆਪਾਂ ਨੂੰ ਪਤਾ ਹੀ ਹੈ, ਕਿ ਕਿੰਨੀ ਹਾਹਾਕਾਰ ਮਚੀ ਸੀ। ਪ੍ਰਵਾਸੀਆਂ ਪ੍ਰਤੀ ਟਰੰਪ ਦੇ ਇਸ ਰਵਈਏ ਤੋਂ ਇਲਾਵਾ ਉਸਦੀ ਦੂਜੇ ਕਈ ਦੇਸ਼ਾਂ ਪ੍ਰਤੀ ਖਹਿਬਾਜੀ ਵੀ ਸ਼ੁਰੂ ਹੋ ਗਈ ਸੀ। ਇੱਥੋਂ ਤੱਕ ਕਿ ਉਸਨੇ ਟਰੂਡੋ ਦੇ ਹੁੰਦੇ ਹੋਏ ਕੈਨੇਡਾ ਨਾਲ ਵੀ ਆਢਾ ਲੈ ਲਿਆ ਸੀ। ਕਹਿੰਦਾ ਸੀ ਕਿ ਉਹ ਕੈਨੇਡਾ ਦੀ ਹੋਂਦ ਖਤਮ ਕਰਵਾ ਕੇ ਉਸਨੂੰ ਅਮਰੀਕਾ ਦਾ 51ਵਾਂ ਸੂਬਾ ਬਣਵਾ ਲਵੇਗਾ। ਦੁਨੀਆਂ ਵਿੱਚ ਟਰੰਪ ਦੀ ਆਲੋਚਨਾ ਉਦੋਂ ਜ਼ੋਰਾਂ ਤੇ ਸੀ। ਇੱਥੋਂ ਤੱਕ ਕਿ ਅਮਰੀਕਾ ਦੀਆਂ ਅਦਾਲਤਾਂ ਵੀ ਟਰੰਪ ਨੂੰ ਸ਼ੱਕੀ ਨਜ਼ਰ ਨਾਲ ਦੇਖਣ ਲੱਗ ਪਈਆਂ ਸਨ। ਜਿਨ੍ਹਾਂ ਅਮਰੀਕਾ ਵਿੱਚ ਬਾਹਰ ਕੱਢੇ ਪ੍ਰਵਾਸੀਆਂ ਦੇ ਲੱਖਾਂ ਰੁਪਏ ਡੁੱਬ ਗਏ ਸਨ ਉਹਨਾਂ ਨੂੰ ਟਰੰਪ ਜ਼ਹਿਰ ਲੱਗਦਾ ਸੀ।

ਸਮੇਂ ਨੇ ਕਰਵਟ ਲਈ। ਕਸ਼ਮੀਰ ਵਿੱਚ ਪਹਿਲਗਾਮ ਵਿਖੇ ਕੁਝ ਸੈਲਾਨੀਆਂ ਦਾ ਕਤਲ ਹੋ ਗਿਆ। ਦੁਨੀਆਂ ਵਿੱਚ ਫਿਰ ਹੜਕੰਪ ਮੱਚ ਗਿਆ। ਭਾਰਤ ਤੇ ਪਾਕਿਸਤਾਨ ਆਪਸ ਵਿੱਚ ਸੀਖ ਭਾਰ ਹੋ ਗਏ। ਮੀਡੀਆ ਨੇ ਚਿੰਗਾਰੀ ਨੂੰ ਅੱਗ ਦਾ ਰੂਪ ਦੇਣ ਵਿੱਚ ਕੋਈ ਕਸਰ ਨਹੀਂ ਛੱਡੀ । ਗੋਦੀ ਮੀਡੀਆ ਮੋਦੀ ਦੀਆਂ ਤਾਰੀਫਾਂ ਦੇ ਪੁੱਲ ਬੰਨਦਾ ਰਿਹਾ। ਪਾਕਿਸਤਾਨੀ ਮੀਡੀਆ ਭਾਰਤ ਦੀ ਮੋਦੀ ਸਰਕਾਰ ਦੀ ਬਦਖੋਹੀ ਕਰਦਾ ਰਿਹਾ। ਹਸ਼ਰ ਇਹ ਹੋਇਆ ਕਿ ਦੋਨੋਂ ਦੇਸ਼ ਜੰਗ ਲੜਨ ਦੇ ਮੁਹਾਣੇ ਤੇ ਪਹੁੰਚ ਗਏ। ਧੁਖਦੀ ਅੱਗ ਚੋਂ ਧੂਆਂ ਨਿਕਲਣਾ ਤੇਜ਼ ਹੋ ਗਿਆ। ਫਿਰ ਇਹ ਭਾਂਬੜ ਬਣਨ ਵੱਲ ਨੂੰ ਵਧਣ ਲੱਗੀ। ਸੀਮਾ ਨੇੜਲੇ ਪਿੰਡ ਖਾਲੀ ਹੋਣੇ ਸ਼ੁਰੂ ਹੋ ਗਏ। ਪ੍ਰਵਾਸੀ ਮਜ਼ਦੂਰ ਪੰਜਾਬ ਨੂੰ ਛੱਡ ਕੇ ਯੂ. ਪੀ, ਬਿਹਾਰ ਨੂੰ ਭੱਜਣ ਲੱਗੇ। ਲੋਕਾਂ ਦੀ ਨੀਂਦ ਖਰਾਬ ਹੋਣ ਲੱਗੀ। ਛੋਟੇ ਬੰਬਾਂ ਦੀ ਆਵਾਜ਼ ਸੁਣਨ ਲੱਗੀ। ਚੰਦ ਕੁ ਮੌਤਾਂ ਵੀ ਹੋ ਗਈਆਂ। ਦੇਸ਼ਾਂ ਦੀ ਹਮਦਰਦੀ ਭਾਰਤ ਤੇ ਪਾਕਿਸਤਾਨ ਨਾਲ ਵਧਣੀ ਸ਼ੁਰੂ ਹੋ ਗਈ। ਚੀਨ ਪਾਕਿਸਤਾਨ ਦੀ ਮਦਦ ਲਈ ਖੜ੍ਹਾ ਹੋ ਗਿਆ। ਤੁਰਕੀ ਵੀ ਪਾਕਿਸਤਾਨ ਦੀ ਤਰਫ ਤੇ ਆ ਗਿਆ। ਰੂਸ ਦਾ ਮਾੜਾ ਮਾੜਾ ਝੁਕਾਅ ਭਾਰਤ ਵੱਲ ਹੋਣ ਲੱਗਾ। ਸਿੱਖਾਂ ਦੇ ਆਪਣੀ ਕਿਸਮ ਦੇ ਬਿਆਨ ਆਉਣ ਲੱਗੇ। ਕੁਝ ਸਿੱਖਾਂ ਨੇ ਖੁੱਲ੍ਹ ਕੇ ਕਹਿ ਦਿੱਤਾ ਕਿ ਉਹ ਨਿਰਪੱਖ ਰਹਿਣਗੇ। ਕੁਝ ਖਾਲਿਸਤਾਨੀ ਪੱਖੀ ਸਿੱਖਾਂ ਨੇ ਪਾਕਿਸਤਾਨ ਦੇ ਹੱਕ ਵਿੱਚ ਸਟੈਂਡ ਲੈ ਲਿਆ ।ਲੱਗਦਾ ਸੀ ਕਿ ਕੁਝ ਵੱਡਾ ਹੋਣ ਵਾਲਾ ਏ। 10-11 ਮਈ ਨੂੰ ਖਬਰ ਆ ਗਈ ਕਿ ਟਰੰਪ ਨੇ ਵਿੱਚ ਪੈ ਕੇ ਦੋਹਾਂ ਦੇਸ਼ਾਂ ਦੀ ਲੀਡਰਸਿਪ ਨੂੰ ਸ਼ਾਂਤ ਰਹਿਣ ਲਈ ਮਨਾ ਲਿਆ ਹੈ। ਉਹ ਟਰੰਪ ਜਿਹੜਾ ਕਿਸੇ ਵੇਲੇ ਲੋਕਾਂ ਲਈ ਹਊਗਾ ਬਣਿਆ ਹੁਣ ਉਹ ਲੋਕਾਂ ਨੂੰ ਮਸੀਹਾ ਲੱਗਣ ਲੱਗ ਪਿਆ ਸੀ। ਕਮਜ਼ੋਰਾਂ ਨੂੰ ਤਕੜੇ ਦੀ ਮੰਨਣੀ ਹੀ ਪੈਂਦੀ ਹੈ। ਜੇ ਭਾਈਵਾਲੀ ਨਾਲ ਨਾ ਮੰਨਣ ਤਾਂ ਤਕੜਾ ਜ਼ੋਰ ਨਾਲ ਵੀ ਮਨਾ ਲਿਆ ਕਰਦਾ ਹੈ। ਜਿਨਾਂ ਲੋਕਾਂ ਨੂੰ ਟਰੰਪ ਅਜੇ ਥੋੜ੍ਹੀ ਦੇਰ ਪਹਿਲਾਂ ਜ਼ਹਿਰ ਲੱਗਦਾ ਸੀ ਹੁਣ ਉਹ ਉਹਨਾਂ ਨੂੰ ਸ਼ਹਿਦ ਲੱਗਣ ਲੱਗ ਪਿਆ ਸੀ।

ਇਹੀ ਹਾਲ ਹੈ ਅੱਜ ਕੱਲ ਕੇ. ਪੀ. ਐਸ ਗਿੱਲ ਦਾ ਬਣਿਆ ਹੋਇਆ ਏ। ਕੇ. ਪੀ. ਐਸ ਗਿੱਲ ਤੇ ਦੋ ਪੁਸਤਕਾਂ ਛਪ ਗਈਆਂ-- (1). ਕੇ. ਪੀ. ਐਸ ਗਿੱਲ ਬੁੱਚੜ (2).ਕੇ. ਪੀ. ਐਸ ਗਿੱਲ ਸੁਪਰ ਕੌਪ। 1987 ਤੋਂ ਲੈ ਕੇ ਅਗਲੇ ਦਹਾਕੇ ਤੱਕ ਕੇ. ਪੀ. ਐਸ ਗਿੱਲ ਪੰਜਾਬ ਦਾ ਡੀ ਜੀ ਪੀ ਰਿਹਾ। ਉਸ ਦਹਾਕੇ ਵਿੱਚ ਪੰਜਾਬ ਦੀ ਜਵਾਨੀ ਦਾ ਜਿੰਨਾ ਘਾਣ ਹੋਇਆ ਉਸ ਦੀ ਮਿਸਾਲ ਇਤਿਹਾਸ ਵਿੱਚ ਹੋਰ ਕਿਤੇ ਮਿਲਣੀ ਔਖੀ ਹੈ। ਇੱਕ ਸਿੱਖ ਨੇ ਹੀ ਸਿੱਖਾਂ ਦਾ ਘਾਣ ਕਰ ਦਿੱਤਾ। ਉਹ ਸਮਾਂ ਝੂਠੇ ਪੁਲਿਸ ਮੁਕਾਬਲਿਆਂ ਦੀ ਸਿਖਰ ਸੀ। ਮਨੁੱਖੀ ਅਧਿਕਾਰਾਂ ਦੇ ਆਲੰਬਰਦਾਰ ਜਸਵੰਤ ਸਿੰਘ ਖਾਲੜਾ ਜਿਹੇ ਵੀ ਨਾ ਬਖਸ਼ੇ ਗਏ। ਅਕਾਲ ਤਖਤ ਦੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਜਿਹੇ ਭੇਦ ਭਰੇ ਤਰੀਕੇ ਨਾਲ ਸ਼ਹੀਦ ਕਰ ਦਿੱਤੇ ਗਏ। ਸਿੱਖਾਂ ਦੇ ਇੱਕ ਫਿਰਕੇ ਨੇ ਉਸਨੂੰ ਬੁੱਚੜ ਬਣਾ ਲਿਆ। ਸਿੱਖਾਂ ਦੇ ਦੂਜੇ ਫਿਰਕੇ ਨੇ ਇਹਨੂੰ ਸਲਾਹਿਆ। ਹਿੰਦੂ ਤਬਕਿਆਂ ਨੇ ਗਿੱਲ ਦੀ ਦਿਲੋਂ ਪ੍ਰਸ਼ੰਸਾ ਵੀ ਕੀਤੀ ਭਾਵੇਂ ਆਦਤਨ ਖੁੱਲ੍ਹ ਕੇ ਬਹੁਤੇ ਮੂਹਰੇ ਨਹੀਂ ਆਏ। ਇਹ ਸਿੱਖਾਂ ਅਤੇ ਹਿੰਦੂਆਂ ਦੇ ਫਿਰਕੇ ਕਹਿਣ ਲੱਗੇ ਕਿ ਜਿਹੜਾ ਅੱਤਵਾਦ ਪੰਜਾਬ ਵਿੱਚੋਂ ਖਤਮ ਹੀ ਨਹੀਂ ਸੀ ਹੋ ਰਿਹਾ ਉਸ ਨੂੰ ਗਿੱਲ ਨੇ ਖਤਮ ਕਰ ਦਿੱਤਾ।

ਸਿੱਟਾ ਇਹ ਨਿਕਲਦਾ ਹੈ ਕਿਸੇ ਲਈ ਕੋਈ ਬੰਦਾ ਜਾਂ ਘਟਨਾ ਮਾਫਕ ਹੁੰਦੀ ਏ ਤੇ ਕਿਸੇ ਲਈ ਘਾਤਕ।

ਜੇ ਮਨੁੱਖੀ ਵਰਤਾਰੇ ਦੇ ਇਤਿਹਾਸ ਨੂੰ ਪਰਖੀਏ ਤਾਂ ਬੰਦਾ ਇਸ ਸਿੱਟੇ ਤੇ ਪਹੁੰਚਦਾ ਹੈ ਕਿ ਮਨੁੱਖ ਨੂੰ ਮਨੁੱਖ ਦੀ ਕਦਰ ਤਾਂ ਕਰਨੀ ਹੀ ਚਾਹੀਦੀ ਏ। ਕਈ ਪ੍ਰਬੰਧਕ ਇੰਨੇ ਸਿਆਣੇ, ਸੂਝਵਾਨ ਤੇ ਸੋਚਵਾਨ ਹੁੰਦੇ ਹਨ ਕਿ ਉਹ ਬਿਨਾਂ ਕਿਸੇ ਘਾਣ ਦੇ, ਬਿਨਾਂ ਕਿਸੇ ਵੱਡੇ ਵਿਰੋਧ ਦੇ, ਬਿਨਾਂ ਕੋਈ ਵੱਡੀ ਦੁਸ਼ਮਣੀ ਮੁੱਲ ਲਏ, ਕਿਸੇ ਢਾਂਚੇ ਤੇ ਆਪਣਾ ਕਮਾਲ ਦਾ ਪ੍ਰਭਾਵ ਛੱਡ ਜਾਂਦੇ ਹਨ। ਇਸ ਪ੍ਰਕਾਰ ਦੀਆਂ ਸਖਸ਼ੀਅਤਾਂ ਦਾ ਇਹਨਾਂ ਦੇ ਵਿਰੋਧੀ ਵੀ ਖੁੱਲ੍ਹ ਕੇ ਵਿਰੋਧ ਨਹੀਂ ਕਰਦੇ। ਚੁੱਪ ਰਹਿ ਜਾਂਦੇ ਹਨ। ਇਸ ਪ੍ਰਕਾਰ ਦੀਆਂ ਸਖਸ਼ੀਅਤਾਂ ਜਾਦੂਮਈ (charismatic) ਹੁੰਦੀਆਂ ਹਨ। ਪਿੱਛੇ ਜਿਹੇ ਖਬਰ ਆਈ ਸੀ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਤਸਵੀਰ ਦਰਬਾਰ ਸਾਹਿਬ ਅੰਦਰ ਅਜਾਇਬ ਘਰ ਵਿੱਚ ਲੱਗਣੀ ਚਾਹੀਦੀ ਏ। ਮੰਗ ਵੀ ਅਕਾਲੀਆਂ ਦੇ ਕਿਸੇ ਫਿਰਕੇ ਵੱਲੋਂ ਉਠਾਈ ਗਈ ਸੀ। ਹੈਰਾਨੀ ਦੀ ਗੱਲ ਹੈ ਕਿ ਇੱਕ ਸਾਰੀ ਉਮਰ ਪੱਕੀ ਕਾਂਗਰਸੀ ਰਹਿ ਚੁੱਕੀ ਸਖਸ਼ੀਅਤ ਅਕਾਲੀਆਂ ਦੇ ਕਿਸੇ ਫਿਰਕੇ ਦੀ ਹਮਦਰਦੀ ਜਿੱਤ ਗਈ। ਇਵੇਂ ਹੀ ਅਕਾਦਮਿਕ ਅਦਾਰਿਆਂ ਵਿੱਚ ਕਈ ਸਖਸ਼ੀਅਤਾਂ ਦਾ ਜਾਹੋ ਜਲਾਲ (awe and grandeur) ਹੁੰਦਾ ਹੈ ਕਿ ਵਿਰੋਧੀ ਖੁੱਲ ਕੇ ਵਿਰੋਧ ਕਰਨ ਤੋਂ ਗੁਰੇਜ਼ ਕਰਦੇ ਰਹਿੰਦੇ ਹਨ. ਇਵੇਂ ਮੈਂ ਕਈ ਕਾਲਜਾਂ ਵਿੱਚ ਪ੍ਰਿੰਸੀਪਲਾਂ ਨਾਲ ਹੁੰਦਾ ਵੀ ਦੇਖਿਆ ਹੈ. ਕਈ ਬੰਦਿਆਂ ਦਾ ਵਿਅਕਤੀਤਵ ਇਨਾਂ ਉੱਚਾ, ਨਿਰਪੱਖ, ਸੁੱਘੜ ਤੇ ਦੇਵਤਿਆਂ ਜਿਹਾ ਹੁੰਦਾ ਹੈ ਕਿ ਉਹ ਵਿਰੋਧੀਆਂ ਦਾ ਦਿਲ ਵੀ ਜਿੱਤ ਲੈਂਦੇ ਹਨ ਤੇ ਕਾਮਯਾਬੀ ਨਾਲ ਔਖਾ ਵਕਤ ਵੀ ਸੌਖਾ ਕਰ ਦਿੰਦੇ ਹਨ।

# - ਮਿੱਟੀ ਦੀ ਮਹਿਕ -

## ਅਜਬ ਦੁਨੀਆਂ ! ਕਲਮਾਂ ਬੋਲਦੀਆਂ !!!

ਹਾਂ, ਹੈ ਤਾਂ ਅਜੀਬ, ਪਰ ਕਲਮਾਂ ਬੋਲਦੀਆਂ ਹਨ। ਅਜੀਬ ਇਸ ਕਰਕੇ ਲੱਗਦਾ ਹੈ ਕਿਉਂਕਿ ਅੱਜ ਦੁਨੀਆ ਭਰ ਵਿਚ ਬਹੁਤਿਆਂ ਲੋਕਾਂ ਕੋਲ ਅੱਖਾਂ ਤਾਂ ਹਨ, ਪਰ ਉਹਨਾਂ ਨੂੰ ਦੁਨੀਆਂ ਵਿੱਚ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਦਿਸਦੀਆਂ ਹੀ ਨਹੀਂ ਹੁੰਦੀਆਂ। ਇਸੇ ਤਰ੍ਹਾਂ ਬਹੁਤੇ ਲੋਕਾਂ ਕੋਲ ਮੂੰਹ ਦੇ ਅੰਦਰ ਜੁਬਾਨ ਤਾਂ ਹੁੰਦੀ ਹੈ, ਪਰ ਉਹ ਸਭ ਕੁਝ ਵੇਖ ਕੇ ਵੀ ਬੋਲਦੇ ਨਹੀਂ। ਇਸੇ ਤਰ੍ਹਾਂ ਲੋਕਾਂ ਕੋਲ ਕੰਨ ਤਾਂ ਹੁੰਦੇ ਹਨ, ਪਰ ਉਹ ਆਲੇ ਦੁਆਲੇ ਵਿੱਚ ਪੈਦਾ ਹੋ ਰਹੀਆਂ ਆਵਾਜਾਂ ਨੂੰ ਸੁਣਦੇ ਹੀ ਨਹੀਂ। ਪਰ ਜੋ ਆਦਮੀ ਜਿੰਦਾ ਦਿਲ ਹੁੰਦਾ ਹੈ, ਉਸ ਦੇ ਅੰਦਰ ਸੁਣਨ ਦੀ, ਸਮਝਣ ਦੀ ਅਤੇ ਮਹਿਸੂਸ ਕਰਨ ਦੀ ਕੁਦਰਤੀ ਤੌਰ ਤੇ ਸਕਤੀ ਬਹੁਤ ਮਜਬੂਤ ਹੁੰਦੀ ਹੈ। ਬਾਕੀ ਜੋ ਮਰੇ ਹੋਏ ਇਨਸਾਨ ਹੁੰਦੇ ਹਨ, ਉਹ ਇਹਨਾਂ ਸਾਰੀਆਂ ਚੀਜਾਂ ਨੂੰ ਨਜਰ ਅੰਦਾਜ ਕਰ ਦਿੰਦੇ ਹਨ। ਇਥੋਂ ਤੱਕ ਕਿ ਉਹ ਪੜ੍ਹੇ ਲਿਖੇ ਵੀ ਹੁੰਦੇ ਹਨ, ਪਰ ਜੋ ਕੁਝ ਕਲਮਾਂ ਰਾਹੀਂ ਲਿਖਿਆ ਜਾਂਦਾ ਹੈ, ਉਸਨੂੰ ਪੜ੍ਹਦੇ ਹੀ ਨਹੀਂ। ਪਰ ਜਿਹੜੇ ਲੋਕ ਆਪਣੇ ਆਲੇ ਦੁਆਲੇ ਨੂੰ ਮਹਿਸੂਸ ਕਰਦੇ ਹਨ, ਉਹਨਾਂ ਦਾ ਕੁਝ ਲਿਖਣ ਲਈ ਵੀ ਦਿਲ ਕਰਦਾ ਹੈ। ਅਜਿਹੇ ਸਮੇਂ ਵਿੱਚ ਕੇਵਲ ਇੱਕ ਸੰਵੇਦਨਸੀਲ ਵਿਅਕਤੀ ਹੀ ਆਪਣੇ ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਨੂੰ ਵੇਖਦਾ ਹੈ, ਸੁਣਦਾ ਹੈ ਅਤੇ ਬੋਲਣ ਦੀ ਕੋਸਿਸ ਕਰਦਾ ਹੈ। ਅਜਿਹੇ ਸੰਵੇਦਨਸੀਲ ਵਿਅਕਤੀਆਂ ਦੀ ਸ੍ਰੇਣੀ ਵਿੱਚ ਸਾਹਿਤਕਾਰ ਸਾਮਿਲ ਹੁੰਦੇ ਹਨ ਅਤੇ ਇਹਨਾਂ ਸਾਹਿਤਕਾਰਾਂ ਅੰਦਰ ਕਵੀਆਂ ਦੀ ਸ੍ਰੇਣੀ ਸਭ ਤੋਂ ਉੱਪਰ ਹੈ। ਕਿਉਂਕਿ ਕਹਿੰਦੇ ਨੇ "ਜਹਾਂ ਨਾ ਪਹੁੰਚੇ ਰਵੀ, ਵਹਾਂ ਪਹੁੰਚੇ ਕਵੀ।" ਸੋ ਇਹਨਾਂ ਸੰਵੇਦਨਸੀਲ ਵਿਅਕਤੀਆਂ ਕੋਲ ਇਕ ਬਹੁਤ ਹੀ ਵਧੀਆ ਹਥਿਆਰ ਹੁੰਦਾ ਹੈ, ਅਤੇ ਉਹ ਹਥਿਆਰ ਹੁੰਦਾ ਹੈ "ਕਲਮ"। ਉਸ ਸਮੇਂ ਉਹ ਸੰਵੇਦਨਸੀਲ ਵਿਅਕਤੀ ਆਪਣੀ ਕਲਮ ਰਾਹੀਂ ਬੋਲਣਾ ਸੁਰੂ ਕਰਦਾ ਹੈ ਅਤੇ ਉਸਦੇ ਕਲਮ ਰਾਹੀਂ ਬੋਲੇ ਗਏ ਬੋਲ, ਸਬਦਾਂ ਦਾ ਰੂਪ ਧਾਰਨ ਕਰ ਲੈਂਦੇ ਹਨ।

ਇਸ ਸਬੰਧ ਵਿੱਚ ਹੀ ਮੈਨੂੰ ਪਿਛਲੇ ਦਿਨੀ ਆਸਟਰੇਲੀਆ ਤੋਂ ਮੇਰੇ ਇੱਕ ਮਿੱਤਰ ਸਰਦਾਰ ਪ੍ਰਗਟ ਸਿੰਘ ਗਿੱਲ ਬਾਗੀ ਜੀ ਦਾ ਫੋਨ ਆਇਆ ਕਿ ਉਹ ਤੇ ਉਸ ਦੇ ਸਾਥੀ ਇਕ ਕਿਤਾਬ ਸਾਂਝੇ ਤੌਰ ਤੇ ਕੱਢ ਰਹੇ ਹਨ, ਜਿਸ ਵਿੱਚ ਵੱਖ-ਵੱਖ ਕਵੀਆਂ ਕਵਿਤਰੀਆਂ ਦੀਆਂ ਕਵਿਤਾਵਾਂ ਸਾਮਿਲ ਹਨ। ਉਹਨਾਂ ਨੇ ਮੈਨੂੰ ਕਿਹਾ ਇਸ ਕਿਤਾਬ ਦੇ ਵਿੱਚ ਸਾਮਿਲ ਰਚਨਾਵਾਂ ਬਾਰੇ ਕੁਝ ਸਬਦ ਮੇਰੇ ਵੱਲੋਂ ਵੀ ਲਿਖੇ ਜਾਣ, ਪਰ ਮੇਰੀ ਆਪਣੀ ਸਿਹਤ ਦੇ ਕੁਝ ਕਾਰਨਾਂ ਕਰਕੇ ਮੈਨੂੰ ਲਿਖਣ ਪੜ੍ਹਨ ਵਿੱਚ ਕੁਝ ਮੁਸਕਲ ਰਹੀ ਸੀ, ਜਿਸ ਕਰਕੇ ਮੈਨੂੰ ਇਸ ਕਿਤਾਬ ਦਾ ਖਰੜਾ ਪੜ੍ਹਨ ਵਿੱਚ ਅਤੇ ਫਿਰ ਇਸ ਦੀਆਂ ਰਚਨਾਵਾਂ ਬਾਰੇ ਕੁਝ ਆਪਣੀ ਰਾਏ ਲਿਖਣ ਵਿੱਚ ਕੁਝ ਦੇਰੀ ਹੋ ਗਈ ਹੈ। ਇਸ ਲਈ ਮੈਂ ਸਾਰੇ ਸਤਿਕਾਰਯੋਗ ਕਵੀਆਂ ਕਵਿਤਰੀਆਂ ਅਤੇ ਪ੍ਰਬੰਧਕਾਂ ਤੋ ਖਿਮਾ ਦਾ ਜਾਚਕ ਹਾਂ। ਜਦੋਂ ਮੈਂ ਇਸ ਕਿਤਾਬੀ ਖਰੜੇ ਨੂੰ ਪੜ੍ਹਿਆ ਅਤੇ ਮੈਨੂੰ ਇਹ ਜਾਣ ਕੇ ਮੈਨੂੰ ਬੜੀ ਹੈਰਾਨੀ ਹੋਈ ਕਿ ਇਸ ਕਿਤਾਬੀ ਖਰੜੇ ਵਿੱਚ 99 ਕਵੀਆਂ ਕਵੀਆਂ ਕਵਿਤਰੀਆਂ ਦੀਆਂ ਰਚਨਾਵਾਂ ਸਾਮਿਲ ਕੀਤੀਆਂ ਗਈਆਂ ਹਨ। ਹੈਰਾਨੀ ਦਾ ਮੂਲ ਕਾਰਨ ਇਹ ਹੈ ਕਿ ਐਨੇ ਲੇਖਕਾਂ ਤੱਕ ਪਹੁੰਚ ਕਰਨੀ, ਕੋਈ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ। ਸੋ ਇਹ ਸਾਰੇ ਹੀ ਰਚਨਹਾਰੇ ਅਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਸਾਹਿਤ ਰਚਨਾ ਦੀ ਹਰ ਵਿਧਾ ਵਿੱਚ ਕੰਮ ਕਰਨਾ ਬਹੁਤ ਮੁਸਕਲ ਹੁੰਦਾ ਹੈ, ਪਰ ਮੇਰੀ ਨਜਰ ਵਿੱਚ ਕਵਿਤਾ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਗਟਾਅ ਕਰਨਾ ਸਭ ਤੋਂ ਮੁਸਕਲ ਵਿਧਾ ਹੈ, ਕਿਉਂਕਿ ਹਰ ਇੱਕ ਆਦਮੀ ਨੂੰ ਇਹ ਸੁਭਾਗ ਪ੍ਰਾਪਤ ਨਹੀਂ ਹੁੰਦਾ ਕਿ ਉਹ ਆਪਣੇ ਵਿਚਾਰਾਂ ਨੂੰ ਕਵਿਤਾ ਰਾਹੀਂ ਪ੍ਰਗਟ ਕਰ ਸਕੇ। ਇਸ ਕਰਕੇ ਹੀ ਇਸ ਸਬੰਧੀ ਇੱਕ ਪ੍ਰਸਿੱਧ ਸਾਹਿਤਕਾਰ ਪ੍ਰੋਫੈਸਰ ਦੀਦਾਰ ਸਿੰਘ ਜੀ ਦੀਆਂ ਇਹ ਸਤਰਾਂ ਮੈਨੂੰ ਹਮੇਸਾ ਯਾਦ ਆਉਂਦੀਆਂ ਹਨ ਕਿ:

"ਸਾਇਰਾਂ ਉਹਨਾਂ ਸੇਅਰ ਕੀ ਕਹਿਣੇ, ਜੋ ਸੁਖ ਰਹਿਣੇ ਚੰਮ,
ਸਾਹਿਤ ਰਚਨਾ ਸੂਰਮਤਾਈ ਸੂਰਮਿਆਂ ਦਾ ਕੰਮ।"

ਸੋ ਇਸ ਸੰਗ੍ਰਹਿ ਵਿੱਚ ਸਾਮਿਲ 99 ਦੇ 99 ਰਚਨਹਾਰਿਆਂ ਨੂੰ ਮੈਂ ਦਿਲੀ ਮੁਬਾਰਕਬਾਦ ਪੇਸ ਕਰਦਾ ਹਾਂ, ਜਿਨਾਂ ਦੀਆਂ ਰਚਨਾਵਾਂ ਨੂੰ ਇਸ ਕਾਵਿ ਸੰਗ੍ਰਹਿ ਵਿੱਚ ਸਾਮਿਲ ਕੀਤਾ ਗਿਆ ਹੈ। ਇਸ ਕਾਵਿ ਸੰਗ੍ਰਹਿ ਦਾ ਨਾਂ "ਕਲਮਾਂ ਬੋਲਦੀਆਂ" ਰੱਖਿਆ ਗਿਆ ਹੈ ਅਤੇ ਇਸ ਦੇ ਪ੍ਰਕਾਸਕ ਡੀਪੀ ਪਬਲਿਸਰਜ ਐਂਡ ਮੀਡੀਆ ਹਾਊਸ ਅੰਮ੍ਰਿਤਸਰ ਹਨ।

ਇਸ ਕਾਵ ਸੰਗ੍ਰਹਿ ਵਿੱਚ ਵੱਖ ਵੱਖ ਕਵੀਆਂ ਨੇ ਵੱਖ ਵੱਖ ਵਿਸਿਆਂ ਬਾਰੇ ਲਿਖਿਆ ਹੈ, ਜਿਨਾਂ ਵਿੱਚ ਖਾਲਸਾ ਪੰਥ ਦੀ ਸਾਜਨਾ, ਖਾਲਸਾ ਪੰਥ ਦੀ ਦਸਾ ਤੇ ਦਿਸਾ ਪ੍ਰਗਟ ਹੁੰਦੀ ਹੈ। ਇਹਨਾਂ ਰਚਨਾਵਾਂ ਵਿੱਚ ਮਾਂ ਅਤੇ ਬੱਚੇ, ਮਹਿਲਾਂ ਦੇ ਸੰਨਾਟੇ ਅਤੇ ਕੁੱਲੀਆਂ ਦੀ ਖੁਸੀ ਦਾ ਜਿੱਥੇ ਜਿਕਰ ਹੋਇਆ ਹੈ, ਉਥੇ ਨਸਿਆਂ ਦੀ ਦਲਦਲ, ਚੰਗਿਆਈ ਅਤੇ ਕੁਦਰਤ ਦੀ ਗੋਦ ਦੀ ਭਾਲ ਦਾ ਵੀ ਵਰਨਣ ਕੀਤਾ ਗਿਆ ਹੈ। ਇਹਨਾਂ ਕਵਿਤਾਵਾਂ ਵਿੱਚ ਲੜਾਈ ਝਗੜਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਵੀ ਹੈ ਅਤੇ ਪਰਮਾਤਮਾ ਦੀ ਕੁਦਰਤ ਦੀ ਮਹਿਮਾ ਵੀ ਕੀਤੀ ਗਈ ਹੈ। ਇਸ ਵਿੱਚ ਵਿਸਾਖੀ, ਸਮਾਂ ਅਤੇ ਮਾਂ ਰੱਬ ਦੀ ਥਾਂ ਵਰਗੀਆਂ ਕਵਿਤਾਵਾਂ ਵੀ ਸਾਮਿਲ ਹਨ ਹਨ ਅਤੇ ਦਾਦੀ ਮਾਂ ਵੱਲੋਂ ਛੋਟੇ ਸਾਹਿਬਜਾਦਿਆਂ ਨੂੰ ਨਸੀਹਤਾਂ ਅਤੇ ਛੋਟੇ ਸਾਹਿਬਜਾਦਿਆਂ ਵੱਲੋਂ ਦਾਦੀ ਮਾਂ ਨੂੰ ਦਿੱਤਾ ਗਿਆ ਹੁੰਗਾਰਾ ਵੀ ਸਾਮਿਲ ਕੀਤਾ ਗਿਆ ਹੈ

ਮਿਸਾਲ ਦੇ ਤੌਰ ਤੇ ਇਸ ਸੰਗ੍ਰਹਿ ਦੀ ਪਹਿਲੀ ਹੀ ਰਚਨਾ ਅੰਦਰ ਇੰਦਰਜੀਤ ਕੌਰ ਵਡਾਲਾ ਆਪਣੀ ਕਵਿਤਾ ਵਿੱਚ ਖਾਲਸਾ ਪੰਥ ਦੀ ਸਾਜਨਾ ਬਾਰੇ ਲਿਖਦੇ ਹਨ:

ਖੰਡੇ ਨਾਲ ਸੀ ਪਾਣੀ ਨੂੰ ਜਾਗ ਲਾਈ,
ਉਤੋਂ ਘੋਲ ਦਿੱਤਾ ਵਿੱਚ ਪਤਾਸਿਆਂ ਨੂੰ।
ਉਸ ਅੰਮ੍ਰਿਤ ਦੀ ਦਾਤ ਵਿੱਚ ਅਣਖ ਵੇਖੀ,
ਆਸ ਮਿਲ ਗਈ ਫਿਰ ਨਿਰਾਸਿਆਂ ਨੂੰ।
ਸੱਚੇ ਪਾਤਸਾਹ ਮੋਇਆਂ ਵਿੱਚ ਜਾਨ ਪਾ ਗਏ,
ਨਿਡਰ ਫੌਜ ਦਾ ਦਿੱਤਾ ਹੈ ਨਾਮ ਸਾਨੂੰ।
ਘੁੱਟ ਅੰਮ੍ਰਿਤ ਦੀ ਦੇਵੇ ਸੰਵਾਰ ਜਿੰਦਗੀ,
ਉਹ ਤਾਂ ਅਣਖ ਦਾ ਦੇ ਗਏ ਨੇ ਜਾਮ ਸਾਨੂੰ।
ਕਾਹਤੋਂ ਆਪਣੇ ਫਰਜ ਤੋਂ ਦੂਰ ਹੋ ਗਏ,
ਜਨਮ ਲੈਣ ਦਾ ਮੂਲ ਪਛਾਣ ਲਈਏ।
ਆਜੋ ਉੱਠੀਏ ਹਉਮੈ ਦੀ ਪਾੜ ਚਾਦਰ,
ਉਹਦੇ ਨਾਮ ਦੇ ਨਾਮ ਨੂੰ ਜਾਣ ਲਈਏ।
ਕਣ ਕਣ ਵਿੱਚ ਵਾਸਾ ਅਕਾਲ ਦਾ ਏ,
ਜੋਤ ਰੂਹ ਦੇ ਵਿੱਚ ਜਗਾ ਲਈਏ।
ਰੂਹ ਰੰਗੀਏ ਉਸ ਦੇ ਰੰਗ ਅੰਦਰ
ਤੇ ਜਾਣੀ ਜਾਣ ਨੂੰ ਭੇਦ ਸੁਣਾ ਲਈਏ।
ਇਕ ਵਾਰ ਹੋ ਕੇ ਉਹਦਾ ਵੇਖ ਰੌਣਕ,
ਉਹ ਤਾਂ ਹੱਸ ਕੇ ਗਲੇ ਲਗਾਉਂਦਾ ਏ।
ਭਵ ਸਾਗਰ ਦੇ ਵਿੱਚ ਕਿਉਂ ਖਾਏ ਗੋਤੇ,
ਉਹ ਬਾਹੋਂ ਫੜ੍ਹ ਕੇ ਪਾਰ ਲਗਾਉਂਦਾ ਏ।

ਇਸੇ ਤਰ੍ਹਾਂ ਇਸ ਕਾਵ ਸੰਗ੍ਰਹਿ ਦੇ ਦਿਲੋ ਦਿਮਾਗ ਸਰਦਾਰ ਪ੍ਰਗਟ ਸਿੰਘ ਗਿੱਲ ਬਾਗੀ ਆਪਣੀ ਕਵਿਤਾ ਰਾਹੀਂ ਖਾਲਸਾ ਪੰਥ ਦੀ ਦਸਾ ਤੇ ਦਿਸਾ ਬਾਰੇ ਚਾਨਣਾ ਪਾਉਂਦੇ ਹਨ। ਉਹਨਾਂ ਦੇ ਇਹ ਬੋਲ ਪੜ੍ਹੋ। ਉਹਨਾ ਲਿਖਿਆ ਹੈ:

ਤੈਨੂੰ ਤਾਂ ਬਾਬਾ ਮੰਨਦੇ ਹਾਂ,
ਪਰ ਤੇਰੀ ਕਦੇ ਵੀ ਮੰਨੀ ਨਾ।
ਅਸੀਂ ਝੂਠ ਦੇ ਪਾਂਧੀ ਬਣ ਗਏ ਹਾਂ,
ਪਰ ਸੱਚ ਦੀ ਫੜ੍ਹਦੇ ਕੰਨੀ ਨਾ।
ਹਰ ਇੱਕ ਦੀ ਗੱਲ ਨੂੰ ਤੋੜਦੇ ਰਹੇ,
ਪਰ ਆਪਣੀ ਹਉਮੈ ਭੰਨੀ ਨਾ।
ਨੀਤਾਂ ਤਾਂ ਵੱਡੀਆਂ ਹੋ ਗਈਆਂ,
ਪਰ ਰੱਜਦੇ ਨਹੀਂ ਅਸੀਂ ਧੰਨੀ ਨਾ (ਨਾਲ)
ਅਸੀਂ ਸਭ ਤੋਂ ਖੋਹਦੇ ਫਿਰਦੇ ਹਾਂ,
ਪਰ ਭਰੀ ਅਜੇ ਵੀ ਪੰਨੀ ਨਾ।
ਪ੍ਰਗਟ ਇਹ ਕੂੜ ਪਸਾਰਾ ਏ,
ਕਦੇ ਪੰਡ ਸਚਾਈ ਬੰਨੀ ਨਾ।

ਇਸੇ ਤਰ੍ਹਾਂ ਉਹਨਾਂ ਨੇ ਆਪਣੀ ਇੱਕ ਹੋਰ ਕਵਿਤਾ ਵਿੱਚ ਮਾਂ ਅਤੇ ਬੱਚੇ, ਮਹਿਲਾਂ ਦੇ ਸੰਨਾਟੇ ਅਤੇ ਕੁੱਲੀਆਂ ਦੀ ਖੁਸੀ, ਨਸਿਆਂ ਦੀ ਦਲਦਲ, ਚੰਗਿਆਈ ਦੀ ਭਾਲ, ਕੁਦਰਤ ਦੀ ਗੋਦ ਅਤੇ ਲੜਾਈ ਝਗੜਿਆਂ ਤੋਂ ਦੂਰ ਰਹਿਣ ਦੀ ਗੱਲ ਕੀਤੀ ਹੈ। ਤੁਸੀਂ ਵੀ ਪੜ੍ਹੋ:

ਦਰਦਾਂ ਦੀ ਧੁੱਪ ਵਿੱਚੋਂ,
ਮਲ੍ਹਮਾਂ ਦੀ ਛਾਂ ਵੇਖਾਂ।
ਚੜ੍ਹੇ ਨਾ ਜਵਾਨ ਅਰਥੀ,
ਨਾ ਰੋਂਦੀ ਕੋਈ ਮਾਂ ਵੇਖਾਂ।
ਮਹਿਲਾਂ ਦੇ ਸਨਾਟੇ ਨਾਲੋਂ,
ਖੁਸੀ ਕੁੱਲੀਆਂ ਵਾਲੀ ਥਾਂ ਵੇਖਾਂ।
ਨਸੇ ਦੀ ਗੁਫਾ ਵਿਚ ਯਾਰੋ,
ਕੋਈ ਲੈਂਦਾ ਨਾ ਪਨਾਹ ਵੇਖਾਂ।
ਮੈਂ ਲੱਭਦਾ ਹੀ ਗੁਣ ਰਹਾਂ,
ਕਿਸੇ ਵਿੱਚ ਨਾ ਗੁਨਾਹ ਵੇਖਾਂ।
ਕੁਦਰਤ ਚਾਰੇ ਪਾਸੇ ਹੋਵੇ ਮੇਲਦੀ,
ਖੁਸੀਆਂ ਸਾਰੇ ਹੀ ਜਹਾਂ ਵੇਖਾਂ।
ਉਜੜੇ ਨਾ ਕੋਈ ਲੋਕੋ!
ਵਸਦਾ ਹਰ ਗਰਾਂ ਵੇਖਾਂ।
ਭੁੱਲ ਜਾਵਾਂ 'ਪ੍ਰਗਟ' ਕੌਣ ਹੈ,
ਬਸ ਤੇਰਾ ਤੇਰਾ ਹੀ ਨਾ ਵੇਖਾਂ।

ਇਸ ਕਾਵ ਸੰਗ੍ਰਹਿ ਵਿਚ ਹਰਪ੍ਰੀਤ ਕੌਰ ਗਿੱਲ ਦੀਆਂ ਤੇਰੀ ਕੁਦਰਤ ਦਾ ਕੀ ਮੈਂ ਜਵਾਬ ਦੇਵਾਂ, ਵਿਸਾਖੀ ਅਤੇ ਸਵ: ਹਰ ਕਮਲ ਸਿੰਘ ਮੈਣੀ ਜੀ ਦੀ ਨਿਤਨੇਮ ਸਿਰਲੇਖ ਵਾਲੀ ਰਚਨਾ ਨੂੰ ਸਾਮਿਲ ਕੀਤਾ ਗਿਆ ਹੈ। ਜੇਕਰ ਮੈਂ ਇਥੇ ਹਰ ਇਕ ਲੇਖਕ ਦੀ ਹਰ ਰਚਨਾ ਦਾ ਜਿਕਰ ਕਰਾਂਗਾ ਤਾਂ ਮੇਰੀ ਗੱਲਬਾਤ ਬਹੁਤ ਹੀ ਲੰਬੀ ਹੋ ਜਾਵੇਗੀ। ਇਸ ਲਈ ਮੈਂ ਹੁਣ ਕੁਝ ਹੋਰ ਰਚਨਾਵਾਂ ਦਾ ਜਿਕਰ ਕਰਕੇ ਹੀ ਆਪਣੀ ਗੱਲਬਾਤ ਨੂੰ ਸਮਾਪਤੀ ਵੱਲ ਲੈ ਕੇ ਜਾਣ ਦੀ ਕੋਸਿਸ ਕਰਾਂਗਾ। ਇਸ ਸਮੇਂ ਇਥੇ ਮੇਰੀ ਇੱਕ ਇਹ ਬਹੁਤ ਵੱਡੀ ਉਕਾਈ ਹੋਏਗੀ, ਜੇਕਰ ਮੈਂ ਇਸ ਸੰਗ੍ਰਹਿ ਅੰਦਰ ਸਾਮਲ ਆਤਮਜੀਤ ਕੌਰ ਆਤਮ ਜੀ ਦੀਆਂ "ਦਾਦੀ ਮਾਂ ਛੋਟੇ ਸਾਹਿਬਜਾਦਿਆਂ ਨੂੰ" ਅਤੇ "ਛੋਟੇ ਸਾਹਿਬਜਾਦੇ ਦਾਦੀ ਮਾਂ ਨੂੰ" ਵਰਗੀਆਂ ਰਚਨਾਵਾਂ ਦਾ ਜਿਕਰ ਨਾ ਕਰਾਂ। ਇਹਨਾਂ ਦੋਹਾਂ ਰਚਨਾਵਾਂ ਨੂੰ ਤੁਸੀਂ ਪੜ੍ਹੋ, ਕਿਉਂਕਿ ਮੈਨੂੰ ਇਹਨਾਂ ਦੋਹਾਂ ਰਚਨਾਵਾਂ ਦਾ ਵਿਸ਼ਾ ਵਸਤੂ ਬਹੁਤ ਹੀ ਦਿਲ ਟੁੰਬਣ ਵਾਲਾ ਲੱਗਾ ਹੈ:

ਦਾਦੀ ਮਾਂ ਛੋਟੇ ਸਾਹਿਬਜਾਦਿਆਂ ਨੂੰ
ਨਿੱਕੀਆਂ ਜਿੰਦਾਂ ਹੋ ਤੁਸੀਂ
ਮੈਨੂੰ ਪਿਆਰੇ ਵੀ ਉਹ ਤੁਸੀਂ
ਕਿਸੇ ਅੱਗੇ ਨਹੀਂ ਝੁਕਣਾ ਤੁਸੀਂ
ਧਰਮ ਲਈ ਜਿੰਦਾ ਵਾਰਨੀਆਂ ਤੁਸੀਂ
ਮੁਗਲਾਂ ਨੂੰ ਸਬਕ ਸਿਖਾਉਣਾ ਤੁਸੀਂ
ਅਖੀਰ ਵਾਰ ਨਾ ਘਬਰਾਉਣਾ ਤੁਸੀਂ
ਸਭ ਨੂੰ ਫਤਿਹ ਬੁਲਾਉਣਾ ਤੁਸੀਂ
ਕਿਸੇ ਅੱਗੇ ਨਾ ਝੁਕ ਜਾਣਾ ਤੁਸੀਂ
ਹਮੇਸ਼ਾ ਸੱਚ ਦਾ ਪਾਠ ਸਿਖਾਣਾ ਤੁਸੀਂ
ਪਿਤਾ ਦਾ ਉਪਦੇਸ ਕਮਾਣਾ ਤੁਸੀਂ
ਮੌਤ ਨੂੰ ਹੱਸ ਹੱਸ ਗਲੇ ਲਾਉਣਾ ਤੁਸੀਂ
ਹਰ ਮੈਦਾਨ ਫਤਿਹ ਕਰ ਆਉਣਾ ਤੁਸੀਂ
ਹਰ ਮੈਦਾਨ ਫਤਿਹ ਕਰ ਆਉਣਾ ਤੁਸੀਂ

ਛੋਟੇ ਸਾਹਿਬਜਾਦੇ ਦਾਦੀ ਮਾਂ ਨੂੰ
ਪੱਲੇ ਬੰਨ੍ਹੀਏ ਤੁਹਾਡੀ ਗੱਲ ਦਾਦੀ ਜੀ ਅਸੀਂ
ਵੱਡੇ ਵੀਰਿਆਂ ਵਾਂਗ ਸਹੀਦ ਹੋਣਾ ਅਸੀਂ
ਕਿਸੇ ਅੱਗੇ ਨਾ ਸੀਸ ਝੁਕਾਣਾ ਅਸੀਂ
ਧਰਮ ਨੂੰ ਜਾਨ ਆਪਣੀ ਵਾਰ ਕੇ ਬਚਾਣਾ ਅਸੀਂ
ਗੁਰੂ ਪਿਤਾ ਦਾ ਉਪਦੇਸ ਕਮਾਣਾ ਅਸੀਂ
ਦਾਦੇ ਪਿਤਾ ਦਾ ਨਾਂ ਜਗ ਉੱਤੇ ਰੁਸਨਾਉਣਾ ਅਸੀਂ
ਮੁਗਲਾਂ ਦੇ ਫਤਵੇ ਤੋਂ ਨਾ ਘਬਰਾਉਣਾ ਅਸੀਂ
ਹਰ ਮੈਦਾਨ ਫਤਿਹ ਕਰ ਆਉਣਾ ਅਸੀਂ
ਜਾਂਦੀ ਵਾਰੇ ਸਿੰਘ 'ਚ ਜੋਸ ਜਗਾਉਣਾ ਅਸੀਂ
ਛੋਟੀ ਉਮਰ 'ਚ ਵੱਡੇ ਸਾਕੇ ਕਰ ਜਾਣਾ ਅਸੀਂ
ਦਾਦੀ ਮਾਂ ਸਾਡੇ ਮਗਰੇ ਜਲਦੀ ਆਉਣਾ ਤੁਸੀਂ
ਆਖਰੀ ਵਾਰ ਫਤਿਹ ਬੁਲਾਉਂਦੇ ਹਾਂ ਅਸੀਂ

ਇਸੇ ਤਰ੍ਹਾਂ ਅੰਮ੍ਰਿਤ ਪਾਲ ਕਲੇਰ ਆਪਣੀ ਕਵਿਤਾ ਵਿੱਚ ਇਕ ਨਵਾਂ ਰੰਗ ਪੇਸ ਕਰਦੀ ਹੈ ਅਤੇ ਆਪਣੀ ਆਤਮਾ ਦੀ ਤਰਜਮਾਨੀ ਕਰਦੀ ਹੋਈ ਕਹਿ ਰਹੀ ਹੈ ਕਿ ਸਹੀਦ ਭਗਤ ਸਿੰਘ ਦੀ ਤਸਵੀਰ ਦੇ ਸਾਹਮਣੇ ਖਲੋ ਕੇ ਮੇਰਾ ਵੀ "ਇਨਕਲਾਬ ਜਿੰਦਾਬਾਦ" ਕਹਿਣ ਨੂੰ ਜੀਅ ਕਰਦਾ ਹੈ, ਪਰ ਮੈਂ ਇਸ ਕਰਕੇ ਨਹੀਂ ਇਨਕਲਾਬ ਜਿੰਦਾਬਾਦ ਕਹਿ ਸਕਦੀ, ਕਿਉਂਕਿ ਜਿਸ ਬਾਂਹ ਨਾਲ ਇਹ ਨਾਹਰਾ ਮਾਰਨਾ ਹੈ ਉਹ ਬਾਂਹ ਤਾਂ ਚਿੱਟੇ ਟੀਕਿਆਂ ਨਾਲ ਵਿੰਨੀ ਪਈ ਹੈ। ਤੁਸੀਂ ਵੀ ਇਸ ਕਵਿਤਾ ਦੇ ਇਹ ਬੋਲ ਪੜ੍ਹੋ:

ਇਨਕਲਾਬ ਜਿੰਦਾਬਾਦ
ਭਗਤ ਸਿਆਂ....
ਜੀ ਕਰਦਾ ਤੇਰੀ ਤਸਵੀਰ ਦੇ ਸਾਵੇਂ ਖੜ੍ਹ ਕੇ ਕਹਾਂ
"ਇਨਕਲਾਬ ਜਿੰਦਾਬਾਦ" ਪਰ ਕਿੰਝ ਕਹਾਂ?
ਮੇਰੀਆਂ ਬਾਹਾਂ ਤਾਂ ਪਰੁੰਨੀਆਂ ਹੋਈਆਂ ਨੇ
ਚਿੱਟੇ ਟੀਕਿਆਂ ਨਾਲ।

ਇਸ ਕਾਵਿ ਸੰਗ੍ਰਹਿ ਅੰਦਰ ਮੈਨੂੰ ਮੇਰੇ ਆਪਣੇ ਇਕ ਬਹੁਤ ਹੀ ਪਿਆਰੇ ਵਿਦਿਆਰਥੀ ਸਰਦਾਰ ਸਤਿੰਦਰ ਸਿੰਘ ਓਠੀ ਦੀ ਕਵਿਤਾ ਅਣਖੀ ਇਤਿਹਾਸ ਦੇ ਵਾਰਸੋ...... ਵੀ ਪੜ੍ਹਨ ਨੂੰ ਮਿਲੀ ਹੈ। ਇਹ ਕਵਿਤਾ ਮੈਨੂੰ ਬਹੁਤ ਹੀ ਚੰਗੀ ਲੱਗੀ ਹੈ। ਤੁਸੀਂ ਵੀ ਇਸ ਕਵਿਤਾ ਦੇ ਇਹ ਬੋਲ ਪੜ੍ਹੋ:

ਅੱਖਾਂ ਵਿੱਚ ਤੂਫਾਨ ਏ ਡੌਲਿਆਂ ਅੰਦਰ ਜੋਰ।
ਕਹਿਣ ਪੰਜਾਬੀ ਉਸ ਨੂੰ ਸਮਝੇ ਨਾ ਕੋਈ ਹੋਰ।
ਸਾਡਾ ਵੱਸਦਾ ਰਹੇ ਪੰਜਾਬ
ਗੁਰੂਆਂ ਪੀਰਾਂ ਦੀ ਇਹ ਧਰਤੀ, ਜਿਨ੍ਹਾਂ ਦੀ ਇਥੇ ਮਿਹਰ ਹੈ ਵਰਤੀ
ਕੁੱਲ ਦੁਨੀਆ 'ਤੇ ਇਸਦੇ ਤੁਲ ਨਹੀਂ ਦਾਤੇ ਸੱਚ ਕਮਾਲ ਹੈ ਕਰਤੀ।
ਅੰਮ੍ਰਿਤ ਵੇਲੇ ਰਲ ਕੇ ਗੂੰਜਣ, ਟੱਲ, ਸੰਖ ਤੇ ਨਾਲ ਰਬਾਬ।
ਸਾਡਾ ਵੱਸਦਾ ਰਹੇ ਪੰਜਾਬ, ਸਾਡਾ ਵਸਦਾ ਰਹੇ ਪੰਜਾਬ।

ਸੰਖੇਪ ਵਿੱਚ ਮੈਂ ਇਸ ਕਾਵਿ ਸੰਗ੍ਰਹਿ "ਕਲਮਾ ਬੋਲਦੀਆਂ" ਦੇ ਹਰ ਇੱਕ ਰਚਨਾਹਾਰੇ ਨੂੰ ਵਧਾਈ ਪੇਸ ਕਰਦਾ ਹਾਂ ਕਿਉਂਕਿ ਉਹਨਾਂ ਵਿੱਚੋਂ ਹਰ ਇਕ ਨੇ "ਆਪਣੇ ਮਨ ਦੇ ਬੋਲਾਂ ਨੂੰ" ਆਪਣੀ ਆਪਣੀ ਕਲਮ ਰਾਹੀਂ ਇਕ ਸਾਂਝੇ ਕਾਵਿ ਸੰਗ੍ਰਹਿ "ਕਲਮਾਂ ਬੋਲਦੀਆਂ" ਰਾਹੀਂ "ਸੰਗਤ ਦੀ ਆਵਾਜ" ਨੂੰ ਰੂਪਮਾਨ ਕੀਤਾ ਹੈ। ਮੈਂ ਤਾਂ ਇਹੀ ਕਹਾਂਗਾ ਕਿ ਸਾਡਾ ਇਹ ਕਲਮੀ ਭਾਈਚਾਰਾ, ਜੀਊਂਦਾ ਜਾਗਦਾ ਸਲਾਮਤ ਰਹੇ ਅਤੇ ਆਪਣੇ ਬੋਲਾਂ ਨੂੰ ਸਬਦਾਂ ਦੇ ਰੂਪ ਵਿੱਚ ਉਲੀਕਦੇ ਹੋਏ ਇਕ ਚੰਗੇ ਸਮਾਜ ਦੀ ਸਿਰਜਣਾ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿਣ। ਮੈਂ ਇੱਕ ਵਾਰ ਫਿਰ ਸ੍ਰ. ਪ੍ਰਗਟ ਸਿੰਘ ਗਿੱਲ ਬਾਗੀ ਤੇ ਉਹਨਾਂ ਦੇ ਸਹਿਯੋਗੀਆਂ ਦਾ ਧੰਨਵਾਦੀ ਹਾਂ, ਜਿਨਾਂ ਨੇ ਇਸ ਕਿਤਾਬੀ ਖਰੜੇ ਬਾਰੇ ਕੁਝ ਸਬਦ ਕਹਿਣ ਲਈ ਮੈਨੂੰ ਮੌਕਾ ਦਿੱਤਾ ਹੈ। ਸਭ ਤੋਂ ਵੱਡੀ ਇਹ ਗੱਲ ਹੈ ਇਹ ਸਾਰੇ ਹੀ ਰਚਨਾ ਹਾਰੇ ਮੇਰੀ ਨਜਰ ਵਿੱਚ ਸੂਰਮੇ ਬਹਾਦਰ ਹਨ ਅਤੇ ਚੰਗੇਰੇ ਪੰਜਾਬੀ ਸਾਹਿਤ ਦੇ ਰਚਨਹਾਰ ਹਨ। ਸੋ ਮੈਂ ਇਹਨਾਂ ਸਾਰੇ ਸੰਵੇਦਨਸੀਲ ਵਿਅਕਤੀਆਂ ਦੀਆਂ ਰਚਨਾਵਾਂ ਦੇ ਇਸ ਕਾਵਿ ਸੰਗ੍ਰਹਿ "ਕਲਮਾ ਬੋਲਦੀਆਂ" ਨੂੰ ਜੀ ਆਇਆ ਨੂੰ ਆਖਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਇਸ ਕਿਤਾਬ ਦਾ ਪੰਜਾਬੀ ਸਾਹਿਤ ਵਿੱਚ ਭਰਵਾਂ ਸਵਾਗਤ ਕੀਤਾ ਜਾਵੇਗਾ।



ਪ੍ਰੋ. ਸੁਖਵੰਤ ਸਿੰਘ ਗਿੱਲ

# ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਬਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜ੍ਹਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). .........**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). **'Storm in a Tea Cup & Other Stories'** (An Anthology of English Short Stories), Azad Book Depot,Amritsar (2022)
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁੜੀ ਕਹਾਣੀ ਬਣਦੀ ਗਈ'** ਛਪ ਕੇ ਬਾਜ਼ਾਰ ਵਿੱਚ ਆ ਗਿਆ ਹੈ।
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ ਤੇ ਓਵਰਟਾਈਮ** (ਦੋ ਲਘੂ ਨਾਟਕ) (2022) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ
13). 5 Essays in English
14). ਲੇਖਕ ਦੀ ਪੁਸਤਕ **'ਮੰਗਵੇਂ ਕੋਟ ਦਾ ਨਿੱਘ'** ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 15 ਕਹਾਣੀਆਂ ਪੰਜਾਬੀ ਟ੍ਰਿਬਿਊਨ, 4 ਪ੍ਰੀਤ ਲੜੀ, 2 ਪੰਜ ਦਰਿਆ (UK), 4 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 2 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀ ਪੁਸਤਕ **'ਸਿਡਨੀ ਦੀਆਂ ਰੇਲ ਗੱਡੀਆਂ'** ਦੀ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈ ਹੈ।

ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ) ਸੰਪਰਕ 0183-2292513, ਮੋਬਾ: 94631-70369

# ਨਸੀਲੇ ਪਦਾਰਥਾਂ ਸਮੇਤ 17 ਵਿਅਕਤੀ ਗ੍ਰਿਫਤਾਰ

102 ਗ੍ਰਾਮ ਹੈਰੋਇਨ, 120 ਨਸੀਲੀਆਂ ਗੋਲੀਆਂ ਅਤੇ ਇਕ ਕਿੱਲੋ ਭੁੱਕੀ ਬਰਾਮਦ ਸੀਨੀਅਰ ਸਟਾਫ ਰਿਪੋਰਟਰ, ਪੰਜਾਬੀ ਜਾਗਰਣ, ਬਠਿੰਡਾ : ਜਿਲ੍ਹਾ ਪੁਲਿਸ ਨੇ ਵੱਖ-ਵੱਖ ਥਾਵਾਂ ਤੋਂ 17 ਵਿਅਕਤੀਆਂ ਨੂੰ ਭਾਰੀ ਮਾਤਰਾ ਨਸੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਫੜੇ ਗਏ ਇਨ੍ਹਾਂ ਮੁਲਜਮਾਂ ਕੋਲੋਂ 102.9 ਗ੍ਰਾਮ ਹੈਰੋਇਨ, 120 ਨਸੀਲੀਆਂ ਗੋਲੀਆਂ 70 ਪਾਬੰਦੀਸ਼ੁਦਾ ਕੈਪਸੂਲ, ਇਕ ਕਿੱਲੋ ਭੁੱਕੀ ਅਤੇ 9 ਬੋਤਲਾਂ ਨਜਾਇਜ ਸਰਾਬ ਬਰਾਮਦ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਫੇਜ 2 ਦੀ ਮਾਰਕੀਟ ਵਿਚ ਛਾਪੇਮਾਰੀ ਕਰਦਿਆਂ ਲਖਵਿੰਦਰ ਸਿੰਘ ਵਾਸੀ ਪ੍ਰੀਤ ਨਗਰ ਬਠਿੰਡਾ, ਅਰਸਦੀਪ ਸਿੰਘ ਵਾਸੀ ਭਾਗੂ ਰੋਡ ਬਠਿੰਡਾ, ਮੇਵਾ ਸਿੰਘ, ਹਰਵਿੰਦਰ ਸਿੰਘ ਵਾਸੀਆਨ ਧੋਬੀਆਣਾ ਬਸਤੀ ਬਠਿੰਡਾ ਅਤੇ ਹਰਪ੍ਰੀਤ ਬਾਵਾ ਵਾਸੀ ਭਾਗੂ ਰੋਡ ਬਠਿੰਡਾ ਨੂੰ ਗ੍ਰਿਫਤਾਰ ਕਰਕੇ 10.18 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਤਰ੍ਹਾਂ ਹੀ ਥਾਣਾ ਕੈਂਟ ਬਠਿੰਡਾ ਦੀ ਪੁਲਿਸ ਨੇ ਪਿੰਡ ਭੁੱਚੋ ਕਲਾਂ ਵਿੱਚੋਂ ਰਾਜਨਦੀਪ ਸਿੰਘ ਅਤੇ ਉਸਦੀ ਪਤਨੀ ਹਰਵਿੰਦਰ ਕੌਰ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 5.46 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਕ ਹੋਰ ਮਾਮਲੇ ਵਿਚ ਥਾਣਾ ਸਦਰ ਬਠਿੰਡਾ ਦੀ ਪੁਲਿਸ ਨੇ ਪੰਕਜ ਵਰਮਾ ਵਾਸੀ ਗੰਗਾਨਗਰ ਰਾਜਸਥਾਨ ਨੂੰ 120 ਟਰਾਮਾਡੋਲ ਕੈਪਸੂਲਾਂ ਸਮੇਤ ਗ੍ਰਿਫਤਾਰ ਕੀਤਾ ਹੈ। ਥਾਣਾ ਨੇਹੀਆਂਵਾਲਾ ਦੀ ਪੁਲਿਸ ਨੇ ਰਮਿੰਦਰ ਸਿੰਘ ਵਾਸੀ ਦਾਨ ਸਿੰਘ ਵਾਲਾ ਅਤੇ ਅਨਮੋਲ ਸਿੰਘ ਵਾਸੀ ਕੋਟਲੀ ਅਬਲੂ ਨੂੰ 11.50 ਗ੍ਰਾਮ ਹੈਰੋਇਨ ਸਮੇਤ ਪਿੰਡ ਜੀਦਾ ਤੋਂ ਫੜਿਆ ਹੈ। ਇਸ ਤਰ੍ਹਾਂ ਹੀ ਥਾਣਾ ਫੂਲ ਦੀ ਪੁਲਿਸ ਨੇ ਦਿਲਬਾਗ ਸਿੰਘ ਵਾਸੀ ਫੂਲ ਨੂੰ ਪੌਣੇ 9 ਬੋਤਲਾਂ ਨਜਾਇਜ ਸਰਾਬ ਸਮੇਤ ਕਾਬੂ ਕੀਤਾ ਹੈ ਜਦੋਂ ਕਿ ਸੀਆਈਏ ਸਟਾਫ ਇਕ ਦੀ ਪੁਲਿਸ ਨੇ ਰੋਸਨ ਸਿੰਘ ਵਾਸੀ ਜੋਧਪੁਰ ਪਾਖਰ ਅਤੇ ਮਨਦੀਪ ਸਿੰਘ ਵਾਸੀ ਬੁਰਜ ਸੇਮਾ ਨੂੰ 70 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਨਸਿਆਂ ਦੇ ਹੀ ਇਕ ਹੋਰ ਮਾਮਲੇ ਵਿਚ ਥਾਣਾ ਤਲਵੰਡੀ ਸਾਬੋ ਦੀ ਪੁਲਿਸ ਨੇ ਗਗਨਦੀਪ ਸਿੰਘ ਵਾਸੀ ਗਿਆਨਾ ਨੂੰ 5.15 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਇਕ ਹੋਰ ਮਾਮਲੇ ਵਿਚ ਥਾਣਾ ਸੰਗਤ ਮੰਡੀ ਦੀ ਪੁਲਿਸ ਨੇ ਸੁਖਪ੍ਰੀਤ ਕੌਰ ਨੂੰ 50 ਨਸੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ ਜਦੋਂ ਕਿ ਥਾਣਾ ਨੰਦਗੜ੍ਹ ਦੀ ਪੁਲਿਸ ਨੇ ਲਖਵਿੰਦਰ ਸਿੰਘ ਵਾਸੀ ਤਿਉਣਾ ਨੂੰ ਇਕ ਕਿੱਲੋ ਭੁੱਕੀ ਅਤੇ 70 ਨਸੀਲੀਆਂ ਗੋਲੀਆਂ ਸਮੇਤ ਫੜਿਆ ਹੈ। ਥਾਣਾ ਰਾਮਾਂ ਮੰਡੀ ਦੀ ਪੁਲਿਸ ਨੇ ਵੀ ਨਸੀਲੇ ਪਦਾਰਥ ਦਾ ਸੇਵਨ ਕਰ ਰਹੇ ਇਕ ਨੌਜਵਾਨ ਹਰਵਿੰਦਰ ਸਿੰਘ ਨੂੰ ਕਾਬੂ ਕੀਤਾ ਹੈ। ਜਿਸ ਕੋਲੋਂ ਪੁਲਿਸ ਨੇ ਸਿਲਵਰ ਪੰਨੀ, ਲਾਈਟਰ ਅਤੇ 10 ਰੁਪਏ ਦਾ ਨੋਟ ਬਰਾਮਦ ਕੀਤਾ ਹੈ।

# ਸੀਸੀਟੀਵੀ ਕਾਮਰੇ ਤੋੜ ਕੇ ਚਲਾਈਆਂ ਘਰ 'ਤੇ ਗੋਲੀਆਂ

ਮੋਰਿੰਡਾ: ਪਿੰਡ ਅਮਰਾਲੀ ਵਿਖੇ ਕਾਰ ਸਵਾਰ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਘਰ 'ਤੇ ਹਮਲਾ ਕਰਨ, ਸੀਸੀਟੀਵੀ ਕੈਮਰੇ ਤੋੜਨ ਅਤੇ ਫਾਇਰਿੰਗ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪਰਿਵਾਰ ਵਾਲਿਆਂ ਦਾ ਦੋਸ਼ ਹੈ ਕਿ ਇਹ ਹਮਲਾ ਉਸ ਵਿਅਕਤੀ ਵੱਲੋਂ ਕਰਵਾਇਆ ਗਿਆ ਜਿਸ ਨਾਲ ਉਨਾਂ ਦੀ ਮੁਕੱਦਮੇਬਾਜੀ ਚੱਲਦੀ ਹੈ ਅਤੇ ਉਹੀ ਵਿਅਕਤੀ ਹਮਲਾਵਰਾਂ ਨੂੰ ਨਾਲ ਲੈ ਕੇ ਆਇਆ ਸੀ। ਇਸ ਸਬੰਧੀ ਮੋਰਿੰਡਾ ਪੁਲਿਸ ਨੇ ਤੇਜਪ੍ਰੀਤ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਪਿੰਡ ਅਮਰਾਲੀ ਦੀ ਸਿਕਾਇਤ ਦੇ ਅਧਾਰ ਤੇ ਮਾਮਲਾ ਦਰਜ ਕਰਕੇ ਕਾਰਵਾਈ ਸੁਰੂ ਕਰ ਦਿੱਤੀ ਹੈ। ਮੋਰਿੰਡਾ ਪੁਲਿਸ ਨੂੰ ਦਿੱਤੇ ਬਿਆਨ ਵਿਚ ਤੇਜਪ੍ਰੀਤ ਕੌਰ ਨੇ ਕਿਹਾ ਕਿ ਉਸ ਦਾ ਪਤੀ ਕੁਲਵਿੰਦਰ ਸਿੰਘ ਰੋਪੜ ਵਿਖੇ ਇੱਕ ਟਰੈਕਟਰ ਏਜੰਸੀ ਵਿਚ ਕੰਮ ਕਰਦਾ ਹੈ ਅਤੇ ਜਿਆਦਾਤਰ ਉੱਥੇ ਹੀ ਰਹਿੰਦਾ ਹੈ। ਉਸ ਨੇ ਕਿਹਾ ਕਿ ਉਸ ਦੇ ਕੋਲ ਤਿੰਨ ਲੜਕੀਆਂ ਹਨ ਅਤੇ ਘਰ ਵਿਚ ਆਪਣੀਆਂ ਲੜਕੀਆਂ ਨਾਲ ਰਹਿੰਦੀ ਹੈ। ਉਨ੍ਹਾਂ ਨੇ ਪੁਲਿਸ ਨੂੰ ਦੱਸਿਆ ਕਿ ਮੈਂ ਆਪਣੇ ਘਰ ਦੀ ਖਿੜਕੀ ਦੇ ਸੀਸੇ ਰਾਹੀਂ ਦੇਖਿਆ ਕਿ ਇੱਕ ਸਵਿਫਟ ਕਾਰ ਰੰਗ ਚਿੱਟਾ ਸਾਡੇ ਘਰ ਦੇ ਬਾਹਰ ਰੁਕੀ ਜਿਸ ਵਿੱਚੋਂ ਚਾਰ ਨੌਜਵਾਨ ਨਿਕਲੇ ਜਿਨ੍ਹਾਂ ਨੇ ਆਪਣੇ ਮੂੰਹ ਬੰਨ੍ਹੇ ਹੋਏ ਸਨ ਅਤੇ ਇੱਕ ਨੌਜਵਾਨ ਦੇ ਹੱਥ ਵਿਚ 12 ਬੋਰ ਦੀ ਬੰਦੂਕ ਫੜੀ ਹੋਈ ਸੀ ਬਾਕੀ ਨੇ ਆਪਣੇ ਹੱਥਾਂ ਵਿੱਚ ਰਾਡ ਤੇ ਡੰਡੇ ਫੜੇ ਹੋਏ ਸਨ । ਜੋ ਕਾਰ ਵਿੱਚੋਂ ਉਤਰਦੇ ਸਾਰ ਹੀ ਰਾਡ



ਤੇ ਡੰਡਿਆਂ ਨਾਲ ਪਹਿਲਾਂ ਉਨ੍ਹਾਂ ਨੇ ਮੇਰੇ ਘਰ ਦੇ ਲੋਹੇ ਦੇ ਗੇਟ ਨੂੰ ਤੋੜਨ ਦੀ ਕੋਸਿਸ ਕੀਤੀ। ਬਾਅਦ ਵਿਚ ਇਨ੍ਹਾਂ ਨੇ ਮੇਰੇ ਘਰ ਦੀ ਖਿੜਕੀ ਦਾ ਰਾਡ ਨਾਲ ਸੀਸਾ ਤੋੜ ਦਿੱਤਾ ਅਤੇ ਮੈਨੂੰ ਉੱਚੀ ਉੱਚੀ ਗਾਲੀ ਗਲੋਚ ਕਰਨ ਲੱਗ ਪਿਆ ਤੇ ਕਹਿਣ ਲੱਗਾ ਕਿ ਅੱਜ ਅਸੀਂ ਤੇਰਾ ਕੰਮ ਕਰਕੇ ਹੀ ਜਾਣਾ ਹੈ। ਜਿਸ ਨੇ ਆਪਣੇ ਹੱਥ ਵਿਚ ਫੜੀ ਹੋਈ 12 ਬੋਰ ਦੀ ਬੰਦੂਕ ਨਾਲ ਖਿੜਕੀ ਵਿਚੋਂ ਮੇਰੇ ਵੱਲ ਮਾਰ ਦੇਣ ਦੀ ਨੀਅਤ ਨਾਲ ਫਾਇਰ ਵੀ ਕੀਤਾ ਅਤੇ ਮੈਂ ਇੱਕਦਮ ਥੱਲੇ ਬੈਠ ਗਈ। ਇਹ ਫਾਇਰ ਦੇ ਛਰ੍ਹੇ ਮੇਰੇ ਕਮਰੇ ਦੀ ਕੰਧ ਤੇ ਲੱਗੇ। ਉਸ ਨੇ ਕਿਹਾ ਕਿ ਮੈਂ ਇਸ ਵਿਅਕਤੀ ਦੀ ਆਵਾਜ ਅਤੇ ਉਸਦੇ ਚਿਹਰੇ 'ਤੇ ਥੋੜ੍ਹਾ ਕੱਪੜਾ ਥੱਲੇ ਹੋਣ ਤੇ ਪਛਾਣ ਕੀਤੀ ਕਿ ਇਹ ਵਿਅਕਤੀ ਮਨਦੀਪ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਤਲਵੰਡੀ ਥਾਣਾ ਭਦੌੜ ਜਿਲ੍ਹਾ ਬਰਨਾਲਾ ਹੈ ।ਮਨਦੀਪ ਸਿੰਘ ਨੇ ਦੂਜਾ ਫਾਇਰ ਮੇਰੇ ਘਰ ਦੇ ਲੋਹੇ ਦੇ ਗੇਟ 'ਤੇ ਕੀਤਾ ਇਨੇ ਵਿੱਚ ਮੇਰਾ ਸਹੁਰਾ ਭਾਗ ਸਿੰਘ ਜੋ ਨਾਲ ਦੇ ਘਰ ਵਿਚ ਰਹਿੰਦਾ ਹੈ, ਕੋਠੇ ਤੇ ਉੱਚੀ ਉੱਚੀ ਰੌਲਾ ਪਾਉਣ ਲੱਗਾ। ਮੈਂ ਪੁਲਿਸ ਨੂੰ ਫੋਨ ਕਰ ਦਿੱਤਾ। ਇਹ ਗੱਲ ਸੁਣ ਕੇ ਮਨਦੀਪ ਸਿੰਘ ਅਤੇ ਉਸਦੇ ਜਿਨ੍ਹਾਂ ਸਾਥੀਆਂ ਨੇ ਸਾਡੇ ਘਰ ਦੇ ਬਾਹਰ ਲੱਗੇ ਕੈਮਰੇ ਵੀ ਤੋੜ ਦਿੱਤੇ ਤੇ ਮੌਕਾ 'ਤੇ ਮੈਨੂੰ ਮਾਰ ਦੇਣ ਦੀਆਂ ਧਮਕੀਆਂ ਦਿੰਦੇ ਹੋਏ ਆਪਣੇ ਹਥਿਆਰਾਂ ਸਮੇਤ ਕਾਰ ਵਿੱਚ ਬੈਠ ਕੇ ਭੱਜ ਗਏ। ਉਸ ਨੇ ਦੱਸਿਆ ਕਿ ਮਨਦੀਪ ਸਿੰਘ ਉਕਤ ਨਾਲ ਮੇਰੀ ਵਜ੍ਹਾ ਰੰਜਿਸ ਇਹ ਹੈ ਕਿ ਮੈਨੂੰ ਪਹਿਲਾਂ ਵੀ ਤੰਗ ਪਰੇਸਾਨ ਕਰਕੇ ਲੜਾਈ ਝਗੜਾ ਕਰਦਾ ਸੀ। ਜਿਸ ਸਬੰਧੀ ਮਨਦੀਪ ਸਿੰਘ ਦੇ ਖਿਲਾਫ ਦੋ ਮੁਕੱਦਮੇ ਦਰਜ ਹੋਏ ਹਨ ।ਜਿਨ੍ਹਾਂ ਦੀ ਸੁਣਵਾਈ ਮਾਣਯੋਗ ਅਦਾਲਤ ਰੂਪਨਗਰ ਵਿਖੇ ਚੱਲ ਰਹੀ ਹੈ। ਇਹ ਮੇਰੇ 'ਤੇ ਸਮਝੌਤਾ ਕਰਨ ਲਈ ਤੇ ਲਗਾਤਾਰ ਦਬਾਓ ਪਾ ਰਿਹਾ ਸੀ। ਮੈਂ ਉਸ ਨੂੰ ਫੈਸਲਾ ਕਰਨ ਲਈ ਮਨਾ ਕਰ ਦਿੱਤਾ। ਜਿਸ ਤੇ ਉਸ ਨੇ ਮੈਨੂੰ ਮਾਰ ਦੇਣ ਦੀ ਨੀਅਤ ਨਾਲ ਆਪਣੇ ਸਾਥੀਆਂ ਨਾਲ ਮਿਲ ਕੇ ਮੇਰੇ ਘਰ ਦੀ ਭੰਨ ਤੋੜ ਕਰਕੇ ਮੇਰੇ ਤੇ ਹਮਲਾ ਕੀਤਾ ਹੈ। ਇਸ ਸਬੰਧੀ ਐਸਐਚਓ ਮੋਰਿੰਡਾ ਸਦਰ ਇੰਸਪੈਕਟਰ ਸਵਿੰਦਰ ਸਿੰਘ ਨੇ ਕਿਹਾ ਕਿ ਇਸ ਸਬੰਧੀ ਮੋਰਿੰਡਾ ਪੁਲਿਸ ਵੱਲੋਂ ਤੇਜਪ੍ਰੀਤ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਦਰਜ ਕਰ ਲਿਆ ਹੈ। ਇਸ ਸਬੰਧੀ ਡੀਐਸਪੀ ਮੋਰਿੰਡਾ ਜਤਿੰਦਰ ਪਾਲ ਸਿੰਘ ਮੱਲੀ ਨੇ ਕਿਹਾ ਕਿ ਮੁਲਜਮ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ ਅਤੇ ਇਲਾਕੇ ਵਿਚ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥਾਂ ਵਿੱਚ ਲੈਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ।

# 'ਭਾਜਪਾ 'ਵਨ ਨੇਸ਼ਨ ਵਨ ਹਸਬੈਂਡ' ਬਣਾਉਣਾ ਚਾਹੁੰਦੀ', ਮੁੱਖ ਮੰਤਰੀ ਭਗਵੰਤ ਮਾਨ ਨੇ ਕੱਸਿਆ ਵਿਅੰਗ

ਮੁੱਖ ਮੰਤਰੀ ਭਗਵੰਤ ਮਾਨ ਨੇ ਸਿੰਦੂਰ ਦੇ ਮੁੱਦੇ 'ਤੇ ਭਾਜਪਾ 'ਤੇ 'ਵਨ ਨੇਸ਼ਨ ਵਨ ਹਸਬੈਂਡ' (ਇਕ ਦੇਸ਼ ਇਕ ਪਤੀ) ਬਣਾਉਣ ਦਾ ਵਿਅੰਗ ਕੱਸਦਿਆ ਕਿਹਾ ਕਿ ਭਾਜਪਾ ਸਿੰਦੂਰ ਦੇ ਮੁੱਦੇ 'ਤੇ ਵੋਟਾਂ ਮੰਗ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਿੰਦੂਰ ਦਾ ਮਜਾਕ ਉਡਾ ਰਹੀ ਹੈ। ਉਨ੍ਹਾਂ ਪੁੱਛਿਆ ਭਾਜਪਾ ਦੀ 'ਇੱਕ ਰਾਸਟਰ -ਇੱਕ ਪਤੀ' ਬਣਾਉਣ ਦੀ ਯੋਜਨਾ ਹੈ ?

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਔਰਤਾਂ ਦੇ ਸਿੰਦੂਰ 'ਤੇ ਉਹਨਾਂ ਦੇ ਪਤੀ ਦਾ ਹੱਕ ਹੈ। ਉਨ੍ਹਾਂ ਭਾਜਪਾ ਆਗੂਆਂ ਨੂੰ ਘਰ-ਘਰ ਸਿੰਦੂਰ ਨਾ ਭੇਜਣ,ਦੀ ਸਲਾਹ ਦਿੱਤੀ ਨਹੀਂ ਤਾਂ ਪੰਜਾਬੀ ਔਰਤਾਂ ਉਨ੍ਹਾਂ ਨੂੰ ਕੁੱਟਣਗੀਆਂ। ਵੜਿੰਗ ਨੇ ਕਿਹਾ ਕਿ ਅਪ੍ਰੇਸਨ ਸਿੰਦੂਰ ਵਿਚ ਕੀ ਹੋਇਆ । ਉਨ੍ਹਾਂ ਕਿਹਾ ਕਿ ਉਹ ਭਾਰਤੀ ਫੌਜ ਨੂੰ ਸਲਾਮ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਿਰਫ ਔਰਤ ਦੇ ਪਤੀ ਦਾ ਸਿੰਦੂਰ 'ਤੇ ਹੱਕ ਹੈ ।ਉਹ ਸਿਰਫ ਆਪਣੇ ਪਤੀ ਦੀ ਲੰਬੀ ਉਮਰ ਲਈ ਸਿੰਦੂਰ ਲਗਾਉਂਦੀ ਹੈ।

ਮੁੱਖ ਮੰਤਰੀ ਔਰਤਾਂ ਦਾ ਮਜਾਕ ਉਡਾ ਰਹੇ ਹਨ- ਜੋਸ਼ੀ

ਪੰਜਾਬ ਭਾਜਪਾ ਦੇ ਸੀਨੀਅਰ ਨੇਤਾ ਵਿਨੀਤ ਜੋਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਿੰਦੂਰ ਵਿਚ ਵਿਸਵਾਸ ਰੱਖਣ ਵਾਲੀਆਂ ਹਿੰਦੂ ਔਰਤਾਂ ਦਾ ਮਜਾਕ ਉਡਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿੰਦੂਰ ਆਪ੍ਰੇਸਨ



ਭਾਰਤੀ ਫੌਜ ਦੁਆਰਾ ਪਾਕਿਸਤਾਨ ਵਿਚ ਲੁਕੇ ਅੱਤਵਾਦੀਆਂ ਨੂੰ ਮਾਰਨ ਲਈ ਕੀਤਾ ਗਿਆ ਸੀ। ਇਹ ਆਪ੍ਰੇਸਨ ਉਦੋਂ ਕੀਤਾ ਗਿਆ ਸੀ ਜਦੋਂ ਅੱਤਵਾਦੀਆਂ ਨੇ ਅਪ੍ਰੈਲ ਮਹੀਨੇ ਵਿਚ ਜੰਮੂ-ਕਸਮੀਰ ਦੇ ਪਹਿਲਗਾਮ ਵਿਚ 26 ਤੋਂ ਵੱਧ ਲੋਕਾਂ ਦੀ ਹੱਤਿਆ ਕਰ ਦਿੱਤੀ ਸੀ।

ਮੁੱਖ ਮੰਤਰੀ ਮਾਫੀ ਮੰਗਣ - ਬਿੱਟੂ

ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਆਪਰੇਸਨ ਸਿੰਦੂਰ ਦਾ ਮਜਾਕ ਉਡਾਕੇ ਦਹਿਸਤਗਰਦਾਂ ਦੇ ਹੱਥੋ ਮਾਰੇ ਗਏ ਲੋਕਾਂ ਦੀਆਂ ਵਿਧਵਾਵਾਂ ਦਾ ਅਪਮਾਨ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਨੇ ਕਿਹਾ ਮੁੱਖ ਮੰਤਰੀ ਇੰਨਾ ਥੱਲੇ ਡਿੱਗ ਜਾਣਗੇ ਕਿ ਉਹ ਪਹਿਲਗਾਮ ਦੀਆਂ ਵਿਧਵਾਵਾਂ ਦਾ ਵਨ ਨੇਸ਼ਨ ਵਨ ਹਸਬੈਂਡ ਵਰਗੇ ਘਟੀਆ ਸ਼ਬਦਾਂ ਨਾਲ ਮਜਾਕ ਉਡਾਉਣਗੇ।

ਬਿੱਟੂ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਰਾਜਾ ਵੜਿੰਗ 'ਤੇ ਫੌਜ ਦੀ ਬਹਾਦਰੀ ਨੂੰ ਰਾਜਨੀਤਿਕ ਰੰਗ ਦੇਣ ਅਤੇ ਸ਼ਹੀਦਾਂ ਦੇ ਪਰਿਵਾਰਾਂ ਦੀ ਕੁਰਬਾਨੀ ਦੀ ਅਣਦੇਖੀ ਕਰਨ ਦਾ ਦੋਸ ਲਾਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਬਿਨਾਂ ਸਰਤ ਮਾਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਤੁਸੀਂ ਪੁਰਾਣੇ ਕਾਮੇਡੀਅਨ ਹੋ ਸਕਦੇ ਹੋ, ਪਰ ਇਸਦਾ ਇਹ ਅਰਥ ਨਹੀਂ ਕਿ ਤੁਸੀਂ ਸ਼ਹੀਦਾਂ ਦੀਆਂ ਪਤਨੀਆਂ ਜਾਂ ਸਾਡੇ ਜਵਾਨਾਂ ਦੀ ਬਹਾਦਰੀ ਦਾ ਮਜਾਕ ਉਡਾਓ।

# ਫਾਜਿਲਕਾ ਦੇ ਮੁਅੱਤਲਸ਼ੁਦਾ ਐਸਐਸਪੀ ਦੇ ਰੀਡਰ ਨੇ ਸਰਕਾਰ ਖਿਲਾਫ ਪੋਸਟ ਪਾ ਕੇ ਛੇੜੀ ਨਵੀਂ ਚਰਚਾ

ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤਹਿਤ ਫਾਜਿਲਕਾ ਦੇ ਐਸਐਸਪੀ ਰਹੇ ਵਰਿੰਦਰ ਸਿੰਘ ਬਰਾੜ ਨੂੰ ਮੁਅੱਤਲ ਕੀਤੇ ਜਾਣ ਦੇ ਮਾਮਲੇ ਨੇ ਇੱਕ ਨਵਾਂ ਮੋੜ ਲੈ ਲਿਆ ਹੈ। ਫਾਜਿਲਕਾ ਦੇ ਬਣੇ "ਮੀਡੀਆ ਗਰੁੱਪ" ਵਿੱਚ ਪੀਪੀਐਸ ਵਰਿੰਦਰ ਸਿੰਘ ਬਰਾੜ ਦੇ ਲੰਬੇ ਸਮੇਂ ਤੋਂ ਨਾਲ ਰਹਿ ਰਹੇ ਰੀਡਰ ਅਮਰਿੰਦਰ ਸਿੰਘ ਨੇ ਇੱਕ ਪੋਸਟ ਪਾ ਕੇ ਜਿੱਥੇ ਪੰਜਾਬ ਸਰਕਾਰ ਅਤੇ ਪੰਜਾਬ ਦੇ ਮੁੱਖ ਮੰਤਰੀ ਖਿਲਾਫ ਵੱਡੇ ਸਵਾਲ ਖੜ੍ਹੇ ਕੀਤੇ ਹਨ, ਉੱਥੇ ਹੀ ਇਸ ਸਬੰਧੀ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ।

ਮੁਅੱਤਲਸ਼ੁਦਾ ਐਸਐਸਪੀ ਵਰਿੰਦਰ ਸਿੰਘ ਬਰਾੜ ਨੂੰ ਨਿਰਦੋਸ ਦੱਸਦਿਆਂ ਇਸ ਪੋਸਟ ਵਿਚ ਕਿਹਾ ਗਿਆ ਹੈ ਕਿ ਉਹ ਬੜੇ ਨਿਮਰ ਅਤੇ ਸਾਦੇ ਸੁਭਾਅ ਦੇ ਅਫਸਰ ਹਨ ਅਤੇ ਉਹਨਾਂ ਨੂੰ ਬਿਨਾਂ ਦੋਸ ਮੁਅੱਤਲ ਕੀਤਾ ਗਿਆ ਹੈ। ਪੋਸਟ ਵਿੱਚ ਪੰਜਾਬ ਵਿੱਚ ਵੱਡੇ ਬਹੁ ਚਰਚਿਤ ਰਹੇ ਮਾਮਲਿਆਂ ਦਾ ਜਿਕਰ ਵੀ ਸਬ ਇੰਸਪੈਕਟਰ ਅਮਰਿੰਦਰ ਸਿੰਘ ਵੱਲੋਂ ਕੀਤਾ ਗਿਆ ਹੈ।

ਪੀਪੀਐਸ ਵਰਿੰਦਰ ਸਿੰਘ ਬਰਾੜ



ਉਨ੍ਹਾਂ ਨੇ ਬਠਿੰਡਾ ਸੀਆਈਏ ਸਟਾਫ ਨਾਲ ਸਬੰਧਤ ਨੌਜਵਾਨ ਨਰਿੰਦਰਦੀਪ ਸਿੰਘ ਦੀ ਮੌਤ ਦੇ ਮਾਮਲੇ ਵਿਚ ਉਥੋਂ ਦੇ ਐਸਐਸਪੀ ਖਿਲਾਫ ਕੋਈ ਕਾਰਵਾਈ ਨਾ ਹੋਣ ਦਾ ਮਾਮਲਾ ਵਿਚ ਉਠਇਆ ਹੈ। ਪੋਸਟ ਵਿਚ ਕਿਹਾ ਗਿਆ ਹੈ, "ਹਾਲਾਂਕਿ ਮੁੱਖ ਮੰਤਰੀ ਪੰਜਾਬ 2 ਦਿਨ ਬਠਿੰਡੇ ਰਹੇ ਅਤੇ ਉਹਨਾਂ ਨੇ ਇੱਕ ਨੌਜਵਾਨ ਦੀ ਇਕਤਰਫਾ ਗੱਲ ਸੁਣਦੇ ਹੋਏ ਪਿੰਡ ਮਹਿਰਾਜ ਦੇ ਕਿਸਾਨਾਂ ਤੇ ਐਸਐਸਪੀ ਨੂੰ ਸਟੇਜ 'ਤੇ ਬੁਲਾ ਕੇ ਪਰਚੇ ਦਾ ਹੁਕਮ ਦੇ ਦਿੱਤਾ, ਪਰ ਸੀਆਈਏ 2 ਨਰਿੰਦਰਪਾਲ (ਨਰਿੰਦਰਦੀਪ ਸਿੰਘ) ਕਾਂਡ 'ਤੇ ਬੋਲੇ ਨਹੀ। ਇੱਥੇ ਵੀ ਸਰਕਾਰ ਦੀ ਕਿਰਕਿਰੀ ਹੁੰਦੀ ਦੇਖ ਮੌਕੇ 'ਤੇ ਐਸਐਸਪੀ ਦੇ ਤਬਾਦਲੇ ਜਾਂ ਮੁਅੱਤਲੀ ਦਾ ਐਲਾਨ ਕਰ ਸਕਦੇ ਸੀ, ਪਰ ਅਧਿਕਾਰੀ ਆਈਪੀਐਸ ਸੀ। ਪਟਿਆਲਾ ਵਿੱਚ ਸਰੇਆਮ ਇੱਕ ਕਰਨਲ ਦੀ ਕੁੱਟਮਾਰ ਮਾਰ ਹੋਈ ਤੇ ਇਸ ਵਿੱਚ ਸਰਕਾਰ ਅਤੇ ਪੁਲੀਸ ਨੂੰ ਨਾਮੋਸੀ ਵੀ ਝਲਣੀ ਪਈ। ਇਸ ਕੇਸ ਵਿੱਚ ਪੁਲੀਸ ਇੰਸਪੈਕਟਰ ਤੇ ਮੁਲਾਜਮਾਂ 'ਤੇ ਪਰਚਾ ਕੀਤਾ ਗਿਆ, ਪਰ ਐਸਐਸਪੀ ਨੂੰ ਬਚਾ ਲਿਆ ਗਿਆ। ਸਰਕਾਰ ਬਦਲੀ ਜਾਂ ਮੁਅੱਤਲ ਕਰਕੇ ਮਾਮਲੇ ਨੂੰ ਸਾਂਤ ਕਰ ਸਕਦੀ ਸੀ, ਪਰ ਨਹੀਂ ਉਲਟਾ ਮੌਕੇ ਦੇ ਐਸਐਸਪੀ ਨੂੰ ਉਸ ਰੇਂਜ ਦਾ ਡੀਆਈਜੀ ਲਗਾ ਦਿੱਤਾ ਗਿਆ।"

ਸਬ ਇੰਸਪੈਕਟਰ ਅਮਰਿੰਦਰ ਸਿੰਘ ਵੱਲੋਂ ਪਾਈ ਪੋਸਟ ਵਿੱਚ ਪੀਪੀਐਸ ਵਰਿੰਦਰ ਸਿੰਘ ਬਰਾੜ ਦੀਆਂ ਤਾਰੀਫਾਂ ਕੀਤੀਆਂ ਗਈਆਂ ਹਨ। ਉਨ੍ਹਾਂ ਲਿਖਿਆ ਹੈ, "ਹਾਲਾਂਕਿ ਵਰਿੰਦਰ ਬਰਾੜ ਉਹ ਸਖਸ ਹੈ, ਜਿਸਨੇ ਖਾੜਕੂ ਲਹਿਰ ਵਿੱਚ ਬਤੌਰ ਐਸਪੀ ਪੰਜਾਬ ਪੁਲੀਸ ਆਪਣੇ ਬਾਪ ਨੂੰ ਗੁਆਇਆ।" ਹੋਰ ਵੀ ਕਾਫੀ ਕੁਝ ਲਿਖਿਆ ਹੈ।

ਫਸਣ ਪਿੱਛੋਂ ਅਜਿਹੇ ਦੋਸ਼ ਲਾਏ ਹੀ ਜਾਂਦੇ ਹਨ: ਵਿਧਾਇਕ

ਫਾਜਿਲਕਾ ਤੋਂ 'ਆਪ' ਵਿਧਾਇਕ ਨਰਿੰਦਰਪਾਲ ਸਵਨਾ ਨੇ ਪੋਸਟ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਭ੍ਰਿਸ਼ਟ ਅਫਸਰ ਜਦੋਂ ਫਸਦੇ ਹਨ, ਤਾਂ ਉਹ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਪੰਜਾਬ ਸਰਕਾਰ ਅੱਜ ਵੀ ਅਤੇ ਕੱਲ੍ਹ ਵੀ ਭ੍ਰਿਸ਼ਟਾਚਾਰੀਆਂ ਖਿਲਾਫ ਕਾਰਵਾਈ ਕਰਨ ਲਈ ਵਚਨਬੱਧ ਹੈ।

ਜਿਕਰਯੋਗ ਹੈ ਕਿ ਜਿੱਥੇ ਜਿਲ੍ਹਾ ਫਾਜਿਲਕਾ ਦੇ ਲੋਕਾਂ ਵੱਲੋਂ ਐਸਐਸਪੀ ਦੇ ਸੁਭਾਅ ਬਾਰੇ ਚੰਗਾ ਕਿਹਾ ਜਾ ਰਿਹਾ ਹੈ, ਉੱਥੇ ਹੀ ਇਹ ਦੋਸ਼ ਵੱਡੇ ਪੱਧਰ 'ਤੇ ਲਾਏ ਜਾ ਰਹੇ ਹਨ ਕਿ ਜਿਲ੍ਹਾ ਫਾਜਿਲਕਾ ਅੰਦਰ 'ਐਸਐਸਪੀ ਵਰਿੰਦਰ ਸਿੰਘ ਬਰਾੜ ਕਪਤਾਨੀ ਨਹੀਂ ਕਰਦਾ ਸੀ, ਸਗੋਂ ਉਸ ਦਾ ਰੀਡਰ ਕਰਦਾ ਸੀ' ਅਤੇ ਉਸ ਤੋਂ ਬਾਕੀ ਪੁਲੀਸ ਅਫਸਰ ਵੀ ਤੰਗ ਸਨ। ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਵੀ ਜਿਲ੍ਹਾ ਪੁਲੀਸ ਹੈਡ ਕੁਆਰਟਰ ਫਾਜਿਲਕਾ 'ਤੇ ਵੱਡੇ ਪੱਧਰ 'ਤੇ ਦੋਸ ਲੱਗ ਰਹੇ ਹਨ।

# ਲੈਂਡ ਪੂਲਿੰਗ ਨੀਤੀ ਪੰਜਾਬ ਦੀ ਖੇਤੀਬਾੜੀ ਨੂੰ ਤਬਾਹ ਕਰ ਦੇਵੇਗੀ: ਵੜਿੰਗ



ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ ਸਰਕਾਰ ਦੀ "ਲੈਂਡ ਪੂਲਿੰਗ" ਨੀਤੀ ਵਿਰੁੱਧ ਆਪਣਾ ਇਤਰਾਜ ਦੁਹਰਾਉਂਦੇ ਹੋਏ ਚੇਤਾਵਨੀ ਦਿੱਤੀ ਹੈ ਕਿ ਇਹ ਪੰਜਾਬ ਦੀ ਖੇਤੀਬਾੜੀ ਅਰਥਵਿਵਸਥਾ ਨੂੰ ਤਬਾਹ ਕਰ ਦੇਵੇਗੀ। ਇਸ ਦੌਰਾਨ ਵੜਿੰਗ ਨੇ ਪਾਰਟੀ ਆਗੂਆਂ ਨੂੰ ਕਾਂਗਰਸ ਵਿੱਚ ਦੁਬਾਰਾ ਸਾਮਲ ਕਰਨ ਦਾ ਸਮਰਥਨ ਕਰਦਿਆਂ ਕਿਹਾ ਕਿ ਇਸ ਮੁੱਦੇ 'ਤੇ ਕੋਈ ਮਤਭੇਦ ਨਹੀਂ ਹਨ ਅਤੇ ਸਾਰਿਆਂ ਦਾ ਪਾਰਟੀ ਵਿੱਚ ਸਵਾਗਤ ਹੈ।

ਅੱਜ ਇੱਥੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੁੱਖ ਦਫਤਰ ਵਿਖੇ 'ਹਲਕਾ ਕੋਆਰਡੀਨੇਟਰਾਂ' ਦੀ ਮੀਟਿੰਗ ਨੂੰ ਸੰਬੋਧਨ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਇੱਕ ਗੈਰ-ਰਸਮੀ ਗੱਲਬਾਤ ਵਿੱਚ ਵੜਿੰਗ ਨੇ ਕਿਹਾ ਕਿ 'ਲੈਂਡ ਪੂਲਿੰਗ' ਨੀਤੀ ਸਿਰਫ ਪੈਸਾ ਇਕੱਠਾ ਕਰਨ ਦੇ ਉਦੇਸ ਨਾਲ ਤਿਆਰ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ 24,000 ਏਕੜ ਖੇਤੀਬਾੜੀ ਜਮੀਨ ਐਕੁਆਇਰ ਕਰਨ ਨਾਲ ਸੂਬੇ ਦੀ ਖੇਤੀਬਾੜੀ ਆਰਥਿਕਤਾ ਹਿੱਲ ਜਾਵੇਗੀ, ਜੋ ਕਿ ਸਮਾਜ ਦੇ ਹਰ ਵਰਗ ਨੂੰ ਪ੍ਰਭਾਵਿਤ ਕਰੇਗਾ। ਉਨ੍ਹਾਂ ਨੇ ਜੋਰ ਦਿੰਦਿਆਂ ਕਿਹਾ ਕਿ ਪੰਜਾਬ ਦੀ ਸਮੁੱਚੀ ਆਰਥਿਕਤਾ, ਵਪਾਰ ਅਤੇ ਉਦਯੋਗ ਖੇਤੀਬਾੜੀ 'ਤੇ ਨਿਰਭਰ ਕਰਦਾ ਹੈ।

# ਪੰਜ ਬੱਚਿਆਂ ਦੀ ਮਾਂ ਦਾ ਗਲਾ ਘੁੱਟ ਕੇ ਕਤਲ, ਨਦੀ ਦੇ ਕੰਢੇ ਤੋਂ ਮਿਲੀ ਲਾਸ਼

ਮਝੌਲੀਆ ਥਾਣਾ ਖੇਤਰ ਦੇ ਹਰਪੁਰ ਗੜ੍ਹਵਾ ਪੰਚਾਇਤ ਦੇ ਵਾਰਡ ਨੰਬਰ ਇੱਕ ਦੇ ਵਸਨੀਕ ਸਮਸੇਰ ਆਲਮ ਦੀ ਪਤਨੀ ਨਜਰੁਲ ਨੇਸਾ (35 ਸਾਲ) ਦੀ ਲਾਸ ਮੰਗਲਵਾਰ ਸਵੇਰੇ ਸਿਕਰਾਣਾ ਨਦੀ ਦੇ ਕੰਢੇ ਤੋਂ ਮਿਲੀ। ਮ੍ਰਿਤਕਾ ਦੇ ਸਹੁਰਿਆਂ ਨੇ ਸੋਮਵਾਰ ਦੁਪਹਿਰ ਤੋਂ ਉਸ ਦੇ ਰਹੱਸਮਈ ਲਾਪਤਾ ਹੋਣ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਸੀ। ਹਾਲਾਂਕਿ, ਲਾਸ ਮਿਲਣ ਤੋਂ ਬਾਅਦ ਪਿੰਡ ਵਿੱਚ ਸਨਸਨੀ ਫੈਲ ਗਈ। ਪਿੰਡ ਵਾਸੀਆਂ ਦੀ ਸੂਚਨਾ 'ਤੇ ਪਹੁੰਚੀ ਪੁਲਿਸ ਨੇ ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਐੱਸ.ਐੱਚ.ਓ. ਸੁਨੀਲ ਕੁਮਾਰ ਸਿੰਘ ਨੇ ਕਿਹਾ ਕਿ ਮ੍ਰਿਤਕਾ ਦੀ ਗਰਦਨ 'ਤੇ ਸੱਟ ਦਾ ਨਿਸਾਨ ਹੈ। ਉਸ ਦੇ ਮੂੰਹ ਵਿੱਚੋਂ ਖੂਨ ਨਿਕਲਿਆ ਹੈ। ਪਹਿਲੀ ਨਜ਼ਰੇ ਮਾਮਲਾ ਗਲਾ ਘੁੱਟ ਕੇ ਕਤਲ ਕੀਤਾ ਜਾ ਰਿਹਾ ਜਾਪਦਾ ਹੈ।



ਡੌਗ ਸਕੁਐਡ ਅਤੇ ਐਫਐਸਐਲ ਟੀਮ ਨੂੰ ਜਾਂਚ ਲਈ ਬੁਲਾਇਆ ਗਿਆ ਹੈ। ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੀ ਮੌਤ ਦਾ ਕਾਰਨ ਪਤਾ ਲੱਗੇਗਾ। ਫਿਲਹਾਲ ਮ੍ਰਿਤਕ ਦੀ ਸੱਸ ਅਤੇ ਗੋਤਨੀ (ਦਿਆਦੀਨ) ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਪਰਿਵਾਰ ਦੇ ਹੋਰ ਮੈਂਬਰ ਫਰਾਰ ਹਨ। ਹੁਣ ਤੱਕ ਮ੍ਰਿਤਕ ਦੇ ਮਾਪਿਆਂ ਨੇ ਕੋਈ ਅਰਜੀ ਨਹੀਂ ਦਿੱਤੀ ਹੈ। ਅਰਜੀ ਮਿਲਣ 'ਤੇ ਮਾਮਲਾ ਦਰਜ ਕੀਤਾ ਜਾਵੇਗਾ। ਮ੍ਰਿਤਕ ਦੇ ਸਹੁਰਿਆਂ ਨੇ ਸੋਮਵਾਰ ਦੁਪਹਿਰ ਨੂੰ ਪੁਲਿਸ ਨੂੰ ਸੂਚਿਤ ਕੀਤਾ ਸੀ ਕਿ ਔਰਤ ਘਰੋਂ ਲਾਪਤਾ ਹੈ। ਮ੍ਰਿਤਕ ਦਾ ਨਾਨਕਾ ਘਰ ਵੀ ਉਸੇ ਪਿੰਡ ਵਿੱਚ ਹੈ। ਦੋਵਾਂ ਘਰਾਂ ਵਿਚਕਾਰ ਲਗਪਗ 500 ਮੀਟਰ ਦੀ ਦੂਰੀ ਹੈ।

ਮ੍ਰਿਤਕ ਦੀ ਮਾਂ ਜੈਨੂਲਾ ਖਾਤੂਨ ਨੇ ਕਿਹਾ ਕਿ ਉਸਦੀ ਧੀ ਦੇ ਸਹੁਰਿਆਂ ਨੇ ਉਸਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਅਤੇ ਲਾਸ ਨਦੀ ਦੇ ਕੰਢੇ ਸੁੱਟ ਦਿੱਤੀ। ਜੇਕਰ ਉਹ ਸੋਮਵਾਰ ਨੂੰ ਘਰੋਂ ਲਾਪਤਾ ਸੀ ਤਾਂ ਉਸਦੇ ਸਹੁਰਿਆਂ ਨੂੰ ਇਸ ਬਾਰੇ ਉਸਦੇ ਨਾਨਕੇ ਘਰ ਨੂੰ ਸੂਚਿਤ ਕਰਨਾ ਚਾਹੀਦਾ ਸੀ ਪਰ ਉਨ੍ਹਾਂ ਨੇ ਕੋਈ ਜਾਣਕਾਰੀ ਨਹੀਂ ਦਿੱਤੀ। ਮ੍ਰਿਤਕ ਦੇ ਤਿੰਨ ਪੁੱਤਰ ਅਤੇ ਦੋ ਧੀਆਂ ਹਨ। ਆਪਣੀ ਮਾਂ ਦੀ ਮੌਤ ਕਾਰਨ ਪੰਜੇ ਬੱਚੇ ਸਦਮੇ ਵਿੱਚ ਹਨ। ਪਿੰਡ ਵਿੱਚ ਸੋਗ ਹੈ। ਪੰਜ ਮਹੀਨੇ ਦੇ ਬੱਚੇ ਨੂੰ ਦਿਆਦੀਨ ਨੂੰ ਸੌਂਪਣ ਤੋਂ ਬਾਅਦ ਖੇਤਾਂ 'ਚ ਗਈ ਸੀ ਨਜਰੁਲ

ਪੇਂਡੂ ਸੂਤਰਾਂ ਦਾ ਕਹਿਣਾ ਹੈ ਕਿ ਨਜਰੁਲ ਨੇਸਾ ਐਤਵਾਰ ਦੁਪਹਿਰ ਤੋਂ ਲਾਪਤਾ ਸੀ। ਉਸਦੇ ਸਹੁਰਿਆਂ ਨੇ ਇੱਕ ਦਿਨ ਬਾਅਦ ਪੁਲਿਸ ਨੂੰ ਸੂਚਿਤ ਕੀਤਾ। ਉਸਨੇ ਆਪਣੇ ਪੰਜ ਮਹੀਨੇ ਦੇ ਬੱਚੇ ਨੂੰ ਦਿਆਦੀਨ ਨੂੰ ਦਿਖਾ ਕੇ ਚਲੀ ਗਈ ਸੀ। ਉਸਨੇ ਕਿਹਾ ਸੀ ਕਿ ਉਹ ਖੇਤਾਂ ਤੋਂ ਵਾਪਸ ਆਵੇਗੀ। ਜੇਕਰ ਇਸ ਦੌਰਾਨ ਬੱਚਾ ਰੋਣ ਲੱਗ ਪਵੇ, ਤਾਂ ਉਸਦੇ ਮੂੰਹ ਵਿੱਚ ਥੋੜ੍ਹਾ ਦੁੱਧ ਪਾ ਦੇ। ਉਸ ਤੋਂ ਬਾਅਦ ਨਜਰੁਲ ਨੇਸਾ ਵਾਪਸ ਨਹੀਂ ਆਈ। ਹਾਲਾਂਕਿ, ਨਦੀ ਦੇ ਕੰਢੇ ਔਰਤ ਦੀ ਲਾਸ ਮਿਲਣਾ ਪਿੰਡ ਵਾਸੀਆਂ ਲਈ ਵੀ ਇੱਕ ਰਹੱਸ ਬਣਿਆ ਹੋਇਆ ਹੈ। ਪੁਲਿਸ ਅਜੇ ਪੁੱਛਗਿੱਛ ਕਰ ਰਹੀ ਹੈ।

# ਪ੍ਰਧਾਨ ਮੰਤਰੀ ਦਾ ਜੰਮੂ ਕਸ਼ਮੀਰ ਦੌਰਾ 6 ਨੂੰ, ਵਿਸ਼ਵ ਦੇ ਸਭ ਤੋਂ ਉੱਚੇ ਚਨਾਬ ਪੁਲ ਦਾ ਕਰਨਗੇ ਉਦਘਾਟਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ 6 ਜੂਨ ਨੂੰ ਜੰਮੂ ਕਸ਼ਮੀਰ ਦੀ ਫੇਰੀ ਦੌਰਾਨ ਵਿਸ਼ਵ ਦੇ ਸਭ ਤੋਂ ਉੱਚੇ ਰੇਲਵੇ ਪੁਲ 'ਚਨਾਬ ਪੁਲ' ਦਾ ਉਦਘਾਟਨ ਕਰਨਗੇ। ਪਹਿਲਗਾਮ ਦਹਿਸ਼ਤੀ ਹਮਲੇ ਤੇ ਆਪਰੇਸ਼ਨ ਸਿੰਧੂਰ ਤਹਿਤ ਭਾਰਤੀ ਫੌਜ ਦੀ ਜਵਾਬੀ ਕਾਰਵਾਈ ਮਗਰੋਂ ਪ੍ਰਧਾਨ ਮੰਤਰੀ ਦਾ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਇਹ ਪਹਿਲਾ ਦੌਰਾ ਹੋਵੇਗਾ। ਪ੍ਰਧਾਨ ਮੰਤਰੀ ਦਫਤਰ ਵਿੱਚ ਰਾਜ ਮੰਤਰੀ ਜਤਿੰਦਰ ਸਿੰਘ ਨੇ ਅੱਜ ਕਿਹਾ ਕਿ ਇਤਿਹਾਸ ਬਣਨ ਲਈ ਸਿਰਫ ਤਿੰਨ ਦਿਨ ਬਾਕੀ ਹਨ।



ਕੇਂਦਰੀ ਮੰਤਰੀ ਨੇ ਕਿਹਾ, "ਵਿਸ਼ਵ ਦਾ ਸਭ ਤੋਂ ਉੱਚਾ ਰੇਲਵੇ ਪੁਲ, ਸ਼ਕਤੀਸ਼ਾਲੀ ਚਿਨਾਬ ਪੁਲ, ਉਧਮਪੁਰ ਸ੍ਰੀਨਗਰ ਬਾਰਾਮੂਲਾ ਰੇਲਵੇ ਲਿੰਕ () ਦੇ ਹਿੱਸੇ ਵਜੋਂ ਜੰਮੂ ਕਸ਼ਮੀਰ ਵਿਚ ਉੱਚਾ ਖੜ੍ਹਾ ਹੈ। ਇਹ ਕੁਦਰਤ ਦੀ ਸਭ ਤੋਂ ਔਖੀ ਅਜ਼ਮਾਇਸ਼ ਦਾ ਸਾਹਮਣਾ ਕਰਨ ਲਈ ਤਿਆਰ ਹੈ। ਪ੍ਰਧਾਨ ਮੰਤਰੀ ਮੋਦੀ 6 ਜੂਨ ਨੂੰ ਚਨਾਬ ਪੁਲ ਦਾ ਉਦਘਾਟਨ ਕਰਨਗੇ। ਇਹ ਪੁਲ ਨਵੇਂ ਭਾਰਤ ਦੀ ਤਾਕਤ ਤੇ ਦੂਰਦਰਸ਼ੀ ਸੋਚ ਦਾ ਗੌਰਵਮਈ ਪ੍ਰਤੀਕ ਹੈ।"

ਚਨਾਬ ਦਰਿਆ ਉੱਤੇ 359 ਮੀਟਰ (1,178 ਫੁੱਟ) ਦੀ ਉਚਾਈ 'ਤੇ ਬਣਿਆ ਇਹ ਪੁਲ ਪੈਰਿਸ ਦੇ ਆਈਫਲ ਟਾਵਰ ਤੋਂ 35 ਮੀਟਰ ਉੱਚਾ ਹੈ। ਜੰਮੂ ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਵਿੱਚ ਬੱਕਲ ਅਤੇ ਕੌਰੀ ਵਿਚਕਾਰ ਬਣਿਆ ਆਰਕ ਪੁਲ ਦਰਿਆ ਦੇ ਤਲ ਤੋਂ 1,178 ਫੁੱਟ ਉੱਚਾ ਹੈ, ਜੋ ਕੱਟੜਾ ਤੋਂ ਬਨੀਹਾਲ ਤੱਕ ਇੱਕ ਮਹੱਤਵਪੂਰਨ ਲਿੰਕ ਹੈ। ਇਹ ਉਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲਵੇ ਲਿੰਕ ਦਾ ਹਿੱਸਾ ਹੈ, ਜੋ 35000 ਕਰੋੜ ਰੁਪਏ ਦਾ ਸੁਪਨਮਈ ਪ੍ਰੋਜੈਕਟ ਹੈ। ਪੁਲ ਨੇ ਸਾਰੇ ਲਾਜ਼ਮੀ ਟੈਸਟ ਪਾਸ ਕਰ ਲਏ ਹਨ।

ਜੰਮੂ ਅਤੇ ਕਸਮੀਰ ਦੇ ਲੋਕਾਂ ਨੂੰ ਦੋ ਦਹਾਕਿਆਂ ਦੀ ਉਡੀਕ ਮਗਰੋਂ ਇਹ ਪੁਲ ਮਿਲੇਗਾ। ਇਹ ਪ੍ਰੋਜੈਕਟ 2003 ਵਿੱਚ ਮਨਜ਼ੂਰ ਹੋਇਆ ਸੀ ਪਰ ਸਥਿਰਤਾ ਅਤੇ ਸੁਰੱਖਿਆ ਦੇ ਡਰ ਕਾਰਨ ਪ੍ਰਾਜੈਕਟ ਦੇਰੀ ਨਾਲ ਸ਼ੁਰੂ ਹੋਇਆ। ਸਾਲ 2008 ਵਿੱਚ ਰੇਲਵੇ ਪੁਲ ਦੇ ਨਿਰਮਾਣ ਦਾ ਠੇਕਾ ਦਿੱਤਾ ਗਿਆ ਸੀ। ਪੁਲ ਦੀ ਸਥਿਰਤਾ ਅਤੇ ਸੁਰੱਖਿਆ ਦੀ ਜਾਂਚ ਕਰਨ ਲਈ ਕੀਤੇ ਗਏ ਟੈਸਟਾਂ ਵਿੱਚ ਉੱਚ-ਰਫ਼ਤਾਰ ਵਾਲੀਆਂ ਹਵਾਵਾਂ ਦੀ ਜਾਂਚ, ਸਿਖਰਲੇ ਤਾਪਮਾਨ ਦੀ ਜਾਂਚ, ਭੂਚਾਲ-ਸੰਭਾਵੀ ਟੈਸਟ ਅਤੇ ਪਾਣੀ ਦੇ ਪੱਧਰ ਵਿੱਚ ਵਾਧੇ ਕਾਰਨ ਹਾਈਡ੍ਰੋਲੋਜੀਕਲ ਪ੍ਰਭਾਵ ਸਾਮਲ ਹਨ। ਉਦਘਾਟਨ ਮਗਰੋਂ ਇਹ ਪੁਲ 260 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਵਾਲੀਆਂ ਹਵਾਵਾਂ ਦਾ ਸਾਹਮਣਾ ਕਰਨ ਦੇ ਯੋਗ ਹੋਵੇਗਾ ਅਤੇ ਇਸ ਦੀ ਉਮਰ 120 ਸਾਲ ਹੋਵੇਗੀ।

# ਕੇਂਦਰ ਸਰਕਾਰ ਦੇ ਹਸਪਤਾਲਾਂ ਵਿੱਚ ਡਾਕਟਰਾਂ ਦੀ ਐੱਮਆਰ ਨਾਲ ਮਿਲਣੀ 'ਤੇ ਪਾਬੰਦੀ

ਮਰੀਜ਼ਾਂ ਦੇ ਹਿੱਤਾਂ ਦੀ ਰਾਖੀ ਅਤੇ ਨੈਤਿਕ ਮਿਆਰਾਂ ਨੂੰ ਬਣਾਈ ਰੱਖਣ ਲਈ ਕੇਂਦਰ ਸਰਕਾਰ ਦੇ ਹਸਪਤਾਲਾਂ ਵਿੱਚ ਡਾਕਟਰਾਂ ਨੂੰ ਮਿਲਣ ਤੇ ਮੈਡੀਕਲ ਪ੍ਰਤੀਨਿਧੀਆਂ 'ਤੇ ਪਾਬੰਦੀ ਲਗਾਈ ਗਈ ਹੈ। ਸਿਹਤ ਸੇਵਾਵਾਂ ਦੇ ਡਾਇਰੈਕਟੋਰੇਟ ਜਨਰਲ (ਡੀਜੀਐੱਚਐੱਸ) ਨੇ ਕੇਂਦਰ ਸਰਕਾਰ ਵੱਲੋਂ ਚਲਾਏ ਜਾ ਰਹੇ ਹਸਪਤਾਲਾਂ ਦੇ ਅਹਾਤੇ ਵਿੱਚ ਡਾਕਟਰੀ ਪ੍ਰਤੀਨਿਧੀਆਂ ਨੂੰ ਜਾਣ ਦੀ ਇਜਾਜਤ ਨਾ ਦੇਣ ਦੇ ਨਿਰਦੇਸ ਦਿੱਤੇ ਹਨ।



28 ਮਈ ਨੂੰ ਜਾਰੀ ਕੀਤੇ ਗਏ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸੰਸਥਾਵਾਂ ਦੇ ਮੁਖੀ ਸਾਰੇ ਅਧਿਕਾਰੀਆਂ ਨੂੰ ਇਸ ਮਾਮਲੇ ਵਿੱਚ ਜ਼ਰੂਰੀ ਸਖ਼ਤ ਨਿਰਦੇਸ ਦੇਣਗੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਮੈਡੀਕਲ ਪ੍ਰਤੀਨਿਧੀਆਂ ਨੂੰ ਈਮੇਲ ਜਾਂ ਹੋਰ ਡਿਜੀਟਲ ਮੀਡੀਆ ਰਾਹੀਂ ਕਿਸੇ ਵੀ ਇਲਾਜ, ਜਾਂਚ ਜਾਂ ਪ੍ਰਕਿਰਿਆ ਸੰਬੰਧੀ ਜਾਣਕਾਰੀ ਸਾਂਝੀ ਕਰਨ ਲਈ ਬੇਨਤੀ ਕੀਤੀ ਜਾ ਸਕਦੀ ਹੈ।

ਇਸ ਅਧਿਕਾਰਤ ਸੂਤਰ ਨੇ ਕਿਹਾ ਕਿ ਇਸ ਕਦਮ ਦਾ ਉਦੇਸ ਮੈਡੀਕਲ ਪ੍ਰਤੀਨਿਧੀਆਂ ਨੂੰ ਹਸਪਤਾਲ ਕੰਪਲੈਕਸਾਂ ਦੇ ਅੰਦਰ ਡਾਕਟਰਾਂ ਨੂੰ ਉਨ੍ਹਾਂ ਦੀਆਂ ਕੰਪਨੀਆਂ ਵੱਲੋਂ ਪ੍ਰਮੋਟ ਕੀਤੀਆਂ ਦਵਾਈਆਂ ਲਿਖਣ ਲਈ ਬੇਲੋੜੇ ਪ੍ਰਭਾਵਤ ਕਰਨ ਤੋਂ ਰੋਕਣਾ ਹੈ।

# ਕੋਵਿਡ-19: ਐਕਟਿਵ ਕੇਸਾਂ ਦੀ ਗਿਣਤੀ 4,000 ਟੱਪੀ



ਭਾਰਤ ਵਿੱਚ ਐਕਟਿਵ ਕੋਵਿਡ-19 ਮਾਮਲੇ 4,000 ਦਾ ਅੰਕੜਾ ਪਾਰ ਕਰ ਗਏ ਹਨ। ਕੇਂਦਰੀ ਸਿਹਤ ਮੰਤਰਾਲੇ ਦੇ ਮੰਗਲਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਇਨ੍ਹਾਂ ਵਿਚ ਕੇਰਲਾ ਸਭ ਤੋਂ ਵੱਧ ਪ੍ਰਭਾਵਿਤ ਸੂਬਾ ਰਿਹਾ ਹੈ, ਇਸ ਤੋਂ ਬਾਅਦ ਮਹਾਰਾਸਟਰ, ਗੁਜਰਾਤ ਅਤੇ ਦਿੱਲੀ ਹਨ। ਭਾਰਤ ਵਿੱਚ ਕੁੱਲ 4,026 ਐਕਟਿਵ ਮਾਮਲੇ ਹਨ ਅਤੇ ਪਿਛਲੇ 24 ਘੰਟਿਆਂ ਵਿੱਚ ਪੰਜ ਮੌਤਾਂ ਦਰਜ ਕੀਤੀਆਂ ਗਈਆਂ ਹਨ।

ਇਸ ਸਾਲ ਜਨਵਰੀ ਤੋਂ ਲੈ ਕੇ ਹੁਣ ਤੱਕ ਦੇਸ ਵਿੱਚ 37 ਮੌਤਾਂ ਹੋਈਆਂ ਹਨ। ਗੌਰਤਲਬ ਹੈ ਕਿ 22 ਮਈ ਨੂੰ ਦੇਸ ਵਿੱਚ 257 ਐਕਟਿਵ ਮਰੀਜ਼ ਸਨ। ਪਰ 31 ਮਈ ਤੱਕ ਇਹ ਅੰਕੜਾ 3,395 ਅਤੇ ਬਾਅਦ ਵਿੱਚ 4,026 ਕੇਸ ਹੋ ਗਏ।

ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦੇ ਡਾਇਰੈਕਟਰ ਜਨਰਲ ਡਾ. ਰਾਜੀਵ ਬਹਿਲ ਨੇ ਸੋਮਵਾਰ ਨੂੰ ਕਿਹਾ ਕਿ ਪੱਛਮੀ ਅਤੇ ਦੱਖਣ ਵਿੱਚ ਨਮੂਨਿਆਂ ਦੇ ਜੀਨੋਮ ਸੀਕੁਐਂਸਿੰਗ ਤੋਂ ਪਤਾ ਚੱਲਿਆ ਹੈ ਕਿ ਮਾਮਲਿਆਂ ਵਿੱਚ ਮੌਜੂਦਾ ਵਾਧੇ ਦਾ ਕਾਰਨ ਬਣਨ ਵਾਲੇ ਰੂਪ ਗੰਭੀਰ ਨਹੀਂ ਹਨ ਅਤੇ ਸਿਰਫ ਓਮੀਕਰੋਨ ਦੇ ਉਪ ਰੂਪ ਹਨ।

# ਸਿੱਕਮ 'ਚ ਪਹਾੜ ਖਿਸਕਣ ਦੀ ਲਪੇਟ 'ਚ ਆਇਆ ਆਰਮੀ ਕੈਂਪ, ਤਿੰਨ ਜਵਾਨ ਸ਼ਹੀਦ; ਛੇ ਲਾਪਤਾ

ਸਿੱਕਮ ਦੇ ਮੰਗਲ ਜ਼ਿਲ੍ਹੇ ਵਿਚ ਪਹਾੜੀ ਖਿਸਕਣ ਦੀ ਲਪੇਟ ਵਿਚ ਆਉਣ ਨਾਲ ਫੌਜ ਦੇ ਤਿੰਨ ਜਵਾਨ ਸ਼ਹੀਦ ਹੋ ਗਏ ਜਦਕਿ ਛੇ ਹੋਰ ਹਾਲੇ ਵੀ ਲਾਪਤਾ ਦੱਸੇ ਜਾ ਰਹੇ ਹਨ। ਚਾਰ ਜਵਾਨ ਜ਼ਖ਼ਮੀ ਵੀ ਹੋ ਗਏ ਹਨ। ਇਹ ਘਟਨਾ ਜ਼ਿਲ੍ਹੇ ਦੇ ਛਾਤੇਨ ਵਿਚ ਪਹਿਲੀ ਮਈ ਨੂੰ ਸ਼ਾਮ ਕਰੀਬ ਸੱਤ ਵਜੇ ਹੋਈ। ਇੱਥੇ ਸਥਿਤ ਫੌਜ ਦਾ ਕੈਂਪ ਪਹਾੜ ਖਿਸਕਣ ਦੀ ਲਪੇਟ ਵਿਚ ਆ ਗਿਆ। ਲਗਾਤਾਰ ਬਾਰਿਸ਼ ਦੇ ਕਾਰਨ ਲੈਂਡ ਸਲਾਈਡਿੰਗ ਹੋ ਰਹੀ ਹੈ। ਇਸ ਦੌਰਾਨ ਭਾਰੀ ਮਲਬਾ ਫੌਜ ਦੇ ਕੈਂਪ 'ਤੇ ਡਿੱਗ ਗਿਆ। ਸ਼ਹੀਦ ਜਵਾਨਾਂ ਦੇ ਨਾਂ ਹੌਲਦਾਰ ਲਖਵਿੰਦਰ ਸਿੰਘ, ਲਾਂਚ ਨਾਇਕ ਮੁਨਿਸ਼ ਠਾਕੁਰ ਅਤੇ ਪੋਰਟਰ ਅਭਿਸ਼ੇਕ ਲਖੜਾ ਹਨ। ਐਮਰਜੈਂਸੀ ਬਚਾਅ ਦਲਾਂ ਨੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਬਰਾਮਦ ਕਰ ਲਿਆ ਹੈ। ਇਸ ਹਾਦਸੇ ਵਿਚ ਜਿਹੜੇ ਚਾਰ ਜਵਾਨ ਜ਼ਖ਼ਮੀ ਹੋਏ ਹਨ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।



ਭਾਰਤੀ ਫੌਜ ਨੇ ਲਾਪਤਾ ਹੋਏ ਛੇ ਜਵਾਨਾਂ ਨੂੰ ਲੱਭਣ ਲਈ ਵੱਡੇ ਪੱਧਰ 'ਤੇ ਰਾਹਤ ਤੇ ਬਚਾਅ ਕਾਰਜ ਸ਼ੁਰੂ ਕੀਤੇ ਹਨ। ਖਰਾਬ ਮੌਸਮ ਤੇ ਔਖੇ ਇਲਾਕੇ ਦੇ ਬਾਵਜੂਦ ਫੌਜ ਦੀ ਟੀਮ ਦਿਨ-ਰਾਤ ਕੰਮ ਕਰ ਰਹੀ ਹੈ। ਭਾਰਤੀ ਫੌਜ ਨੇ ਇਸ ਤ੍ਰਾਸਦੀ 'ਤੇ ਡੂੰਘਾ ਦੁਖ ਪ੍ਰਗਟ ਕੀਤਾ ਹੈ ਅਤੇ ਸ਼ਹੀਦ ਜਵਾਨਾਂ ਦੇ ਵਾਰਸਾਂ ਦੇ ਪ੍ਰਤੀ ਆਪਣੀ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਹੈ। ਫੌਜ ਨੇ ਭਰੋਸਾ ਦਿੱਤਾ ਹੈ ਕਿ ਸ਼ਹੀਦ ਜਵਾਨਾਂ ਦੇ ਵਾਰਿਸਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਸ ਦੇ ਨਾਲ ਹੀ ਖੇਤਰ ਵਿਚ ਤਾਇਨਾਤ ਹੋਰ ਫੌਜੀਆਂ ਦੀ ਸੁਰੱਖਿਆ ਲਈ ਤੁਰੰਤ ਕਦਮ ਚੁੱਕੇ ਜਾ ਰਹੇ ਹਨ।

# ਸੜਕ 'ਤੇ ਬਹਿਸਣਾ ਭਾਰਤੀ ਜੋੜੇ ਨੂੰ ਪਿਆ ਭਾਰੀ; ਪੁਲੀਸ ਸਖਤੀ ਕਾਰਨ ਵਿਅਕਤੀ ਦੀ ਜਾਨ 'ਤੇ ਬਣੀ



ਪੁਲੀਸ ਨਾਲ ਹੋਈ ਹਿੰਸਕ ਘਟਨਾ ਤੋਂ ਬਾਅਦ, ਭਾਰਤੀ ਮੂਲ ਦਾ 42 ਸਾਲਾ ਵਿਅਕਤੀ ਗੌਰਵ ਕੁੰਡੀ ਆਸਟਰੇਲੀਆ ਦੇ ਐਡੀਲੇਡ ਦੇ ਇੱਕ ਹਸਪਤਾਲ ਵਿੱਚ ਜਿੰਦਗੀ-ਮੌਤ ਦੀ ਲੜਾਈ ਲੜ ਰਿਹਾ ਹੈ। ਦੋ ਬੱਚਿਆਂ ਦੇ ਪਿਤਾ ਕੁੰਡੀ ਦੇ ਦਿਮਾਗ ਅਤੇ ਗਰਦਨ ਦੀਆਂ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਹ ਜਾਨ-ਬਚਾਊ ਸਹਾਇਤਾ (ਪ੍ਰਬੰਧ 'ਤੇ ਹੈ।

ਕੁੰਡੀ ਅਤੇ ਉਸਦੀ ਸਾਥਣ ਅੰਮ੍ਰਿਤਪਾਲ ਕੌਰ ਵੀਰਵਾਰ ਤੜਕੇ ਐਡੀਲੇਡ ਦੇ ਪੂਰਬੀ ਉਪਨਗਰ ਵਿੱਚ ਜੋਰਦਾਰ ਬਹਿਸ ਕਰ ਰਹੇ ਸਨ। ਅੰਮ੍ਰਿਤਪਾਲ ਕੌਰ ਦਾ ਦਾਅਵਾ ਹੈ ਕਿ ਕੁੰਡੀ ਸਰਾਬੀ ਸੀ, ਪਰ ਹਿੰਸਕ ਨਹੀਂ ਸੀ।

ਹਾਲਾਂਕਿ, ਉੱਥੋਂ ਲੰਘ ਰਹੀ ਪੁਲੀਸ ਨੂੰ ਇਹ ਘਰੇਲੂ ਹਿੰਸਾ ਦਾ ਮਾਮਲਾ ਜਾਪਿਆ ਤੇ ਉਨ੍ਹਾਂ ਨੇ ਦੋਹਾਂ ਦੇ ਮਾਮਲੇ ਵਿਚ ਦਖਲ ਦਿੱਤਾ। ਜਦੋਂ ਪੁਲੀਸ ਨੇ ਕੁੰਡੀ ਨੂੰ ਗ੍ਰਿਫਤਾਰ ਕਰਨ ਦੀ ਕੋਸਿਸ ਕੀਤੀ ਤਾਂ ਮਾਮਲਾ ਹੱਥੋਪਾਈ ਤੱਕ ਪਹੁੰਚ ਗਿਆ। ਅੰਮ੍ਰਿਤਪਾਲ ਨੇ ਘਟਨਾ ਦੀ ਆਪਣੇ ਫੋਨ ਵਿਚ ਵੀਡੀਓ ਵੀ ਬਣਾਈ ਹੈ।

ਵੀਡੀਓ ਵਿੱਚ, ਕੁੰਡੀ ਨੂੰ ਉੱਚੀ-ਉੱਚੀ ਚੀਕਦਿਆਂ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ, "ਮੈਂ ਕੁਝ ਗਲਤ ਨਹੀਂ ਕੀਤਾ।" ਇਸ ਮੌਕੇ ਨਾਲ ਹੀ ਅੰਮ੍ਰਿਤਪਾਲ ਕੌਰ ਵੀ ਪੁਲੀਸ ਅਧਿਕਾਰੀਆਂ ਨੂੰ ਰੁਕਣ ਲਈ ਬੇਨਤੀ ਕਰਦੀ ਅਤੇ ਇਹ ਕਹਿੰਦੀ ਸੁਣਾਈ ਦੇ ਰਹੀ ਹੈ ਕਿ ਉਹ (ਪੁਲੀਸ ਮੁਲਾਜਮ) 'ਬੇਇਨਸਾਫੀ' ਕਰ ਰਹੇ ਹਨ।

ਗ੍ਰਿਫਤਾਰੀ ਦੌਰਾਨ ਪੁਲੀਸ ਮੁਲਾਜਮਾਂ ਨੇ ਕੁੰਡੀ ਨੂੰ ਜਮੀਨ 'ਤੇ ਸੁੱਟ ਦਿੱਤਾ ਗਿਆ। ਅੰਮ੍ਰਿਤਪਾਲ ਦਾ ਕਹਿਣਾ ਹੈ ਕਿ ਇੱਕ ਪੁਲੀਸ ਅਧਿਕਾਰੀ ਨੇ ਕੁੰਡੀ ਦਾ ਸਿਰ ਪੁਲੀਸ ਕਾਰ ਅਤੇ ਜਮੀਨ ਵਿੱਚ ਧੱਕ ਦਿੱਤਾ ਅਤੇ ਫਿਰ ਉਸਦੀ ਗਰਦਨ ਵਿੱਚ ਆਪਣਾ ਗੋਡਾ ਦਬਾ ਦਿੱਤਾ।

ਉਸਨੇ ਕਿਹਾ ਕਿ ਉਹ ਇਸ ਦੌਰਾਨ ਕਾਫੀ ਘਬਰਾ ਗਈ ਸੀ ਤੇ ਇਸ ਘਬਰਾਹਟ ਵਿਚ ਉਸ ਨੇ ਰਿਕਾਰਡਿੰਗ ਬੰਦ ਕਰ ਦਿੱਤੀ। ਉਸ ਪਿੱਛੋਂ ਕੁਝ ਪਲਾਂ ਬਾਅਦ, ਕੁੰਡੀ ਬੇਹੋਸ ਹੋ ਗਿਆ।

ਰਾਇਲ ਐਡੀਲੇਡ ਹਸਪਤਾਲ ਦੇ ਡਾਕਟਰਾਂ ਦਾ ਕਹਿਣਾ ਹੈ ਕਿ ਕੁੰਡੀ ਦੇ ਦਿਮਾਗ ਨੂੰ ਗੰਭੀਰ ਨੁਕਸਾਨ ਹੋਇਆ ਹੈ ਅਤੇ ਉਸਦੀ ਗਰਦਨ ਦੀਆਂ ਨਸਾਂ ਨੂੰ ਸੱਟਾਂ ਲੱਗੀਆਂ ਹਨ। ਦੱਖਣੀ ਆਸਟਰੇਲੀਆ ਸੂਬੇ ਦੀ ਪੁਲੀਸ ਹੁਣ ਮਾਮਲੇ ਜਾਂਚ ਕਰ ਰਹੀ ਹੈ। ਉਹ ਪੁਲੀਸ ਬਾਡੀ ਕੈਮਰਿਆਂ ਦੀ ਵੀਡੀਓ ਦੀ ਪੜਤਾਲ ਕਰ ਕੇ ਘਟਨਾ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।

# ਪਾਕਿ 'ਚ ਭੂਚਾਲ ਪਿੱਛੋਂ ਕਰਾਚੀ ਜੇਲ੍ਹ ਵਿੱਚੋਂ 200 ਤੋਂ ਵੱਧ ਕੈਦੀ ਹੋਏ ਫਰਾਰ



ਪਾਕਿਸਤਾਨ ਦੇ ਬੰਦਰਗਾਹ ਸਹਿਰ ਕਰਾਚੀ ਵਿੱਚ ਇੱਕ ਉੱਚ-ਸੁਰੱਖਿਆ ਵਾਲੀ ਜੇਲ੍ਹ ਵਿੱਚੋਂ 200 ਤੋਂ ਵੱਧ ਕੈਦੀ ਖਿੱਤੇ 'ਚ ਭੂਚਾਲ ਆਉਣ ਕਾਰਨ ਪੈਦਾ ਹੋਈ ਹਫੜਾ-ਦਫੜੀ ਦਾ ਫਾਇਦਾ ਉਠਾ ਕੇ ਭੱਜ ਗਏ ਹਨ। ਇਹ ਜਾਣਕਾਰੀ ਇੱਕ ਮੰਤਰੀ ਨੇ ਮੰਗਲਵਾਰ ਨੂੰ ਦਿੱਤੀ ਹੈ।

ਪੁਲੀਸ ਨੇ ਕਿਹਾ ਕਿ ਕਰਾਚੀ ਦੀ ਮਾਲੀਰ ਜੇਲ੍ਹ ਵਿੱਚ ਭੂਚਾਲ ਦੇ ਝਟਕੇ ਮਹਿਸੂਸ ਹੋਣ ਤੋਂ ਬਾਅਦ ਕੈਦੀਆਂ ਨੇ ਆਪਣੀਆਂ ਕੋਠੜੀਆਂ ਦੇ ਦਰਵਾਜੇ ਤੋੜ ਦਿੱਤੇ ਤੇ ਭੱਜ ਨਿਕਲੇ। ਗੌਰਤਲਬ ਹੈ ਕਿ ਸੋਮਵਾਰ ਨੂੰ ਖਿੱਤੇ ਵਿਚ ਤਿੰਨ ਘੱਟ ਸ਼ਿੱਦਤ ਵਾਲੇ ਭੂਚਾਲ ਆਏ ਸਨ। ਸਿੰਧ ਦੇ ਗ੍ਰਹਿ ਮੰਤਰੀ ਜਿਆ-ਉਲ ਹਸਨ ਲਾਂਝਰ ਨੇ ਮੰਗਲਵਾਰ ਨੂੰ ਪੁਸਟੀ ਕੀਤੀ ਕਿ 216 ਕੈਦੀ ਜੇਲ੍ਹ ਵਿੱਚੋਂ ਭੱਜ ਗਏ ਸਨ। ਉਨ੍ਹਾਂ ਕਿਹਾ ਕਿ 24 ਘੰਟਿਆਂ ਵਿੱਚ 78 ਕੈਦੀਆਂ ਨੂੰ ਦੁਬਾਰਾ ਫੜ ਲਿਆ ਗਿਆ ਹੈ।

ਲਾਂਝਰ ਨੇ ਕਿਹਾ ਕਿ ਜਦੋਂ ਸੋਮਵਾਰ ਰਾਤ ਨੂੰ ਭੂਚਾਲ ਆਏ ਤਾਂ ਕੈਦੀ ਘਬਰਾ ਗਏ ਅਤੇ ਉਨ੍ਹਾਂ ਆਪਣੀਆਂ ਕੋਠੜੀਆਂ ਵਿੱਚੋਂ ਬਾਹਰ ਨਿਕਲਣ ਲਈ ਹਿੰਸਾ ਦਾ ਸਹਾਰਾ ਲੈਣਾ ਸੁਰੂ ਕਰ ਦਿੱਤਾ। ਉਨ੍ਹਾਂ ਕਿਹਾ, "ਪੁਲੀਸ ਅਧਿਕਾਰੀਆਂ ਨੇ ਆਪਣੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਕੋਸਿਸ ਕੀਤੀ ਅਤੇ ਉਨ੍ਹਾਂ ਨੂੰ ਸੈੱਲਾਂ ਵਿੱਚੋਂ ਬਾਹਰ ਕੱਢਿਆ ਜਿਸ ਤੋਂ ਬਾਅਦ ਕੁਝ ਕੈਦੀ ਮਾਰ-ਧਾੜ ਕਰਦੇ ਹੋਏ ਭੱਜ ਗਏ," ਉਸਨੇ ਅੱਗੇ ਕਿਹਾ।

ਉਨ੍ਹਾਂ ਕਿਹਾ ਕਿ ਹਿੰਸਾ ਵਿੱਚ ਇੱਕ ਦਰਜਨ ਪੁਲੀਸ ਕਰਮਚਾਰੀ ਅਤੇ ਕੈਦੀ ਜਖਮੀ ਹੋ ਗਏ ਸਨ ਜਦੋਂ ਕਿ ਇੱਕ ਕੈਦੀ ਭੱਜਣ ਦੀ ਕੋਸਿਸ ਕਰਦੇ ਸਮੇਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਗੌਰਤਲਬ ਹੈ ਕਿ ਮਾਲੀਰ ਜੇਲ੍ਹ ਵਿੱਚ 100 ਤੋਂ ਵੱਧ ਭਾਰਤੀ ਕੈਦੀ ਵੀ ਹਨ, ਜਿਨ੍ਹਾਂ ਵਿੱਚੋਂ ਜਿਆਦਾਤਰ ਗਰੀਬ ਮਛੇਰੇ ਹਨ, ਜਿਨ੍ਹਾਂ ਨੂੰ ਪਾਕਿਸਤਾਨ ਦੇ ਸਮੁੰਦਰ ਵਿੱਚ ਗੈਰ-ਕਾਨੂੰਨੀ ਤੌਰ 'ਤੇ ਮੱਛੀਆਂ ਫੜਨ ਦੇ ਦੋਸ਼ ਲਾ ਕੇ ਕੈਦ ਕੀਤਾ ਗਿਆ ਹੈ। ਇੱਕ ਪੁਲੀਸ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਇੱਕ ਵੱਖਰੀ ਬੈਰਕ ਵਿੱਚ ਰੱਖਿਆ ਗਿਆ ਹੈ ਅਤੇ ਉਹ ਭੂਚਾਲ ਦੌਰਾਨ ਆਪਣੀਆਂ ਕੋਠੜੀਆਂ ਵਿੱਚ ਰਹੇ।

# 'ਮੈਂ ਭਾਰਤ ਦਾ ਬਹੁਤ ਵੱਡਾ ਪ੍ਰਸੰਸਕ ਹਾਂ...', ਭਾਰਤ-ਅਮਰੀਕਾ ਵਪਾਰ ਸਮਝੌਤੇ 'ਤੇ ਜਲਦੀ ਹੀ ਮਿਲੇਗੀ ਖੁਸਖਬਰੀ



ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ 'ਤੇ ਗੱਲਬਾਤ ਲੰਬੇ ਸਮੇਂ ਤੋਂ ਚੱਲ ਰਹੀ ਹੈ। ਹਾਲਾਂਕਿ, ਹੁਣ ਇਸ ਸੰਬੰਧੀ ਜਲਦੀ ਹੀ ਚੰਗੀ ਖਬਰ ਮਿਲਣ ਵਾਲੀ ਹੈ। ਇਹ ਗੱਲ ਅਮਰੀਕਾ ਦੇ ਵਣਜ ਸਕੱਤਰ ਹਾਵਰਡ ਲੁਟਕਿਨ ਨੇ ਕਹੀ। ਉਨ੍ਹਾਂ ਨੇ ਭਾਰਤ ਅਤੇ ਅਮਰੀਕਾ ਵਿਚਕਾਰ ਜਲਦੀ ਹੀ ਵਪਾਰ ਸਮਝੌਤਾ ਹੋਣ ਦੀ ਸੰਭਾਵਨਾ ਪ੍ਰਗਟਾਈ ਹੈ।

ਦਰਅਸਲ, ਹਾਵਰਡ ਲੂਟਕਿਨ ਨੇ ਸੋਮਵਾਰ ਨੂੰ ਵਾਸਿੰਗਟਨ ਡੀਸੀ ਵਿੱਚ ਆਯੋਜਿਤ ਯੂਐਸ ਇੰਡੀਆ ਸਟ੍ਰੈਟੇਜਿਕ ਪਾਰਟਨਰਸਿਪ ਫੋਰਮ ਵਿੱਚ ਹਿੱਸਾ ਲਿਆ। ਇਸ ਦੌਰਾਨ ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਭਾਰਤ ਵਿਚਕਾਰ ਜਲਦੀ ਹੀ ਇੱਕ ਵਪਾਰ ਸਮਝੌਤਾ ਹੋ ਸਕਦਾ ਹੈ। ਹਾਵਰਡ ਨੇ ਵਪਾਰ ਸਮਝੌਤੇ 'ਤੇ ਕੀ ਕਿਹਾ?

ਹਾਵਰਡ ਲੂਟਕਿਨ ਨੇ ਕਿਹਾ, "ਜੋ ਦੇਸ ਜਲਦੀ ਕਾਰਵਾਈ ਕਰਦੇ ਹਨ, ਉਨ੍ਹਾਂ ਨੂੰ ਬਿਹਤਰ ਮੌਕਾ ਮਿਲਦਾ ਹੈ। ਮੈਂ ਇਸ ਲਈ ਭਾਰਤ ਦੀ ਸਲਾਘਾ ਕਰਦਾ ਹਾਂ। ਪਹਿਲਾਂ, ਵਪਾਰ ਸਮਝੌਤੇ 'ਤੇ ਦਸਤਖਤ ਕਰਨ ਵਿੱਚ 2-3 ਸਾਲ ਲੱਗਦੇ ਸਨ, ਪਰ ਹੁਣ ਅਸੀਂ ਇਸਨੂੰ 1 ਮਹੀਨੇ ਵਿੱਚ ਪੂਰਾ ਕਰਨ ਦੀ ਕੋਸਿਸ ਕਰ ਰਹੇ ਹਾਂ। ਅਸੀਂ ਇੱਕ ਅਜਿਹਾ ਤਰੀਕਾ ਲੱਭ ਲਿਆ ਹੈ ਜੋ ਦੋਵਾਂ ਦੇਸਾਂ ਲਈ ਲਾਭਦਾਇਕ ਸਾਬਤ ਹੋਵੇਗਾ। ਅਜਿਹੀ ਸਥਿਤੀ ਵਿੱਚ, ਦੋਵਾਂ ਦੇਸਾਂ ਵਿਚਕਾਰ ਜਲਦੀ ਹੀ ਇੱਕ ਵਪਾਰ ਸਮਝੌਤਾ ਹੋ ਸਕਦਾ ਹੈ।"

ਹਾਵਰਡ ਲੂਟਕਿਨ ਦੇ ਅਨੁਸਾਰ, ਮੈਂ ਭਾਰਤ ਦਾ ਬਹੁਤ ਵੱਡਾ ਪ੍ਰਸੰਸਕ ਹਾਂ। ਮੇਰਾ ਇੱਕ ਕਰੀਬੀ ਦੋਸਤ ਨਿਕੇਸ ਅਰੋੜਾ ਵੀ ਭਾਰਤ ਵਿੱਚ ਰਹਿੰਦਾ ਹੈ। ਅਸੀਂ ਅਕਸਰ ਉੱਥੇ ਘਰ ਪਾਰਟੀਆਂ ਕਰਦੇ ਹਾਂ ਅਤੇ ਕ੍ਰਿਕਟ ਖੇਡਦੇ ਹਾਂ। ਭਾਰਤ ਵਿੱਚ ਬਿਤਾਇਆ ਹਰ ਪਲ ਮੇਰੇ ਲਈ ਬਹੁਤ ਖਾਸ ਅਤੇ ਯਾਦਗਾਰੀ ਹੈ। ਪੀਐਮ ਮੋਦੀ ਅਤੇ ਟਰੰਪ ਦੀ ਦੋਸਤੀ 'ਤੇ ਇਹ ਕਿਹਾ

ਅਮਰੀਕੀ ਰਾਸਟਰਪਤੀ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਗੱਲ ਕਰਦਿਆਂ, ਹਾਵਰਡ ਕਹਿੰਦੇ ਹਨ ਕਿ ਦੋਵਾਂ ਨੇਤਾਵਾਂ ਨੂੰ ਉਨ੍ਹਾਂ ਦੇ ਦੇਸਾਂ ਦੇ ਲੋਕਾਂ ਨੇ ਭਾਰੀ ਬਹੁਮਤ ਦਿੱਤਾ ਹੈ। ਦੁਨੀਆ ਵਿੱਚ ਬਹੁਤ ਘੱਟ ਨੇਤਾ ਹਨ ਜਿਨ੍ਹਾਂ ਨੂੰ ਅਜਿਹਾ ਫਤਵਾ ਮਿਲਦਾ ਹੈ। ਇਹੀ ਕਾਰਨ ਹੈ ਕਿ ਦੋਵਾਂ ਵਿਚਕਾਰ ਆਪਸੀ ਸਬੰਧ ਮਜਬੂਤ ਹਨ ਅਤੇ ਇਸ ਨਾਲ ਸਾਡੇ ਲਈ ਵਪਾਰਕ ਸੌਦਿਆਂ 'ਤੇ ਦਸਤਖਤ ਕਰਨਾ ਵੀ ਆਸਾਨ ਹੋ ਜਾਵੇਗਾ।

# ਕੈਨੇਡਾ ਵੱਲੋਂ G-7 ਸੰਮੇਲਨ ਦੀਆਂ ਤਿਆਰੀਆਂ

ਕੈਨੇਡਾ ਇਸ ਮਹੀਨੇ ਆਪਣੀ ਧਰਤੀ 'ਤੇ ਕਰਵਾਈ ਜਾਣ ਵਾਲੀ ਜੀ-7 ਦੇਸਾਂ ਦੇ ਸੰਮੇਲਨ ਲਈ ਕਾਫੀ ਉਤਸਾਹਿਤ ਨਜਰ ਆ ਰਿਹਾ ਹੈ। ਜੂਨ ਦੀ 15 ਤਰੀਕ ਤੋਂ 17 ਤਰੀਕ ਤਕ ਅਲਬਰਟਾ ਦੇ ਕਨਨਾਸਕਿਸ ਸਹਿਰ 'ਚ ਹੋਣ ਵਾਲੇ ਇਸ ਸੰਮੇਲਨ 'ਚ ਭਾਗ ਲੈਣ ਲਈ ਜੀ-7 ਦੇਸਾਂ ਦੇ ਮੁਖੀਆਂ ਤੋਂ ਇਲਾਵਾ ਹੋਰ ਵੀ ਵੱਖ-ਵੱਖਦੱਸਣਯੋਗ ਹੈ ਕਿ ਬੀਤੀ 25 ਮਈ ਨੂੰ ਕੈਨੇਡਾ ਦੀ ਵਿਦੇਸ ਮੰਤਰੀ ਅਨੀਤਾ ਆਨੰਦ ਨੇ ਟਵੀਟ ਕਰ ਕੇ ਜਾਣਕਾਰੀ ਦਿੱਤੀ ਸੀ ਕਿ ਉਹਨਾਂ ਦੀ ਭਾਰਤ ਦੇ ਹਮਰੁਤਬਾ ਐਸ ਜੈ ਸੰਕਰ ਨਾਲ ਵਧੀਆ ਮਾਹੌਲ 'ਚ ਗੱਲਬਾਤ ਹੋਈ ਅਤੇ ਆਪਸੀ ਵਪਾਰ 'ਚ ਸਹਿਯੋਗ ਕਰਨ ਲਈ ਦੋਵੇਂ ਅੱਗੇ ਗੱਲਬਾਤ ਜਾਰੀ ਰੱਖਣ ਦੇ ਚਾਹਵਾਨ ਹਨ ।

ਦੇਸਾਂ ਦੇ ਆਗੂਆਂ ਨੂੰ ਸੱਦਾ ਪੱਤਰ ਭੇਜੇ ਜਾ ਰਹੇ ਹਨ। ਕੈਨੇਡਾ ਵੱਲੋਂ ਜੀ-ਦੇਸਾਂ ਜਿਨ੍ਹਾਂ 'ਚ ਫਰਾਂਸ , ਬਰਤਾਨੀਆਂ, ਜਰਮਨੀ, ਇਟਲੀ , ਜਪਾਨ , ਅਮਰੀਕਾ ਤੋਂ ਇਲਾਵਾ ਕੈਨੇਡਾ ਖੁਦ ਸਾਮਲ ਹੈ, ਤੋਂ ਇਲਾਵਾ ਕੈਨੇਡਾ ਵੱਲੋਂ ਹੁਣ ਤੱਕ ਅਸਟਰੇਲੀਆ, ਦੱਖਣੀ ਅਫਰੀਕਾ, ਯੂਕਰੇਨ, ਮੈਕਸੀਕੋ ਤੋਂ ਹੋਰ ਵੀ ਵੱਖ ਵੱਖ-ਵੱਖ ਮੁਲਕਾਂ ਦੇ ਆਗੂਆਂ ਨੂੰ ਸੱਦਾ ਪੱਤਰ ਭੇਜੇ ਜਾ ਰਹੇ ਹਨ । ਕੈਨੇਡਾ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਸੰਮੇਲਨ 'ਚ ਭਾਗ ਲੈਣ ਦਾ ਸੱਦੇ ਦੀ ਖਬਰ ਹੈ।

# ਕੈਨੇਡਾ: ਲੜਕੀ ਨਾਲ ਜਬਰਦਸਤੀ ਤੇ ਲੁੱਟਖੋਹ ਮਾਮਲਿਆਂ ਚ ਤਿੰਨ ਪੰਜਾਬੀ ਗ੍ਰਿਫਤਾਰ



ਪੀਲ ਪੁਲੀਸ ਨੇ ਮਿਸੀਸਾਗਾ ਵਿੱਚ ਲੜਕੀ ਨਾਲ ਜਬਰਦਸਤੀ ਕਰਨ ਤੇ ਗ਼ਲਤ ਪਛਾਣ ਦੇ ਅਧਾਰ 'ਤੇ ਘਰਾਂ ਵਿਚ ਦਾਖਲ ਹੋ ਕੇ ਲੁੱਟਖੋਹ ਕਰਨ ਨਾਲ ਜੁੜੇ ਦੋ ਵੱਖ ਵੱਖਰੇ ਮਾਮਲਿਆਂ ਵਿਚ ਤਿੰਨ ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਨੂੰ ਅਗਲੇ ਦਿਨੀਂ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

ਲੜਕੀ ਨਾਲ ਜ਼ੋਰ ਜਬਰਦਸਤੀ ਕਰਨ ਵਾਲੇ ਮੁਲਜ਼ਮ ਦੀ ਪਛਾਣ ਰਵਿੰਦਰ ਸਿੰਘ ਧਾਲੀਵਾਲ(27) ਵਜੋਂ ਦੱਸੀ ਹੈ। ਧਾਲੀਵਾਲ 'ਤੇ ਦੋਸ਼ ਹੈ ਕਿ ਉਸ ਨੇ ਲੰਘੇ ਮਹੀਨੇ ਘਰ ਦੀ ਸਫਾਈ ਲਈ ਲੜਕੀ ਨੂੰ ਸੱਦਿਆ। ਘਟਨਾ ਮੌਕੇ ਉਹ ਘਰ ਵਿੱਚ ਇਕੱਲਾ ਸੀ। ਇਸ ਦੌਰਾਨ ਉਸ ਨੇ ਪੀੜਤ ਲੜਕੀ ਨਾਲ ਜਬਰਦਸਤੀ ਕੀਤੀ ਤੇ ਸੱਟਾਂ ਵੀ ਮਾਰੀਆਂ। ਮੁਲਜ਼ਮ ਨੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਪੁਲੀਸ ਨੇ ਪੀੜਤ ਲੜਕੀ ਦੀ ਸ਼ਿਕਾਇਤ ਦੀ ਜਾਂਚ ਮਗਰੋਂ ਮੁਲਜ਼ਮ ਉੱਤੇ ਚਾਰ ਦੋਸ਼ ਆਇਦ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲੀਸ ਦੇ ਤਰਜਮਾਨ ਮੁਤਾਬਕ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ।

ਇਸ ਦੌਰਾਨ ਲੁੱਟਖੋਹ ਦੇ ਇੱਕ ਹੋਰ ਮਾਮਲੇ ਵਿੱਚ ਪੁਲੀਸ ਨੇ ਦੋ ਪੰਜਾਬੀ ਨੌਜਵਾਨਾਂ ਬਰੈਂਪਟਨ ਵਾਸੀ ਅਭੀਜੋਤ ਸਿੰਘ (20) ਅਤੇ ਮਿਸੀਸਾਗਾ ਵਾਸੀ ਰਿਧਮਪ੍ਰੀਤ ਸਿੰਘ (21) ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ 'ਤੇ ਦੋਸ਼ ਹਨ ਕਿ ਉਹ ਜਾਅਲੀ ਪਛਾਣ ਵਾਲੇ ਸੋਸ਼ਲ ਮੀਡੀਆ ਖਾਤੇ ਬਣਾ ਕੇ ਲੋਕਾਂ ਨੂੰ ਸੁੰਨਸਾਨ ਥਾਂ 'ਤੇ ਸੱਦ ਕੇ ਲੁੱਟ ਖੋਹ ਕਰਦੇ ਸਨ। ਮੁਲਜ਼ਮਾਂ ਨੂੰ ਅਗਲੇ ਦਿਨੀਂ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਅਕਾਦਮਿਕ ਸਰਪੰਚ



ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033


ਬਾਹਰਲੇ ਮੁਲਕਾਂ ਵਿੱਚ ਸੀਨੀਅਰ ਸਿਟੀਜ਼ਨਸ ਸੈਂਟਰ ਤਕਰੀਬਨ ਓਹੀ ਮਕਸਦ ਹੱਲ ਕਰਦੇ ਹਨ ਜਿਹੜਾ ਪੰਜਾਬ ਵਿੱਚ ਪੇਂਡੂ ਸੱਥਾਂ ਕਰਦੀਆਂ ਹਨ। ਇਹਨਾਂ ਸੀਨੀਅਰ ਸਿਟੀਜ਼ਨਸ ਸੈਂਟਰਾਂ ਵਿੱਚ ਪੰਜਾਬ ਦੇ ਸਾਰੇ ਕੋਨਿਆਂ ਤੋਂ ਹੀ ਨਹੀਂ ਬਲਕਿ ਭਾਰਤ ਦੇ ਦੂਰ ਦੁਰਾਡੇ ਦੇ ਇਲਾਕਿਆਂ ਤੋਂ ਆਏ ਲੋਕ ਵੀ ਮਿਲ ਜਾਂਦੇ ਹਨ। ਇਹਨਾਂ ਸੈਂਟਰਾਂ ਵਿੱਚ ਬਹੁਤੇ ਲੋਕ ਤਾਂ ਉਹ ਹੁੰਦੇ ਹਨ ਜਿਹੜੇ ਬਾਹਰ ਆ ਕੇ ਪੱਕੇ ਹੋ ਚੁੱਕੇ ਲੋਕਾਂ ਦੇ ਮਾਪੇ ਹੁੰਦੇ ਹਨ। ਇਹ ਮਾਪੇ ਕਿਸੇ ਸਮੇਂ ਲੰਡਨ, ਸਰੀ, ਡਰਬੀ, ਨਿਊਯਾਰਕ, ਸਿਡਨੀ, ਔਕਲੈਂਡ ਆਦਿ ਵਿੱਚ ਆ ਕੇ ਵਸੇ ਸਨ। ਸਾਲਾਂ ਬੱਧੀ ਕੰਮਾਂ ਕਾਰਾਂ ਵਿੱਚੋਂ ਵਿਚਰ ਕੇ ਇਹ ਹੁਣ ਸੇਵਾ ਮੁਕਤ ਜੀਵਨ ਬਿਤਾ ਰਹੇ ਹੁੰਦੇ ਹਨ। ਕੁਝ ਲੋਕ ਇਹਨਾਂ ਸੈਂਟਰਾਂ ਵਿੱਚ ਉਹ ਵੀ ਹਨ ਜਿਹੜੇ ਸੇਵਾ ਮੁਕਤ ਸੈਲਾਨੀ ਮਾਪਿਆਂ ਦੇ ਤੌਰ ਤੇ ਆਪਣੇ ਇੱਥੇ ਸੈੱਟ ਹੋ ਚੁੱਕੇ ਬੱਚਿਆਂ ਨੂੰ ਮਿਲਣ ਆਉਂਦੇ ਹਨ। ਇਹਨਾਂ ਨੇ ਭਾਰਤ ਵਿੱਚ ਨੌਕਰੀ ਕਰਦਿਆਂ ਆਪਣੇ ਬੱਚਿਆਂ ਨੂੰ ਸਕੂਲ ਦੀ ਪੜ੍ਹਾਈ ਪੂਰੀ ਕਰਵਾ ਕੇ ਇਧਰ ਨੂੰ ਪੜ੍ਹਨ ਲਈ ਤੋਰ ਦਿੱਤਾ ਹੁੰਦਾ ਹੈ। ਹੁਣ ਉਹ ਆਪ ਭਾਰਤ ਵਿੱਚ ਸੇਵਾ ਮੁਕਤ ਹੋ ਗਏ ਹੁੰਦੇ ਹਨ ਤੇ ਬੱਚਿਆਂ ਨੂੰ ਮਿਲਣ ਲਈ ਅਕਸਰ ਗੇੜੇ ਮਾਰਦੇ ਰਹਿੰਦੇ ਹਨ। ਇੱਧਰ ਪੱਕੇ ਹੋਣ ਲਈ ਇਹਨਾਂ ਨੇ ਅਜੇ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ। ਜਦ ਇਹ ਮਾਪੇ ਇੱਧਰ ਨੂੰ ਆਉਂਦੇ ਹਨ ਤਾਂ ਇਹਨਾਂ ਪਾਸ ਇੱਧਰ ਫਿਰਨ ਤੁਰਨ ਤੇ ਸਮਾਜ ਵਿੱਚ ਵੱਡੇ ਪੱਧਰ ਤੇ ਵਿਚਰਨ ਦਾ ਕੋਈ ਸਾਧਨ ਨਹੀਂ ਹੁੰਦਾ। ਕੋਈ ਵਾਹਨ ਇਹ ਚਲਾ ਨਹੀਂ ਸਕਦੇ ਹੁੰਦੇ। ਬੱਚੇ ਕੰਮਾਂ ਕਾਰਾਂ ਵਿੱਚ ਰੁੱਝੇ ਹੁੰਦੇ ਹਨ। ਉਹ ਇਹਨਾਂ ਨੂੰ ਕਦੀ ਕਦੀ ਹੀ ਗੁਰੂ ਘਰ ਤੱਕ ਲਿਆਉਂਦੇ ਹਨ। ਫਿਰ ਇਹ ਆਪਣੀ ਪਹੁੰਚ ਹੌਲੀ ਹੌਲੀ ਸੀਨੀਅਰ ਸਿਟੀਜ਼ਨ ਸੈਂਟਰਾਂ ਤੱਕ ਬਣਾ ਲੈਂਦੇ ਹਨ। ਇਹਨਾਂ ਨੇ 4-6 ਮਹੀਨਿਆਂ ਤੱਕ ਵਾਪਸ ਭਾਰਤ ਨੂੰ ਚਲੇ ਜਾਣਾ ਹੁੰਦਾ ਹੈ।

ਸਿਡਨੀ ਦੇ ਇੱਕ ਸਿਟੀਜ਼ਨ ਸੈਂਟਰ ਵਿੱਚ ਮੈਨੂੰ ਪਿਛਲੇ ਹਫਤੇ ਇੱਕ ਵਿਅਕਤੀ ਮਿਲਿਆ, ਜਿਹੜਾ ਪੰਜਾਬ ਚੋਂ ਕਿਸੇ ਕਾਲਜ ਤੋਂ ਪ੍ਰੋਫੈਸਰ ਦੇ ਤੌਰ ਤੇ ਸੇਵਾ ਮੁਕਤੀ ਪ੍ਰਾਪਤ ਕਰ ਚੁੱਕਾ ਸੀ। ਇੱਕ ਦੋ ਮਿਲਣੀਆਂ ਵਿੱਚ ਉਹ ਮੇਰੇ ਕਾਫੀ ਨੇੜੇ ਆ ਗਿਆ। ਮੈਂ ਉਹਨੂੰ ਦੋ ਕੁ ਵਾਰ ਆਪਣੀ ਕਾਰ ਤੇ ਉਹਦੇ ਘਰ ਵੀ ਛੱਡ ਆਇਆ। ਫਿਰ ਗੱਲਾਂ ਬਾਤਾਂ ਕਾਫੀ ਖੁੱਲੀਆਂ ਹੋਣ ਲੱਗ ਪਈਆਂ

"ਵੀਰ ਜੀ, ਨਾਮ ਤੁਹਾਡਾ ਸਿੱਧੂ ਸਾਹਿਬ ਏ। ਤੁਸੀਂ ਪਰਸੋਂ ਦੱਸ ਹੀ ਦਿੱਤਾ ਸੀ। ਨਵੇਂ ਨਵੇਂ ਸੇਵਾਮੁਕਤ ਹੋਏ ਲੱਗਦੇ ਹੋ?"

"ਨਹੀਂ, ਬਹੁਤਾ ਨਵਾਂ ਤਾਂ ਨਹੀਂ। ਮੈਨੂੰ ਰਿਟਾਇਰ ਹੋਏ ਨੂੰ ਚਾਰ ਸਾਲ ਹੋ ਗਏ ਹਨ।"

"58 ਦੀ ਉਮਰ 'ਚ ਰਿਟਾਇਰ ਹੋਏ ਹੋਵੋਗੇ?"

"ਨਹੀਂ, ਮੈਂ ਕਿਸੇ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜ ਤੋਂ ਸੇਵਾਮੁਕਤ ਹੋਇਆ ਸੀ। ਪ੍ਰਾਈਵੇਟ ਕਾਲਜਾਂ ਵਿੱਚ ਸੇਵਾ ਮੁਕਤੀ 60 ਸਾਲ ਦੀ ਉਮਰ ਵਿੱਚ ਹੁੰਦੀ ਏ।"

"ਇਸਦਾ ਮਤਲਬ ਹੁਣ 64 ਕੁ ਸਾਲ ਦੇ ਹੋ ਗਏ ਹੋ।"

"ਜੀ ਹਾਂ।"

"ਖੂਬ ਪੈਨਸ਼ਨ ਦਾ ਆਨੰਦ ਮਾਣਦੇ ਹੋਵੋਗੇ?"

"ਨਹੀਂ, ਪ੍ਰਾਈਵੇਟ ਕਾਲਜਾਂ ਵਿੱਚ ਪੈਨਸ਼ਨ ਦੀ ਸੁਵਿਧਾ ਨਹੀਂ ਏ। ਸੇਵਾ ਮੁਕਤੀ ਵੇਲੇ ਇਕੱਠਾ ਫੰਡ ਹੀ ਮਿਲ ਜਾਂਦਾ ਏ।"

"ਗਰੈਚੂਇਟੀ?"

"ਹਾਂ, ਦਸ ਲੱਖ ਗਰੈਚੂਇਟੀ ਮਿਲ ਜਾਂਦੀ ਏ। ਕਈ ਪ੍ਰਾਈਵੇਟ ਕਾਲਜ ਤਾਂ ਇਹ ਗਰੈਚੂਇਟੀ ਵੀ ਉਵੇਂ ਦਿੰਦੇ ਹਨ ਜਿਵੇਂ ਕੋਈ ਬੱਕਰੀ ਮੀਂਙਣਾ ਪਾ ਕੇ ਦੁੱਧ ਦੇਵੇ।"

"ਕੀ ਮਤਲਬ?"

"ਪਹਿਲਾਂ ਤਾਂ ਇਹ ਭੁਗਤਾਨ ਲੇਟ ਕਰੀ ਜਾਣਗੇ। ਜਦ ਜ਼ੋਰ ਪਾ ਕੇ ਜਾਂ ਕਿਸੇ ਹੋਰ ਤੋਂ ਸਿਫਾਰਿਸ਼ ਪਵਾ ਕੇ ਲੈਣ ਦੀ ਕੋਸ਼ਿਸ਼ ਕਰੀਏ ਫਿਰ ਇਹ ਕਾਲਜ ਭੁਗਤਾਨ ਦੋ ਹਿੱਸਿਆਂ ਵਿੱਚ ਵੰਡ ਦਿੰਦੇ ਹਨ। ਇੱਕ ਵਾਰ ਅੱਧੀ ਰਕਮ ਦੇਣਗੇ ਤੇ ਦੂਜੀ ਅੱਧੀ ਫਿਰ ਇਹ ਥੋੜ੍ਹੀਆਂ ਮਿੰਨਤਾਂ ਕਰਵਾ ਕੇ ਦਿੰਦੇ ਹਨ। ਮੈਂ ਤਾਂ ਇੱਕ ਗਲਤੀ ਵੀ ਕਰ ਬੈਠਾ ਸੀ।"

"ਗਲਤੀ? ਉਹ ਕੀ?" ਮੇਰੀ ਉਤਸੁਕਤਾ ਜਾਗ ਪਈ।

"ਮੇਰੇ ਮੂੰਹ ਚੋਂ ਪ੍ਰਿੰਸੀਪਲ ਦੇ ਇੱਕ ਚਮਚੇ ਲੈਕਚਰਾਰ ਪਾਸ ਕਹਿ ਹੋ ਗਿਆ ਕਿ ਮੈਂ 50000 ਕਾਲਜ ਨੂੰ ਦਾਨ ਕਰ ਜਾਵਾਂਗਾ। ਉਸ ਚਮਚੇ ਨੇ ਸਾਹਿਬ ਨੂੰ ਚੁਆਤੀ ਲਗਾ ਦਿੱਤੀ ਕਿ ਮੈਂ ਇੱਕ ਲੱਖ ਦੇਣ ਲਈ ਮੰਨਿਆ ਹਾਂ। ਕਹਿੰਦਾ ਇਹਦੇ ਬੱਚੇ ਤਾਂ ਹੁਣ ਬਾਹਰ ਸੈੱਟ ਹੋ ਗਏ ਹਨ। ਇਹਨੂੰ ਲੱਖ ਦੇਣਾ ਕਿੰਨਾ ਕੁ ਔਖਾ ਏ। ਜਦ ਮੈਨੂੰ ਪਤਾ ਲੱਗਾ ਮੈਂ ਫਿਰ 50 ਹਜ਼ਾਰ ਦੇਣ ਤੋਂ ਵੀ ਇਨਕਾਰ ਕਰ



"ਸਰਕਾਰਾਂ, ਯੂਨੀਵਰਸਿਟੀਆਂ ਤੇ ਗਰਾਂਟਸ ਕਮਿਸ਼ਨ ਜੋ ਮਰਜ਼ੀ ਕਾਨੂੰਨ ਘੜੀ ਜਾਣ, ਅਦਾਰੇ ਚਲਾਉਣ ਵਾਲੀਆਂ ਕਮੇਟੀਆਂ ਤੇ ਪ੍ਰਿੰਸੀਪਲ ਕਈ ਐਸੀਆਂ ਚੋਰ ਮੋਰੀਆਂ ਈਜਾਦ ਕਰ ਲੈਂਦੇ ਹਨ, ਜਿਨ੍ਹਾਂ ਨਾਲ ਸੱਪ ਵੀ ਮਰਦਾ ਰਹਿੰਦਾ ਏ ਤੇ ਲਾਠੀ ਵੀ ਨਹੀਂ ਟੁੱਟਦੀ।"

ਦਿੱਤਾ। ਉਹਨਾਂ ਨੇ ਆਪਣੀ ਜ਼ਿੱਦ ਪਗਾਉਣੀ ਸ਼ੁਰੂ ਕਰ ਦਿੱਤੀ। ਕਹਿੰਦੇ, ਚੱਲ ਲੈ ਕਿੱਥੇ ਤੱਕ ਚੱਲਣਾ, ਹੁਣ ਅਸੀਂ ਵੀ ਆਪਣੀ ਪੁਗਾ ਕੇ ਹੀ ਹਟਾਂਗੇ।"

"ਫਿਰ ਨਿੱਬੜੀ ਕਿੱਥੇ?"

"ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦਾ ਏ। ਭਾਰਤ ਵਿੱਚ ਤਕੜਾ ਆਪਣੀ ਪੁਗਾ ਕੇ ਹੀ ਹਟਦਾ ਹੈ। ਜੇ ਸਿੱਧੀ ਉਂਗਲੀ ਘਿਓ ਨਾ ਨਿਕਲੇ ਤਾਂ ਉਹ ਟੇਢੀ ਉਂਗਲ ਨਾਲ ਕੱਢ ਲੈਂਦਾ ਏ। ਪੈਸੇ ਪਏ ਰਹੇ, ਪਏ ਰਹੇ। ਉਹ ਵਿਆਜ ਖਾਈ ਗਏ। ਜਦ ਚੰਗਾ ਚੋਖਾ ਵਿਆਜ ਖਾ ਲਿਆ ਤੇ ਆਡਿਟ ਵਾਲੇ ਪਏ ਪੈਸੇ ਦੀ ਪੜਚੋਲ ਕਰਨ ਲੱਗੇ ਤਾਂ ਜਾ ਕੇ ਮੇਰਾ ਹਿੱਸਾ ਮੈਨੂੰ ਦੇਣ ਲਈ ਤਿਆਰ ਹੋਏ। ਬੱਕਰੀ ਨੇ ਦੁੱਧ ਤਾਂ ਦਿੱਤਾ ਪਰ ਦਿੱਤਾ ਪੂਰੀਆਂ ਮੀਂਙਣਾ ਪਾ ਕੇ। ਵਿਆਜ ਚੰਗਾ ਚੋਖਾ ਖਾ ਗਏ। ਉੱਥੇ ਦੇ ਕਈ ਅਦਾਰਿਆਂ ਦੇ ਪ੍ਰਿੰਸੀਪਲ ਨਿਰੇ ਅਕਾਦਮਿਕ ਸਰਪੰਚ ਹਨ।"

"ਮੈਂ ਇਹ ਅਕਾਦਮਿਕ ਸਰਪੰਚ ਵਾਲੀ ਗੱਲ ਨਹੀਂ ਸਮਝ ਸਕਿਆ?"

"ਕਾਲਜਾਂ ਵਿੱਚ ਪ੍ਰਿੰਸੀਪਲਾਂ ਦੀ ਨਿਯੁਕਤੀ ਦੀ ਸ਼ਰਤ ਯੂ.ਜੀ.ਸੀ. ਨੇ ਪੀ.ਐਚ.ਡੀ ਕਰ ਦਿੱਤੀ ਹੋਈ ਏ।"

"ਯੂ.ਜੀ.ਸੀ. ਕੀ ਹੁੰਦਾ ਏ?"

"ਇਹ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਹੁੰਦਾ ਏ। ਇਹ ਦਿੱਲੀ ਵਿੱਚ ਏ। ਇਸ ਤੋਂ ਪ੍ਰਾਈਵੇਟ ਕਾਲਜਾਂ ਨੂੰ ਗਰਾਂਟ ਮਿਲਦੀ ਹੁੰਦੀ ਏ। ਇਸ ਗਰਾਂਟ ਦੇ ਸਿਰ ਤੇ ਇਹਨਾਂ ਕਾਲਜਾਂ ਦੇ ਪ੍ਰੋਫੈਸਰਾਂ ਦੀਆਂ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ।"

"ਜਦ ਇਹ ਪ੍ਰਾਈਵੇਟ ਕਾਲਜ ਹਨ ਤਾਂ ਮੈਂ ਇਹ ਗਰਾਂਟ ਵਾਲੀ ਗੱਲ ਨਹੀਂ ਸਮਝ ਸਕਿਆ?" ਮੈਥੋਂ ਪੁੱਛਣੋ ਰਿਹਾ ਨਾ ਗਿਆ।

"ਭਾਈ ਸਾਹਿਬ, ਇਹ ਸਰਕਾਰੀ ਸਹਾਇਤਾ ਪ੍ਰਾਪਤ ਕਾਲਜ ਹਨ। ਤੁਹਾਨੂੰ ਪਤਾ ਹੋਣਾ ਚਾਹੀਦਾ ਏ ਕਿ ਭਾਰਤੀ ਢਾਂਚਾ ਮਿਕਸ ਇਕੋਨਮੀ ਤੇ ਅਧਾਰਤ ਏ। ਪਬਲਿਕ ਤੇ ਪ੍ਰਾਈਵੇਟ ਸੈਕਟਰ ਨਾਲ ਨਾਲ ਚਲਦੇ ਹਨ। ਪ੍ਰਾਈਵੇਟ ਕਾਲਜ ਅੱਧੇ ਕੁ ਪਬਲਿਕ ਵੀ ਹਨ। ਇਲਾਕੇ ਦੇ ਲੋਕ ਇਕੱਠੇ ਹੋ ਕੇ ਕਾਲਜ ਖੋਲ੍ਹਦੇ ਹਨ। ਇਹਨਾਂ ਦੁਆਰਾ ਬਣਾਈ ਗਈ ਕਮੇਟੀ ਸੁਸਾਇਟੀ ਦੇ ਤੌਰ ਤੇ ਰਜਿਸਟਰਡ ਹੁੰਦੀ ਏ। ਫਿਰ ਇਹਨਾਂ ਨੂੰ ਯੂਨੀਵਰਸਿਟੀ ਵੱਲੋਂ ਮਾਨਤਾ ਮਿਲਦੀ ਏ। ਅਦਾਰੇ ਲਈ ਜ਼ਮੀਨ ਲੋਕਾਂ ਨੇ ਦਾਨ ਕੀਤੀ ਹੁੰਦੀ ਏ। ਕੁਝ ਕੰਮਾਂ ਲਈ ਡੀ.ਪੀ.ਆਈ ਤੋਂ ਪਾਸ ਹੋ ਕੇ ਗਰਾਂਟ ਆਉਂਦੀ ਹੈ। ਤਨਖਾਹਾਂ ਦੇ ਘਾਟੇ ਦਾ 95% ਯੂ.ਜੀ.ਸੀ. ਪੂਰਾ ਕਰਦਾ ਹੈ। ਛੋਟੇ ਕਾਲਜਾਂ ਦੀ ਆਮਦਨ ਘੱਟ ਜਾਂਦੀ ਏ। ਇੱਥੇ ਗਰਾਂਟ ਤੋਂ ਬਗੈਰ ਸਰਦਾ ਹੀ ਨਹੀਂ। ਵੱਡੇ ਕਾਲਜਾਂ ਵਿੱਚ ਘਾਟਾ ਘੱਟ ਪੈਂਦਾ ਹੈ ਜਾਂ ਪੈਂਦਾ ਹੀ ਨਹੀਂ। ਇਸ ਪ੍ਰਕਾਰ ਇਹ ਅਦਾਰੇ ਅੱਧੇ ਕੁ ਨਿੱਜੀ ਹਨ ਤੇ ਅੱਧੇ ਕੁ ਸਰਕਾਰੀ। ਨਿਯੁਕਤੀਆਂ ਵਿੱਚ ਵੀ ਸਰਕਾਰੀ ਤੇ ਯੂਨੀਵਰਸਿਟੀ ਦੇ ਨੁਮਾਇੰਦੇ ਭਾਗ ਲੈਂਦੇ ਹਨ।"

"ਇਹਨਾਂ ਕਾਲਜਾਂ ਵਿੱਚ ਤੁਹਾਡਾ ਪ੍ਰੋਫੈਸਰਾਂ ਤੇ ਪ੍ਰਿੰਸੀਪਲਾਂ ਦਾ ਹਾਲ ਕਿਹੋ ਜਿਹਾ ਹੁੰਦਾ ਏ? ਕੀ ਤੁਸੀਂ ਆਪਣੇ ਆਪ ਨੂੰ ਸਰਕਾਰੀ ਕਾਲਜਾਂ ਦੇ ਸਟਾਫ ਜਿਹਾ ਸਮਝਦੇ ਹੋ ਜਾਂ ਉਹਨਾਂ ਤੋਂ ਨੀਵੇਂ ਸਮਝਦੇ ਹੋ?" ਮੈਂ ਪੁੱਛਿਆ।

"ਭਾਈ ਸਾਹਿਬ, ਸਰਕਾਰੀ ਅਦਾਰਿਆਂ ਦੇ ਤਾਂ ਆਪਣੀ ਹੀ ਕਿਸਮ ਦੇ ਲਾਭ ਹੁੰਦੇ ਹਨ। ਉਹਨਾਂ ਵਿੱਚ ਸੇਵਾ ਮੁਕਤੀ ਤੋਂ ਬਾਅਦ ਪੈਨਸ਼ਨ ਵੀ ਮਿਲਦੀ ਏ। ਨਿਯੁਕਤੀਆਂ ਰਾਜਾਂ ਦੇ ਪਬਲਿਕ ਸਰਵਿਸ ਕਮਿਸ਼ਨਾਂ ਰਾਹੀਂ ਹੁੰਦੀਆਂ ਹਨ। ਸਭ ਕੰਮ ਸਿੱਕੇਬੰਦ ਹਨ।"

"ਸੁਣਿਐ, ਪਬਲਿਕ ਸਰਵਿਸ ਕਮਿਸ਼ਨਾਂ ਵਿੱਚ ਵੱਢੀਆਂ ਤੇ ਸਿਫਾਰਸ਼ਾਂ ਵੀ ਚੱਲਦੀਆਂ ਹਨ?"

"ਭਾਈ ਸਾਹਿਬ, ਇਹ ਸਭ ਕੁਝ ਤਾਂ ਭਾਰਤ ਜਿਹੇ ਦੇਸ਼ ਵਿੱਚ ਆਮ ਵਰਤਾਰਾ ਹੈ। ਸਿਫਾਰਿਸ਼ਾਂ ਤਾਂ ਪ੍ਰਾਈਵੇਟ ਕਾਲਜਾਂ ਵਿੱਚ ਵੀ ਚੱਲਦੀਆਂ ਹਨ। ਅਸਲ ਵਿੱਚ ਭਾਰਤ ਵਿੱਚ ਸਮੰਤਵਾਦੀ ਲੋਕਤੰਤਰ ਹੈ। ਅਦਾਰੇ ਵੀ ਅਮੀਰ ਲੋਕਾਂ ਦੇ ਸਿਰ ਤੇ ਹੀ ਚਲਦੇ ਹਨ। ਕਾਲਜਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰ ਤੇ ਮੈਂਬਰ ਜਾਂ ਤਾਂ ਲੈਂਡਲਾਰਡ ਹਨ, ਜਾਂ ਵੱਡੇ ਸਿਆਸਤਦਾਨ ਹਨ ਤੇ ਜਾਂ ਫਿਰ ਵੱਡੇ ਕਾਰੋਬਾਰੀ ਬੰਦੇ ਹਨ। ਇਹ ਲੋਕ ਆਪਣੇ ਖਾਸ ਬੰਦੇ ਅਕਸਰ ਨਿਯੁਕਤ ਕਰਵਾ ਲੈਂਦੇ ਹਨ ਤੇ ਗਰੀਬ ਲੋਕ ਨੌਕਰੀਆਂ ਤੋਂ ਵਿਰਵੇ ਰਹਿ ਜਾਂਦੇ ਹਨ। ਅੱਜ ਕੱਲ ਤਾਂ ਪ੍ਰਾਈਵੇਟ ਕਾਲਜਾਂ ਵਿੱਚ ਇੱਕ ਹੋਰ ਲਿਆਮਤ ਵੀ ਆ ਪਹੁੰਚੀ ਹੈ। ਕਾਫੀ ਗਿਣਤੀ ਵਿੱਚ ਨਿਯੁਕਤੀਆਂ ਠੇਕੇ ਤੇ ਹੋ ਰਹੀਆਂ ਹਨ।"

"ਪ੍ਰੋਫੈਸਰ? ਉਹ ਵੀ ਠੇਕੇ ਤੇ?"

"ਸਰਕਾਰਾਂ, ਯੂਨੀਵਰਸਿਟੀਆਂ ਤੇ ਗਰਾਂਟਸ ਕਮਿਸ਼ਨ ਜੋ ਮਰਜ਼ੀ ਕਾਨੂੰਨ ਘੜੀ ਜਾਣ, ਅਦਾਰੇ ਚਲਾਉਣ ਵਾਲੀਆਂ ਕਮੇਟੀਆਂ ਤੇ ਪ੍ਰਿੰਸੀਪਲ ਕਈ ਐਸੀਆਂ ਚੋਰ ਮੋਰੀਆਂ ਈਜਾਦ ਕਰ ਲੈਂਦੇ ਹਨ, ਜਿਨ੍ਹਾਂ ਨਾਲ ਸੱਪ ਵੀ ਮਰਦਾ ਰਹਿੰਦਾ ਏ ਤੇ ਲਾਠੀ ਵੀ ਨਹੀਂ ਟੁੱਟਦੀ।"

"ਕੀ ਭਾਵ?"

"ਤੁਹਾਨੂੰ ਪਤਾ, ਅੱਜ ਕੱਲ ਪੰਜਾਬ ਵਿੱਚੋਂ ਹਰ ਵਿਅਕਤੀ ਦੀ ਦੌੜ ਬਾਹਰ ਜਾਣ ਦੀ ਲੱਗੀ ਹੋਈ ਏ। ਪੇਂਡੂ ਕਾਲਜਾਂ ਦੀ ਨਫਰੀ ਘਟੀ ਜਾ ਰਹੀ ਏ। ਬਹੁਤ ਸਾਰੇ ਬੱਚੇ ਬਾਹਰਵੀਂ ਜਮਾਤ ਪਾਸ ਕਰਕੇ ਕੈਨੇਡਾ, ਅਮਰੀਕਾ, ਆਸਟਰੇਲੀਆ, ਆਦਿ ਨੂੰ ਦੌੜ ਰਹੇ ਹਨ। ਜਦ ਕਿਸੇ ਅਦਾਰੇ ਦੀ ਨਫਰੀ ਘੱਟ ਜਾਵੇ ਤਾਂ ਉਸਦੀ ਆਮਦਨ ਵੀ ਘੱਟਦੀ ਹੀ ਏ। ਅਧਿਆਪਕ ਹਰ ਮਜ਼ਮੂਨ ਪੜ੍ਹਾਉਣ ਲਈ ਚਲਦੇ ਰੱਖਣੇ ਪੈਂਦੇ ਹਨ। ਜਿਹੜੇ ਯੂ.ਜੀ.ਸੀ. ਦੀ ਸਕੀਮ ਹੇਠ ਨਿਯੁਕਤ ਹੋ ਚੁੱਕੇ ਹਨ ਉਹਨਾਂ ਦੀ ਤਨਖਾਹ (ਜੇ ਕਾਲਜ ਦੀ ਆਮਦਨ ਚੋਂ ਪੂਰੀ ਨਾ ਹੋਵੇ) ਤਾਂ ਘਾਟੇ ਦਾ 95 ਫੀਸਦੀ ਯੂ.ਜੀ.ਸੀ. ਆਪਣੀ ਗਰਾਂਟ ਰਾਹੀਂ ਪੂਰਾ ਕਰ ਦਿੰਦਾ ਹੈ। ਇਹਨਾਂ ਅਦਾਰਿਆਂ ਨੂੰ ਘਾਟਾ ਵੀ ਅਕਸਰ ਇੰਨਾ ਪੈਣਾ ਸ਼ੁਰੂ ਹੋ ਗਿਆ ਹੈ ਕਿ ਇਹ ਅਦਾਰੇ ਬਾਕੀ ਰਹਿੰਦਾ ਪੰਜ ਫੀਸਦੀ ਦੇਣ ਦੇ ਵੀ ਅਸਮਰਥ ਹੁੰਦੇ ਹਨ। ਫਿਰ ਇਹਨਾਂ ਕਾਲਜਾਂ ਵਿੱਚ ਬੈਠੇ ਪ੍ਰਿੰਸੀਪਲਾਂ (ਜਿਹੜੇ ਕਈ ਅਕਾਦਮਿਕ ਸਰਪੰਚ ਹੀ ਹੁੰਦੇ ਹਨ) ਨੇ ਆਪਣਾ ਕੰਮ ਚਲਾਉਣ ਲਈ ਨਵੇਂ ਤਰੀਕੇ ਈਜਾਦ ਕੀਤੇ ਹੋਏ ਹਨ। ਇਹ ਠੇਕੇ ਤੇ ਲੈਕਚਰਾਰ ਨਿਯੁਕਤ ਕਰ ਲੈਂਦੇ ਹਨ। ਇਹ ਠੇਕੇ ਵਾਲੇ ਬੰਦੇ ਆਮ ਮਿਲ ਜਾਂਦੇ ਹਨ ਕਿਉਂਕਿ ਸਮਾਜ ਵਿੱਚ ਅੰਤਾਂ ਦੀ ਬੇਰੁਜ਼ਗਾਰੀ ਹੈ। ਆਮ ਲੋਕ ਐਮ.ਏ ਦੀ ਡਿਗਰੀ ਕਰਕੇ ਤੁਰੇ ਫਿਰ ਰਹੇ ਹਨ। ਇਨ੍ਹਾਂ ਨੂੰ ਇਹ ਪ੍ਰਿੰਸੀਪਲ ਵੀਹ ਕੁ ਹਜ਼ਾਰ ਰੁਪਏ ਮਹੀਨੇ ਦੀ ਤਨਖਾਹ ਤੇ ਰੱਖ ਲੈਂਦੇ ਹਨ। ਵੈਸੇ ਅੱਜਕੱਲ ਪ੍ਰੋਫੈਸਰ ਦੀ ਤਨਖਾਹ ਤਕਰੀਬਨ 70-80 ਹਜ਼ਾਰ ਰੁਪਏ ਮਹੀਨਾ ਹੈ। ਦੂਸਰੀ ਇਹ ਚੁਸਤੀ ਕਿ ਪ੍ਰਿੰਸੀਪਲ ਇਹਨਾਂ ਨੂੰ ਅੱਠ ਕੁ ਮਹੀਨੇ ਰੱਖ ਕੇ ਬੱਚਿਆਂ ਦੇ ਸਿਲੇਬਸ ਪੂਰੇ ਕਰਵਾ ਲੈਂਦੇ ਹਨ ਤੇ 31 ਮਾਰਚ ਨੂੰ ਇਹਨਾਂ ਦੀ ਛੁੱਟੀ ਕਰ ਦਿੰਦੇ ਹਨ। ਇਸ ਪ੍ਰਕਾਰ ਇਹ ਪ੍ਰਿੰਸੀਪਲ ਅਗਲੇ ਚਾਰ ਮਹੀਨਿਆਂ ਦੀ ਤਨਖਾਹ ਦੇਣ ਤੋਂ ਸੁਰਖਰੂ ਹੋ ਜਾਂਦੇ ਹਨ। ਪਿਛਲੇ ਸਾਲਾਂ ਵਿੱਚ ਤਾਂ ਕਈ ਲੈਕਚਰਾਰ ਵੀ ਨਿਰੇ ਅਕਾਦਮਿਕ ਸਰਪੰਚ ਹੀ ਹੋਇਆ ਕਰਦੇ ਸਨ। ਪੇਂਡੂ ਕਾਲਜਾਂ ਦੇ ਬੱਚੇ ਇੰਨੇ ਭੋਲੇ ਭਾਲੇ ਹਨ ਕਿ ਉਹਨਾਂ ਨੂੰ ਚੰਗੇ ਮਾੜੇ ਲੈਕਚਰਾਰ ਦੀ ਪਛਾਣ ਵੀ ਨਹੀਂ ਕਰਨੀ ਆਉਂਦੀ ਹੁੰਦੀ। ਉਹਨਾਂ ਲਈ ਇੱਕ ਪੀ.ਐਚ.ਡੀ ਕੀਤਾ ਅਧਿਆਪਕ ਤੇ ਇੱਕ ਤੀਜੇ ਦਰਜੇ ਵਿੱਚ ਐਮ.ਏ ਪਾਸ ਕੀਤਾ ਅਧਿਆਪਕ ਤਕਰੀਬਨ ਇੱਕ ਬਰਾਬਰ ਹੀ ਹੁੰਦਾ ਹੈ। ਬਲਕਿ ਉਹ ਤੀਜੇ ਦਰਜੇ ਵਾਲੇ ਲੈਕਚਰਾਰ ਨੂੰ ਜ਼ਿਆਦਾ ਚੰਗਾ ਸਮਝਦੇ ਹਨ ਕਿਉਂਕਿ ਉਹ ਸਰਲ ਬਹੁਤ ਹੁੰਦਾ ਏ।"

"ਮੈਂ ਤੁਹਾਡਾ ਅਕਾਦਮਿਕ ਸਰਪੰਚੀ ਵਾਲਾ ਨੈਰੇਟਿਵ ਚੰਗੀ ਤਰ੍ਹਾਂ ਨਹੀਂ ਸਮਝ ਸਕਿਆ। ਕੀ ਇਸ ਤੇ ਕੁਝ ਹੋਰ ਵਿਸਥਾਰ ਨਾਲ ਚਾਨਣਾ ਪਾਓਗੇ?"

"ਮੇਰੀ ਗੱਲ ਧਿਆਨ ਨਾਲ ਸੁਣੋ। ਮੈਂ 38 ਸਾਲ ਦੇ ਅਧਿਆਪਨ ਤੋਂ ਬਾਅਦ ਹੁਣੇ ਹੁਣੇ ਸੇਵਾ ਮੁਕਤ ਹੋਇਆ ਹਾਂ। ਮੇਰੇ ਕਾਲਜ ਦੇ ਜਿਹੜੇ ਪ੍ਰਿੰਸੀਪਲ ਸ਼ੁਰੂ ਸ਼ੁਰੂ ਵਿੱਚ ਹੋਇਆ ਕਰਦੇ ਸਨ ਉਹ ਸੱਚ ਮੁੱਚ ਹੀ ਵਿਦਵਾਨ ਸਨ। ਉਹਨਾਂ ਵਿੱਚ ਕਈ ਅੰਗਰੇਜ਼ੀ ਵਾਲੇ ਸਨ ਤੇ ਕਈ ਸਾਇੰਸ ਵਾਲੇ ਵੀ ਸਨ। ਯੋਗਤਾ ਐਮ.ਏ ਜਾਂ ਐਮ.ਐਸ.ਸੀ ਹੋਇਆ ਕਰਦੀ ਸੀ। ਇਸ ਦੇ ਨਾਲ 10 ਸਾਲ ਦਾ ਇੱਕ ਲੈਕਚਰਾਰ ਦੇ ਤੌਰ ਤੇ ਤਜ਼ਰਬਾ ਹੋਣਾ ਜਰੂਰੀ ਹੁੰਦਾ ਸੀ। ਫਿਰ ਯੂ.ਜੀ.ਸੀ. ਨੇ ਪ੍ਰਿੰਸੀਪਲ ਦੀ ਯੋਗਤਾ ਪੀ.ਐਚ.ਡੀ ਕਰ ਦਿੱਤੀ। ਅੰਗਰੇਜ਼ੀ ਤੇ ਸਾਇੰਸ ਵਿੱਚ ਪੀ.ਐਚ.ਡੀ ਦੀ ਡਿਗਰੀ ਲੈਣੀ ਔਖੀ ਬਹੁਤ ਹੈ। ਦੂਜੇ ਪਾਸੇ ਪੰਜਾਬੀ, ਸਰੀਰਕ ਸਿੱਖਿਆ, ਹਿੰਦੀ ਆਦਿ ਵਿੱਚ ਪ੍ਰੋਫੈਸਰ ਇਹ ਡਿਗਰੀ ਇਵੇਂ ਪ੍ਰਾਪਤ ਕਰੀ ਜਾ ਰਹੇ ਹਨ ਜਿਵੇਂ ਗੋਹਟੇ ਨਾਲ ਸ਼ੈਹਾ ਮਾਰਨਾ ਹੋਵੇ। ਇਹ ਡਿਗਰੀਆਂ ਅਕਸਰ ਦੋਸਤੀ ਪਾ ਕੇ, ਲੈ ਦੇ ਕੇ, ਕਿਸੇ ਹੋਰ ਤੋਂ ਥੀਸਿਸ ਲਿਖਵਾ ਕੇ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ। ਇਹਨਾਂ ਮਜ਼ਮੂਨਾਂ ਦੇ ਗਾਈਡ ਅਕਸਰ ਮਿਲ ਜਾਂਦੇ ਹਨ। ਪੰਜਾਬੀ ਲਾਜ਼ਮੀ ਮਜ਼ਮੂਨ ਹੋਣ ਕਰਕੇ ਵੀ ਇਸ ਵਿੱਚ ਪ੍ਰੋਫੈਸਰਾਂ ਦੀ ਗਿਣਤੀ ਵੱਧ ਗਈ ਹੈ। ਇਸ ਲਈ ਇਹਨਾਂ ਮਜ਼ਮੂਨਾਂ ਵਾਲੇ ਲੈਕਚਰਾਰ ਧੜਾ ਧੜ ਪ੍ਰਿੰਸੀਪਲ ਬਣ ਰਹੇ ਹਨ। ਦੂਜੇ ਟੌਪ ਕਲਾਸ ਮਜ਼ਮੂਨਾਂ ਵਾਲੇ ਪ੍ਰੋਫੈਸਰ ਇਸ ਮਾਮਲੇ ਵਿੱਚ ਮੂਧੇ ਮੂੰਹ ਡਿਗ ਰਹੇ ਹਨ। ਉੱਤਰੀ ਭਾਰਤ ਵਿੱਚ ਅੰਗਰੇਜ਼ੀ ਦੀ ਮਹੱਤਤਾ ਘਟਣ ਨਾਲ ਉਸ ਪਾਸੇ ਨੂੰ ਵਿਕਸਿਤ ਦੇਸ਼ਾਂ ਦੀ ਨਵੀਨਤਮ ਵਿਚਾਰਧਾਰਾ ਦਾ ਅਦਾਨ ਪ੍ਰਦਾਨ ਘੱਟਦਾ ਜਾ ਰਿਹਾ ਏ। ਬਹੁਤਾ ਨਵੀਨਤਮ ਫਲਸਫਾ ਅੱਜ ਕਲ ਯੂਰਪ ਅਤੇ ਅਮਰੀਕਾ ਜਿਹੀਆਂ ਵਿਕਸਿਤ ਥਾਵਾਂ ਤੇ ਹੀ ਸਿਰਜਿਆ ਜਾ ਰਿਹਾ ਏ। ਇਸ ਵਿਚਾਰਧਾਰਾ ਤੇ ਫਲਸਫੇ ਤੋਂ ਬੱਚਿਆਂ ਨੂੰ ਵਿਰਵਾ ਰੱਖਣਾ ਅੰਤਰਰਾਸ਼ਟਰੀ ਪੱਧਰ ਤੇ ਘਾਤਕ ਹੋਵੇਗਾ। ਕਿਸੇ ਵੀ ਵਿੱਦਿਅਕ ਢਾਂਚੇ ਦਾ ਉੱਚਤਮ ਮਿਆਰ ਯੂਰਪ ਅਤੇ ਅਮਰੀਕਾ ਦੇ ਵਿੱਦਿਅਕ ਢਾਂਚੇ ਨਾਲ ਸਾਂਝ ਪਾ ਕੇ ਹੀ ਕਾਇਮ ਕੀਤਾ ਜਾ ਸਕਦਾ ਹੈ। ਯੂ.ਜੀ.ਸੀ ਨੂੰ ਐਸਾ ਨੈਰੇਟਿਵ ਸਿਰਜਣਾ ਚਾਹੀਦਾ ਹੈ ਜਿਸ ਨਾਲ ਇਹਨਾਂ ਉੱਤਰੀ ਭਾਰਤ ਦੇ ਕਾਲਜਾਂ ਦੇ ਮੁਖੀ ਨਿਰੇ ਅਕਾਦਮਿਕ ਸਰਪੰਚ ਹੀ ਨਾ ਹੋਣ। ਪੰਜਾਬੀ ਅਤੇ ਅੰਗਰੇਜ਼ੀ ਦਾ ਮਿਆਰੀ ਸੁਮੇਲ ਅਤੀ ਜਰੂਰੀ ਹੈ। ਹੈਰਾਨੀ ਇਹ ਹੈ ਕਿ ਪੰਜਾਬ ਵਿੱਚ ਸਕੂਲ ਧੜਾ ਧੜਾ ਅੰਗਰੇਜ਼ੀ ਖੁੱਲ ਰਹੇ ਹਨ ਤੇ ਕਾਲਜ ਅੰਗਰੇਜੀ ਤੋਂ ਮੁੱਖ ਮੋੜੀ ਜਾ ਰਹੇ ਹਨ। ਵੱਡੇ ਵੱਡੇ ਅੰਗਰੇਜ਼ੀ ਸਕੂਲਾਂ ਦੇ ਬੱਚਿਆਂ ਦੇ ਮਾਪੇ ਉਦੋਂ ਸ਼ਸ਼ੋਪੰਜ ਵਿੱਚ ਪੈ ਜਾਂਦੇ ਹਨ ਜਦੋਂ ਉਨਾਂ ਦੇ ਬੱਚੇ ਨੇ ਬਾਰਵੀਂ ਜਮਾਤ ਤੱਕ ਅੰਗਰੇਜ਼ੀ ਵੱਧ ਪੜ੍ਹ ਕੇ ਨਾਲ ਦੇ ਕਾਲਜ ਵਿੱਚ ਬੀ.ਏ ਵਿੱਚ ਦਾਖਲ ਹੋਣਾ ਹੁੰਦਾ ਹੈ। ਉੱਥੇ ਜਾ ਕੇ ਅਜਿਹੇ ਬੱਚੇ ਨੂੰ ਕਾਲਜ 'ਚ ਅੰਗਰੇਜ਼ੀ ਵਿੱਚ ਮਾੜੇ ਲੈਕਚਰਾਰ ਜਾਂ ਠੇਕੇ ਤੇ ਰੱਖੇ ਲੈਕਚਰਾਰ ਦਾ ਮਿਆਰ ਕਾਫੀ ਮਾੜਾ ਲੱਗਣ ਲੱਗ ਪੈਂਦਾ ਹੈ। ਮੇਰੇ ਸਮੇਂ ਇੱਕ ਵਾਰ ਇੱਕ ਇਤਿਹਾਸ ਦਾ ਲੈਕਚਰਾਰ ਪੰਜਾਬੀ ਮਾਧਿਅਮ ਵਿੱਚ ਐਮ.ਏ ਕਰਕੇ ਆ ਕੇ ਸਾਡੇ ਕਾਲਜ ਵਿੱਚ ਕਾਰਜਕਾਰੀ ਨੌਕਰੀ ਤੇ ਲੱਗਾ। ਹੋਇਆ ਇੰਝ ਕਿ ਇੱਕ ਪਹਾੜਾਂ ਦੇ ਵੱਡੇ ਸਕੂਲਾਂ ਦਾ ਲੜਕਾ ਸਾਡੇ ਕਾਲਜ ਆ ਕੇ ਦਾਖਲ ਹੋ ਗਿਆ। ਉਸਦਾ ਪਿਓ ਕਿਸੇ ਵੱਡੀ ਨੌਕਰੀ ਤੇ ਸੀ। ਉਸਦੀ ਬਦਲੀ ਸਾਡੇ ਇਲਾਕੇ ਵਿੱਚ ਹੋ ਗਈ ਸੀ। ਹੁਣ ਲੈਕਚਰਾਰ ਮੋਨਾਰਕੀ (Monarchy) ਨੂੰ ਮੋਨਾਰਚੀ ਕਿਹਾ ਕਰੇ, ਏਪਕ (epoch) ਨੂੰ ਏਪਚ ਕਿਹਾ ਕਰੇ, ਕੈਜ਼ਮ (chasm) ਨੂੰ ਚੈਜ਼ਮ ਕਿਹਾ ਕਰੇ। ਵਿਦਿਆਰਥੀ ਲੜਕਾ ਬੋਲਣ ਵਿੱਚ ਸੋਹਣਾ ਹੈ ਹੀ ਸੀ ਕਿਉਂਕਿ ਉਹ ਦੇਹਰਾਦੂਨ ਦੇ ਅੰਗਰੇਜ਼ੀ ਮੀਡੀਅਮ ਸਕੂਲ ਦਾ ਪੜ੍ਹਿਆ ਹੋਇਆ ਸੀ। ਲੈਕਚਰਾਰ ਦਾ ਕੁਝ ਅੰਗਰੇਜ਼ੀ ਦੇ ਸ਼ਬਦਾਂ ਦਾ ਗਲਤ ਉਚਾਰਨ ਵੀ ਉਸ ਲੜਕੇ ਨੂੰ ਅਜੀਬ ਮਹਿਸੂਸ ਹੋਵੇ। ਦੂਜੇ ਨੰਬਰ ਤੇ ਲੈਕਚਰਾਰ ਅੰਗਰੇਜ਼ੀ ਬੋਲਣ ਵਿੱਚ ਬਹੁਤ ਮਾੜਾ ਸੀ।"

"ਗੱਲ ਤਾਂ ਤੁਹਾਡੀ ਕਾਫੀ ਠੀਕ ਲੱਗਦੀ ਏ। ਮਸਲੇ ਦਾ ਹੱਲ ਕੀ ਏ?"

"ਵੀਰ ਜੀ, ਹੱਲ ਇਹੀ ਹੈ ਕਿ ਕਾਲਜਾਂ ਦੇ ਪ੍ਰਿੰਸੀਪਲਾਂ ਦਾ ਮਿਆਰ ਉੱਚਾ ਹੋਵੇ। ਉਹ ਅੰਗਰੇਜ਼ੀ ਵਿੱਚ ਵੀ ਪੂਰੇ ਮਾਹਰ ਹੋਣ, ਦੂਜੇ ਪਾਠਕ੍ਰਮਾਂ ਵਿੱਚੋਂ ਅੰਗਰੇਜ਼ੀ ਨੂੰ ਘੱਟ ਨਹੀਂ ਕਰਨਾ ਚਾਹੀਦਾ। ਜੇ ਕਰੋਗੇ ਤਾਂ ਤੁਸੀਂ ਦੁਨੀਆਂ ਦੇ ਮਿਆਰੀ ਫਲਸਫੇ ਤੋਂ ਵੀ ਟੁੱਟੋਗੇ ਤੇ ਕੰਪਿਊਟਰ ਗਿਆਨ ਵਿੱਚ ਵੀ ਅਧੂਰੇ ਰਹਿ ਜਾਵੋਗੇ। ਸਾਇੰਸ ਦੀਆਂ ਬਹੁਤੀਆਂ ਵਿਧਾਂ ਦੀ ਢੁਕਵੀ ਪੰਜਾਬੀ ਮਿਲਦੀ ਹੀ ਨਹੀਂ।"

"ਤੁਹਾਡੀਆਂ ਗੱਲਾਂ ਤੋਂ ਮੈਨੂੰ ਵੀ ਇੱਕ ਗੱਲ ਯਾਦ ਆ ਗਈ।"

"ਉਹ ਕੀ?" ਮੈਂ ਉਹਦੇ ਇਸ ਵਿਸ਼ੇ ਵਿੱਚ ਵੱਧ ਦਿਲਚਸਪੀ ਵੀ ਲੈ ਰਿਹਾ ਸਾਂ। ਮੈਂ ਉਸਦੀ ਵਿਆਖਿਆ ਤੇ ਖੁਸ਼ ਵੀ ਸਾਂ ਤੇ ਹੈਰਾਨ ਵੀ।

"ਜਦ 90ਵਿਆਂ ਵਿੱਚ ਅਸੀਂ ਪੰਜਾਬ ਵਿੱਚ ਪੜ੍ਹਦੇ ਸਾਂ ਤਾਂ ਸਾਡੇ ਕਾਲਜ ਵਿੱਚ ਇੱਕ ਲੜਕੀ ਐਸੇ ਅਫਸਰ ਦੀ ਆਣ ਦਾਖਲ ਹੋਈ ਜਿਹੜਾ ਆਪ ਭਾਰਤੀ ਪ੍ਰਸ਼ਾਸਨਿਕ ਸੇਵਾਵਾਂ ਅਧੀਨ ਡੀ.ਸੀ ਬਣਕੇ ਸਾਡੇ ਸ਼ਹਿਰ ਵਿੱਚ ਆਇਆ ਸੀ। ਜਦ ਉਹ ਲੜਕੀ ਸਾਡੇ ਕਾਲਜ ਵਿੱਚ ਦਾਖਲ ਹੋਈ ਤਾਂ ਕਾਲਜ ਵਿੱਚ ਤਾਂ ਇੱਕ ਤਰ੍ਹਾਂ ਦਾ ਇਨਕਲਾਬ ਹੀ ਆ ਗਿਆ। ਇੱਕ ਤਾਂ ਉਹ ਕੱਪੜੇ ਬੜੇ ਮਾਡਰਨ ਪਾਉਂਦੀ ਸੀ ਤੇ ਦੂਜੇ ਉਹ ਜ਼ਿਆਦਾ ਅੰਗਰੇਜ਼ੀ ਵਿੱਚ ਹੀ ਗੱਲ ਕਰਦੀ ਸੀ। ਜਦ ਉਹ ਸਾਹਿਬ ਦੇ ਦਫਤਰ ਅੰਦਰ ਗਈ ਤਾਂ ਸਾਡਾ ਅਕਾਦਮਿਕ ਸਰਪੰਚ ਪ੍ਰਿੰਸੀਪਲ ਉਹਦੀ ਗੱਲ ਨੂੰ ਚੰਗੀ ਤਰ੍ਹਾਂ ਸਮਝੇ ਹੀ ਨਾ। ਸਾਹਿਬ ਸਰੀਰਕ ਸਿੱਖਿਆ ਦਾ ਐਮ.ਏ ਸੀ ਤੇ ਪੀ.ਐਚ.ਡੀ ਸੀ। ਨਾਲੇ ਸਿਫਾਰਿਸ਼ ਨਾਲ ਇਸ ਅਹੁਦੇ ਤੇ ਲੱਗਾ ਹੋਇਆ ਸੀ। ਸਾਹਿਬ ਦੀ ਪਤਲੀ ਹਾਲਤ ਦੇਖ ਕੇ ਹਰ ਇੱਕ ਨੂੰ ਹੈਰਾਨੀ ਹੋ ਰਹੀ ਸੀ। ਉਹ ਲੜਕੀ ਤਾਂ ਜਮਾਤਾਂ ਵਿੱਚ ਕਈ ਪ੍ਰੋਫੈਸਰਾਂ ਦੀ ਵੀ ਭੂਤਨੀ ਭੁਲਾ ਦਿਆ ਕਰਦੀ ਸੀ। ਤੁਹਾਡੀ ਗੱਲ ਸਹੀ ਹੈ ਕਿ ਸੰਤੁਲਨ ਕਾਇਮ ਰੱਖਣ ਲਈ ਅੰਗਰੇਜ਼ੀ ਨੂੰ ਕਾਲਜਾਂ ਦੇ ਪਾਠਕ੍ਰਮਾਂ ਚੋਂ ਘਟਾਉਣਾ ਨਹੀਂ ਚਾਹੀਦਾ।"

"ਵੀਰ ਜੀ, ਸਾਡੇ ਵੀ ਇੱਕ ਵਾਰ ਇਵੇਂ ਹੀ ਹੋਇਆ ਸੀ। ਐਨ.ਸੀ.ਸੀ ਬਟਾਲੀਅਨ ਦਾ ਕਮਾਂਡਿੰਗ ਅਫਸਰ ਕਰਨਲ ਮਾਇਰ ਸੀ। ਇੱਕ ਪਿੱਛੋਂ ਉਹ ਦਿੱਲੀ ਦਾ ਸੀ। ਇੱਕ ਦਿਨ ਕਾਲਜ ਦੇ ਵਿੱਚ ਅਚਾਨਕ ਐਨ.ਸੀ.ਸੀ ਦਾ ਜਾਇਜ਼ਾ ਲੈਣ ਆਣ ਟਪਕਿਆ। ਸਭ ਤੋਂ ਪਹਿਲਾਂ ਉਸਨੇ ਪ੍ਰਿੰਸੀਪਲ ਨੂੰ ਮਿਲਣਾ ਸੀ। ਜਦ ਉਹ ਦਫਤਰ ਅੰਦਰ ਗਿਆ ਤਾਂ ਉਸਦੇ ਅੰਦਾਜ਼ ਤੇ ਗੱਲਬਾਤ ਅੰਗਰੇਜ਼ੀ ਹਾਵ ਭਾਵ ਨਾਲ ਲਬਰੇਜ਼ ਸਨ। ਪ੍ਰਿੰਸੀਪਲ ਅੰਗਰੇਜ਼ੀ ਅੰਦਾਜ਼ ਤੇ ਵਾਰਤਾਲਾਪ ਤੋਂ ਊਣਾ ਸੀ। ਦੋਹਾਂ ਵਿੱਚ ਜੋ ਅਦਾਨ ਪ੍ਰਦਾਨ ਹੋਇਆ ਉਹ ਕੋਝਾ ਤੇ ਘਟੀਆ ਸੀ। ਕਾਲਜ ਦਾ ਐਨ.ਸੀ.ਸੀ ਅਫਸਰ ਪ੍ਰੋਫੈਸਰ ਵੀ ਇੰਗਲਿਸ਼ ਵਿੱਚ ਬਹੁਤਾ ਵਧੀਆ ਨਹੀਂ ਸੀ। ਮੁਸ਼ਕਿਲ ਨਾਲ ਦੋਹਾਂ ਧਿਰਾਂ ਦੀ ਗੱਲਬਾਤ ਸਿਰੇ ਚੜ੍ਹੀ। ਇਵੇਂ ਹੀ ਇੱਕ ਵਾਰ ਸਾਡੇ ਕਸਬੇ ਵਿੱਚ ਕਿਊਬਾ ਦਾ ਸਫੀਰ ਲੰਘ ਰਿਹਾ ਸੀ। ਉਸਨੇ ਕਾਲਜ ਦੇਖਣ ਦੀ ਇੱਛਾ ਪ੍ਰਗਟਾਈ। ਉਹਦੇ ਨਾਲ ਗੱਲਬਾਤ ਕਰਨ ਲਈ ਸਾਡੇ ਸਾਹਿਬ ਨੇ ਆਪਣੇ ਨਾਲ ਕਾਲਜ ਦਾ ਅੰਗਰੇਜ਼ੀ ਦਾ ਹੈਡ ਡਾ: ਅਹੂਜਾ ਬਿਠਾਇਆ। ਅਹੂਜਾ ਨੇ ਦੋ ਭਾਸ਼ੀਏ ਦਾ ਕੰਮ ਚੰਗਾ ਨਿਭਾ ਦਿੱਤਾ ਸੀ। ਇੱਕ ਪ੍ਰਿੰਸੀਪਲ ਦੋ ਭਾਸ਼ੀਆ ਦੀ ਵਰਤੋਂ ਕਰੇ-- ਕਿੰਨੀ ਘਟੀਆ ਗੱਲ ਏ!"

**ਯੂ.ਜੀ.ਸੀ ਨੂੰ ਐਸਾ ਨੈਰੇਟਿਵ ਸਿਰਜਣਾ ਚਾਹੀਦਾ ਹੈ ਜਿਸ ਨਾਲ ਇਹਨਾਂ ਉੱਤਰੀ ਭਾਰਤ ਦੇ ਕਾਲਜਾਂ ਦੇ ਮੁਖੀ ਨਿਰੇ ਅਕਾਦਮਿਕ ਸਰਪੰਚ ਹੀ ਨਾ ਹੋਣ। ਪੰਜਾਬੀ ਅਤੇ ਅੰਗਰੇਜ਼ੀ ਦਾ ਮਿਆਰੀ ਸੁਮੇਲ ਅਤੀ ਜ਼ਰੂਰੀ ਹੈ।**

"ਇਸ ਪ੍ਰਕਾਰ ਦੇ ਅਕਾਦਮਿਕ ਸਰਪੰਚ/ਪ੍ਰਿੰਸੀਪਲ ਆਪਣਾ ਯੂਨੀਵਰਸਿਟੀ ਤੇ ਯੂ.ਜੀ.ਸੀ ਨਾਲ ਖਤੋ ਖਿਤਾਬਤ ਕਿਵੇਂ ਕਰਦੇ ਹਨ?"

"ਇਹ ਡਿਊਟੀ ਨਿਭਾਉਣ ਲਈ ਇਹਨਾਂ ਪਾਸ ਵਧੀਆ ਤਰੀਕਾ ਹੁੰਦਾ ਏ।"

"ਉਹ ਕੀ?"

"ਕਾਲਜ ਵਿੱਚ ਇੱਕ ਦੋ ਅੰਗਰੇਜ਼ੀ ਦੇ ਲੈਕਚਰਾਰ ਸਾਹਿਬ ਦੇ ਚਮਚੇ ਬਣ ਕੇ ਰਹਿਣਾ ਚਾਹੁੰਦੇ ਹੁੰਦੇ ਹਨ। ਇੰਜ ਕਰਕੇ ਉਹ ਸਾਹਿਬ ਤੋਂ ਕਈ ਐਸੇ ਕੰਮ ਕਰਵਾਉਂਦੇ ਰਹਿੰਦੇ ਹਨ ਜਿਹੜੇ ਉਨਾਂ ਲਈ ਲਾਭਦਾਇਕ ਰਹਿੰਦੇ ਹੋਣ। ਇੱਕ ਲੈਕਚਰਰ ਨੇ ਸਾਹਿਬ ਤੋਂ ਆਪਣੇ ਫੰਡ ਵਿੱਚੋਂ ਕਰਜ਼ਾ ਪਾਸ ਕਰਵਾ ਲਿਆ ਸੀ। ਉਹਨੂੰ ਜਦ ਮਰਜ਼ੀ ਕਾਲਜ ਤੋਂ ਰਾਹਤ ਮਿਲ ਜਾਂਦੀ ਸੀ ਤੇ ਉਹ ਯੂਨੀਵਰਸਿਟੀ ਦੇ ਕੰਮ ਤੇ ਹੀ ਤੁਰਿਆ ਰਹਿੰਦਾ ਸੀ। ਖਾੜਕੂਵਾਦ ਦੇ ਦਿਨਾਂ ਵਿੱਚ ਉਹ ਨਿਗਰਾਨ ਡਿਊਟੀ ਤੋਂ ਵੀ ਬਚ ਜਾਇਆ ਕਰਦਾ ਸੀ। ਉਸ ਲੈਕਚਰਾਰ ਦੀ ਚਾਲ ਢਾਲ ਹੀ ਬਦਲੀ ਰਹਿੰਦੀ ਸੀ। ਨਵੇਂ ਨਵੇਂ ਭਰਤੀ ਹੋਏ ਕਰਮਚਾਰੀ ਉਸ ਤੋਂ ਵੈਸੇ ਭੈਅ ਖਾਂਦੇ ਰਹਿੰਦੇ ਸਨ। ਨਵੇਂ ਆਏ ਕਰਮਚਾਰੀ ਉਸਨੂੰ ਸਾਹਿਬ ਤੱਕ ਗੱਲ ਪਹੁੰਚਾਉਣ ਲਈ ਪੁਲ ਦੇ ਤੌਰ ਤੇ ਵਰਤਦੇ ਸਨ।"

"ਗੱਲ ਤੁਹਾਡੀ ਸੋਲਾਂ ਆਨੇ ਸੱਚ ਏ। ਇਸਦਾ ਮਤਲਬ ਕਿ ਉੱਥੇ ਹਰ ਕੰਮ ਕਰਨ ਦੇ ਨਵੇਂ-ਨਵੇਂ ਤਰੀਕੇ ਈਜਾਦ ਕਰ ਹੀ ਲਏ ਜਾਂਦੇ ਹਨ। ਵਾਰੇ ਜਾਈਏ ਸਿਸਟਮ ਦੇ ਤੇ ਅਕਾਦਮਿਕ ਸਰਪੰਚਾਂ ਦੇ! ਚੰਗਾ ਹੁਣ ਆਪਣੀਆਂ ਕਾਫੀ ਗੱਲਾਂ ਹੋ ਗਈਆਂ। ਸਮਾਂ ਵੀ ਕਾਫੀ ਹੋ ਗਿਆ ਹੈ। ਕੱਲ ਨੂੰ ਵੀ ਆ ਰਹੇ ਹੋ?"

"ਨਹੀਂ ਹੁਣ ਮੈਂ ਤੁਹਾਨੂੰ ਪਰਸੋਂ ਨੂੰ ਮਿਲਾਂਗਾ। ਕੱਲ ਮੇਰੀ ਇੱਕ ਡਾਕਟਰ ਨਾਲ ਅਪਾਇੰਟਮੈਂਟ ਹੈ।"

"ਓ.ਕੇ ਬਹੁਤ ਬਹੁਤ ਧੰਨਵਾਦ, ਵੀਰ ਜੀ।

# ਪੰਜਾਬ ਦੀ ਤਬਾਹੀ ਲਈ ਜ਼ਿੰਮੇਵਾਰ ਕਾਰਕਾਂ ਦੀ ਨਿਸ਼ਾਨਦੇਹੀ ਜ਼ਰੂਰੀ

ਜਦੋਂ ਪੰਜਾਬ ਵਿੱਚ ਕਿਸੇ ਵੀ ਕਿਸਮ ਦੀਆਂ ਚੋਣਾਂ ਆਉਂਦੀਆਂ ਹਨ, ਪੰਜਾਬ ਦੇ ਨੇਤਾ ਪੰਜਾਬ ਦੇ ਮੁੱਦਿਆਂ, ਮਸਲਿਆਂ, ਪੰਜਾਬ ਨਾਲ ਹੋਏ ਵਿਤਕਰਿਆਂ ਦੀ ਗੱਲ ਕਰਦੇ ਹਨ ; ਪਰ ਫਿਰ ਚੁੱਪ ਧਾਰ ਲੈਂਦੇ ਹਨ।

ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦਾ ਮਸਲਾ ਹੋਵੇ, ਭਾਖੜਾ ਨੰਗਲ ਡੈਮ 'ਚੋਂ ਪਾਣੀ ਛੱਡਣ ਦਾ ਮਾਮਲਾ ਹੋਵੇ, ਪੰਜਾਬ ਨੂੰ ਚੰਡੀਗੜ੍ਹ ਸੌਂਪਣ ਦੀ ਗੱਲ ਹੋਵੇ,ਨਸ਼ਿਆਂ ਦੀ ਭਰਮਾਰ, ਨੌਜਵਾਨਾਂ 'ਚ ਵੱਧ ਰਹੀ ਬੇਰੁਜ਼ਗਾਰੀ ਦਾ ਭਖ਼ਦਾ ਮਸਲਾ ਹੋਵੇ,ਕਿਸਾਨਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਗੱਲ ਹੋਵੇ ਜਾਂ ਮਜ਼ਦੂਰਾਂ, ਖੇਤ ਮਜ਼ਦੂਰਾਂ, ਬੇਰੁਜ਼ਗਾਰਾਂ ਲਈ ਰੁਜ਼ਗਾਰ ਜਾਂ ਉਹਨਾਂ ਲਈ ਘੱਟੋ-ਘੱਟ ਮਿਹਨਤਾਨਾ ਦੇਣ ਦਾ ਮਸਲਾ ਹੋਵੇ, ਇਸ ਸੰਬੰਧੀ ਚਰਚਾ,ਬਿਆਨਬਾਜ਼ੀ ਕਰਕੇ ਸਿਆਸੀ ਧਿਰਾਂ ਦੇ ਢੁੱਠਾਂ ਵਾਲੇ ਨੇਤਾ ਆਪਣੇ ਮਨ ਦਾ ਗ਼ੁਬਾਰ ਕੱਢਦੇ ਹਨ,ਇੱਕ-ਦੂਜੇ ਨੂੰ ਨਿੰਦਦੇ ਹਨ ਤੇ ਫਿਰ ਮੂੰਹ ਸੀਉਂ ਲੈਂਦੇ ਹਨ।

ਕੇਂਦਰ ਪੰਜਾਬ ਨਾਲ ਕੋਈ ਧੱਕਾ ਕਰਦਾ ਹੈ,ਆਪਣੀ ਪਾਰਟੀ ਦੇ ਨਿਯਮਾਂ,ਅਸੂਲਾਂ ਅਤੇ ਤਾਕਤ ਦੀ ਪ੍ਰਾਪਤੀ ਦੀ ਬਿੱਲੀ ਝਾਕ 'ਚ ਉਹ ਚੰਗਾ ਜਾਂ ਮਾੜਾ,ਸਿੱਧਾ ਜਾਂ ਵਿੰਗਾ ਬਿਆਨ ਲੋਕਾਂ ਤੋਂ ਚੰਮ ਬਚਾਉਣ ਖਾਤਰ ਦਾਗ ਦਿੰਦੇ ਹਨ ਅਤੇ ਆਪਣੇ-ਆਪ ਨੂੰ ਸੁਰਖ਼ੁਰੂ ਹੋ ਗਿਆ ਮਹਿਸੂਸ ਕਰਦੇ ਹਨ। ਕੀ ਇਹ ਉਹਨਾਂ ਦੀ ਸਾਜ਼ਿਸ਼ੀ ਚੁੱਪੀ ਨਹੀਂ? ਕੀ ਇਹ ਵੋਟਾਂ ਬਟੋਰਨ ਜਾਂ ਕੁਰਸੀ ਹਥਿਆਉਣ ਲਈ ਵਰਤਿਆ ਦਾਅ-ਪੇਚ ਨਹੀਂ?

ਇਹਨਾਂ ਸਾਰੇ ਵਿਤਕਰਿਆਂ,ਮਸਲਿਆਂ ਸੰਬੰਧੀ ਤਾਂ ਉਹ ਕਦੇ-ਕਦੇ ਦਿਲ ਦੀ ਭੜਾਸ ਕੱਢਦੇ ਹਨ,ਪਰ ਉਹ ਕਦੇ ਪੰਜਾਬ ਦੀ ਬਦਲ ਰਹੀ "ਜਨਸੰਖਿਆ ਤਸਵੀਰ", ਪੰਜਾਬ ਦੇ ਸੱਭਿਆਚਾਰ ਨੂੰ ਲੱਗ ਰਹੇ ਠੂੰਗੇ, ਪੰਜਾਬ ਦੀ ਬੋਲੀ ਨੂੰ ਅਣਗੌਲਿਆਂ ਕਰਨ ਅਤੇ ਪੰਜਾਬ ਦੇ ਹੱਕਾਂ ਨੂੰ ਖੋਹੇ ਜਾਣ ਬਾਰੇ ਕੁਝ ਬੋਲਣਾ ਤਾਂ ਦੂਰ ਕੁਸਕਦੇ ਤੱਕ ਨਹੀਂ ਹਨ।

ਸ਼ਹਿਰ ਚੰਡੀਗੜ੍ਹ ਪੰਜਾਬ ਦਾ ਹੈ, ਪੰਜਾਬ ਦੀ ਰਾਜਧਾਨੀ ਹੈ। ਬਿਨਾਂ ਸ਼ੱਕ ਇਹ ਪੰਜਾਬ ਦਾ ਰਹਿਣਾ ਚਾਹੀਦਾ ਹੈ। ਪਰ ਪਿਛਲੇ ਕਈ ਦਹਾਕਿਆਂ ਤੋਂ ਕੀ ਚੰਡੀਗੜ੍ਹ ਦੇ ਪੰਜਾਬ 'ਚ ਰਲੇਂਵੇ ਲਈ ਕਿਸੇ ਧਿਰ ਨੇ ਯਤਨ ਕੀਤਾ? ਚੰਡੀਗੜ੍ਹ, ਪੰਜਾਬ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਹੈ।

ਇਹ ਸਾਰੇ ਪਿੰਡ ਪੰਜਾਬੀ ਬੋਲਦੇ ਪਿੰਡ ਸਨ। ਪਿੰਡਾਂ ਦੇ ਲੋਕਾਂ ਦੀ ਜਮੀਨ ਹਥਿਆਈ ਗਈ। ਉਹਨਾਂ ਦੇ ਉਜਾੜੇ ਉਪਰੰਤ, ਉਹਨਾਂ ਦੇ ਮੁੜ-ਵਸੇਬੇ ਲਈ ਕਿੰਨੇ ਕੁ ਉਪਰਾਲੇ ਹੋਏ?

ਸਿਤਮ ਦੇਖੋ! ਪਿਛਲੇ ਦਿਨੀ ਪੰਜਾਬ ਦੇ ਇਤਿਹਾਸ, ਸਭਿਆਚਾਰਕ ਅਤੇ ਸੰਵਿਧਾਨਿਕ ਵਿਰਾਸਤ ਦੀ ਪ੍ਰਤੀਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਨਾਮ ਬਦਲਣ ਲਈ ਤੇ ਨਾਮ ਪੰਜਾਬ ਅਤੇ ਹਰਿਆਣਾ ਯੂਨੀਵਰਸਿਟੀ ਚੰਡੀਗੜ੍ਹ ਰੱਖਣ ਦੀ ਮੰਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਯੂਨੀਅਨ ਦੇ ਪ੍ਰਧਾਨ ਵੱਲੋਂ ਰੱਖ ਦਿੱਤੀ ਗਈ। ਕਿਸ ਦੇ ਇਸ਼ਾਰੇ 'ਤੇ? ਸੂਝਵਾਨ ਵਿਦਿਆਰਥੀਆਂ ਦੇ ਦਬਾਅ 'ਚ ਇਹ ਮੰਗ ਵਾਪਸ ਲੈਣੀ ਪਈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਦੀ ਹਰ ਚੀਜ਼ ਹਥਿਆਉਣ ਅਤੇ ਪੰਜਾਬ ਨੂੰ ਬੇਰੰਗ ਕਰਨ ਦੀ ਸਾਜ਼ਿਸ਼ ਕਿੱਥੋਂ ਘੜੀ ਜਾ ਰਹੀ ਹੈ?

ਪੰਜਾਬ ਵਿੱਚ ਵੱਡੀ ਗਿਣਤੀ 'ਚ ਯੂ.ਪੀ.,ਐੱਮ.ਪੀ.,ਬਿਹਾਰ ਅਤੇ ਜੰਮੂ ਕਸ਼ਮੀਰ ਤੋਂ ਲੋਕ ਮਜ਼ਦੂਰੀ ਲਈ ਆਉਂਦੇ ਹਨ। ਇਹ ਪੰਜਾਬ ਦੇ ਖੇਤੀ ਅਤੇ ਇੰਡਸਟਰੀ ਖੇਤਰ ਦੀ ਲੋੜ ਵੀ ਹੈ ,ਪਰ ਜਿਸ ਢੰਗ ਨਾਲ ਉਹਨਾਂ ਵੱਲੋਂ ਕਰੋੜਾਂ ਰੁਪਏ,ਪੰਜਾਬ ਤੋਂ ਬਾਹਰ ਆਪਣੇ ਰਾਜਾਂ ਨੂੰ, ਆਪਣੇ ਘਰਾਂ ਨੂੰ ਭੇਜੇ ਜਾ ਰਹੇ ਹਨ, ਪੰਜਾਬ 'ਚ ਆਧਾਰ ਕਾਰਡ ਬਣਾ ਕੇ, ਇੱਥੇ ਹੀ ਜ਼ਮੀਨਾਂ ਜਾਂ ਰਿਹਾਇਸ਼ੀ ਪ੍ਰਾਪਰਟੀ ਖਰੀਦ ਕੇ ਪੱਕਾ ਵਸੇਬਾ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੇ ਸੱਭਿਆਚਾਰ ਨੂੰ ਬੇਰੰਗ ਕੀਤਾ ਜਾ ਰਿਹਾ ਹੈ ; ਕੀ ਇਸ ਪਿੱਛੇ ਕੋਈ ਖ਼ਾਸ ਮੰਤਵ ਨਹੀਂ ਹੈ?

ਇਹਨਾਂ ਪ੍ਰਵਾਸੀ ਮਜ਼ਦੂਰਾਂ ਵਿੱਚ ਕਈ ਇਹੋ-ਜਿਹੇ ਹਨ, ਜਿਹੜੇ ਅਪਰਾਧ ਕਰਕੇ ਆਪਣੇ ਸੂਬਿਆਂ ਤੋਂ ਭੱਜਦੇ ਹਨ। ਪਰ ਉਹਨਾਂ ਨੂੰ ਇੱਥੇ ਖੇਤਾਂ, ਕਾਰਖਾਨਿਆਂ ਅਤੇ ਮਜ਼ਦੂਰ ਬਸਤੀਆਂ 'ਚ ਸੁਰੱਖਿਆ ਮਿਲਦੀ ਹੈ। ਸਿੱਟਾ ਪੰਜਾਬ 'ਚ ਜੁਰਮ ਗ੍ਰਾਫ਼ ਵੱਧਦਾ ਹੈ।

ਕੀ ਪੰਜਾਬ ਦੀ ਕਿਸੇ ਸਿਆਸੀ ਧਿਰ ਨੇ ਪੰਜਾਬ 'ਚ ਬਾਹਰੋਂ ਆਏ ਲੋਕਾਂ ਨੂੰ ਪੱਕੀ ਰਿਹਾਇਸ਼ ਦੇਣ ,ਪਲਾਟ ਜਾਂ ਜਾਇਦਾਦ ਖਰੀਦਣ ਉੱਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ ਜਾਂ ਇਸ ਸਥਿਤੀ 'ਤੇ ਕਦੇ ਵਿਚਾਰ ਕੀਤਾ ਹੈ ਕਿ ਪੰਜਾਬੀ ਪੰਜਾਬੋਂ ਪ੍ਰਵਾਸ ਕਰ ਜਾਣਗੇ ਤੇ ਬਾਹਰਲੇ ਸੂਬਿਆਂ ਦੇ ਲੋਕ ਇੱਥੇ ਆ ਕੇ ਪੱਕਾ ਵਸੇਬਾ ਕਰਕੇ, ਪੰਜਾਬ ਦੇ ਸੱਭਿਆਚਾਰ ਅਤੇ ਬੋਲੀ ਉੱਤੇ ਵੱਡਾ ਹਮਲਾ ਕਰਨਗੇ।




ਕੀ ਕਦੇ ਪੰਜਾਬ ਦੀ ਕਿਸੇ ਸਿਆਸੀ ਧਿਰ ਨੇ ਪੰਜਾਬ 'ਚ ਸਰਕਾਰੀ ਨੌਕਰੀਆਂ ਜਾਂ ਵੱਡੇ ਉਦਯੋਗਾਂ 'ਚ ਪੰਜਾਬੀ ਨੌਜਵਾਨਾਂ ਲਈ 100 ਫੀਸਦੀ ਨੌਕਰੀਆਂ ਦੇਣ ਦੀ ਗੱਲ ਕੀਤੀ ਹੈ?

ਹੈਰਾਨੀ ਤਾਂ ਇਹ ਵੀ ਹੈ ਕਿ ਮੌਜੂਦਾ ਸਰਕਾਰ ਵੱਲੋਂ ਵੱਡੇ ਸਰਕਾਰੀ ਅਹੁਦੇ ਪੰਜਾਬੋਂ ਬਾਹਰ ਦੇ "ਬੁੱਧੀਮਾਨ", "ਸਿਆਣੇ" ਲੋਕਾਂ ਨੂੰ ਬਖ਼ਸ਼ੇ ਜਾ ਰਹੇ ਹਨ, ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਦੇ ਚੇਅਰਮੈਨ ਦਾ ਅਹੁਦਾ,ਪੰਜਾਬ ਹਿਊਮਨ ਰਾਈਟਸ ਕਮਿਸ਼ਨ ਦੇ ਚੇਅਰਮੈਨ ਦੇ ਅਹੁਦੇ ਸਮੇਤ ਕਈ ਹੋਰ ਅਹੁਦੇ ਬਾਹਰਲਿਆਂ ਨੂੰ ਬਖ਼ਸ਼ੇ ਗਏ। ਇਥੋਂ ਤੱਕ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਦਾ ਅਹੁਦਾ ਵੀ। ਕੀ ਪੰਜਾਬ 'ਚ "ਬੁੱਧੀਮਾਨ, ਸਿਆਣੇ, ਚਿੰਤਕ , ਮਾਹਰ " ਮੁੱਕ ਗਏ ਹਨ ? ਕੀ ਸੱਚਮੁੱਚ ਉਹ ਸਿਆਣੇ ਨਹੀਂ ,ਨਿਤਾਣੇ ਹੋ ਗਏ ਹਨ? ਉਹ ਸੱਚ-ਹੱਕ ਖਾਤਰ ਬੋਲਣੋ ਵੀ ਰਹਿ ਗਏ ਹਨ? ਪੰਜਾਬ ਹਿਤੈਸ਼ੀ ਬਹੁਤੀਆਂ ਸੰਸਥਾਵਾਂ ਬਣੀਆਂ ਹਨ, ਬਹੁਤ ਬਣ ਵੀ ਰਹੀਆਂ ਹਨ : ਚੇਤਨਾ ਮੰਚ, ਚਿੰਤਕ ਮੰਚ, ਜਾਗ੍ਰਿਤੀ ਮੰਚ, ਲੇਖਕ ਮੰਚ, ਮਨੁੱਖੀ ਅਧਿਕਾਰ ਮੰਚ ਤੇ ਪਤਾ ਨਹੀਂ ਕਿੰਨੇ ਹੋਰ? ਪਰ ਲਗਭਗ ਸਭ ਖ਼ਬਰਾਂ ਤੱਕ ਹੀ ਸੀਮਤ ਹਨ। ਸਾਂਝਾ ਪਲੇਟਫ਼ਾਰਮ ਉਸ ਹਾਲਤ ਵਿੱਚ ਪੰਜਾਬ 'ਚ ਕਿਉਂ ਨਹੀਂ ਉਸਾਰਿਆ ਜਾ ਰਿਹਾ,ਜਦੋਂ ਪੰਜਾਬ ਲੁੱਟਿਆ, ਕੁੱਟਿਆ ਅਤੇ ਤਬਾਹ ਕੀਤਾ ਜਾ ਰਿਹਾ ਹੈ! ਕੀ ਅਸਲ ਵਿੱਚ ਹੀ ਪੰਜਾਬ, ਸਿਆਣੇ ਲੋਕਾਂ ਤੋਂ ਵਾਂਝਾ ਹੋ ਗਿਆ ਹੈ ?

ਪੰਜਾਬ ' ਚ ਛੁੱਟੀਆਂ 'ਚ ਸਮਰ - ਕੈਂਪ ਦੌਰਾਨ ਤੇਲਗੂ ਭਾਸ਼ਾ ਦੀ ਆਨਲਾਈਨ ਪੜ੍ਹਾਈ ਲਾਗੂ ਕਰਨ ਪਿੱਛੇ ਕੀ ਮਨਸ਼ਾ ਹੈ? ਕੀ ਇਹ ਕੇਂਦਰ ਵੱਲੋਂ ਆਪਣੇ ਆੜੀ ਚੰਦਰ ਬਾਬੂ ਨਾਇਡੂ ਨੂੰ ਖ਼ੁਸ਼ ਕਰਨ ਦੀ ਤਰਕੀਬ ਤਾਂ ਨਹੀਂ ?

ਹਾਲਾਂਕਿ ਇਹ ਵੀ ਕਿਹਾ ਜਾ ਰਿਹਾ ਹੈ ਕਿ ਖੇਤਰੀ ਭਾਸ਼ਾਵਾਂ ਨੂੰ ਪੂਰੇ ਦੇਸ਼ 'ਚ ਵਾਰੋ-ਵਾਰੀ ਸਿਰ ਪੜ੍ਹਾਇਆ ਜਾਏਗਾ। ਕੀ ਪੰਜਾਬ ਦੀ ਸਰਕਾਰ ਨੇ ਕੇਂਦਰ ਸਰਕਾਰ ਤੋਂ ਪੁੱਛਿਆ ਹੈ ਕਿ ਖੇਤਰੀ ਭਾਸ਼ਾ ਪੰਜਾਬੀ ਕਿਹੜੇ ਸੂਬੇ, 'ਚ ਕਦੋਂ ਪੜ੍ਹਾਈ ਜਾਣੀ ਹੈ? ਜਾਂ ਕਦੇ ਸੋਚਿਆ ਹੈ ਕਿ ਆਪਣੇ ਸੂਬੇ ਵਿੱਚ ਪੰਜਾਬੀ ਨਾਲ ਵਿਤਕਰਾ ਕਰਨ ਵਾਲੇ,ਪੰਜਾਬੀ ਬੋਲਣ 'ਤੇ ਵਿਦਿਆਰਥੀਆਂ ਨੂੰ ਸਜ਼ਾਵਾਂ ਦੇਣ ਵਾਲੇ ਪਬਲਿਕ ਸਕੂਲਾਂ ਅਤੇ ਅੰਗਰੇਜ਼ੀ ਨੂੰ ਉਤਸ਼ਾਹਿਤ ਕਰਨ ਵਾਲੇ ਆਪਣੀ ਮਾਂ - ਬੋਲੀ ਪੰਜਾਬੀ ਦੇ ਵੈਰੀਆਂ ਨਾਲ ਕਿਵੇਂ ਨਜਿੱਠਣਾ ਹੈ? ਬਣਦਾ ਤਾਂ ਇਹ ਹੈ ਕਿ ਪੰਜਾਬ, ਆਪਣੀ ਮਾਂ - ਬੋਲੀ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਖਾਤਰ ਦੱਖਣੀ ਰਾਜਾਂ ਵਾਂਗਰ ਨਵੀਂ ਸਿੱਖਿਆ ਨੀਤੀ ਨੂੰ ਰੱਦ ਕਰੇ ਜਦ ਕਿ ਪੰਜਾਬ ਦਾ ਬੁੱਧੀਜੀਵੀ ਵਰਗ, ਇਸ ਗੱਲ ਦੀ ਮੰਗ ਲਗਾਤਾਰ ਕਰ ਰਿਹਾ ਹੈ ਤਾਂ ਫਿਰ ਕੇਂਦਰ ਦੀ ਇਸ ਨੀਤੀ ਨੂੰ ਪਿਛਲੇ ਦਰਵਾਜਿਓਂ ਲਾਗੂ ਕਰਨ ਦੀ ਇਹ ਪੰਜਾਬ ਸਰਕਾਰ ਦੀ ਕੋਈ ਯੋਜਨਾ ਹੈ?

ਲੇਖਕਾਂ ਨੂੰ ਛੱਡ ਕੇ ਕੀ ਬਾਕੀ ਪੜ੍ਹੇ-ਲਿਖੇ ਪੰਜਾਬੀਆਂ ਦੀ ਬੋਲੀ ਪੰਜਾਬੀ ਹੈ? ਅੱਠਵੀਂ,ਦਸਵੀਂ ਦੀਆਂ ਬੋਰਡ ਪ੍ਰੀਖਿਆਵਾਂ 'ਚ ਕਾਫ਼ੀ ਵਿਦਿਆਰਥੀ ਪੰਜਾਬੀ ਵਿਸ਼ੇ 'ਚੋਂ ਫੇਲ੍ਹ ਹੋਏ ਹਨ।ਕਾਰਨ? ਪੰਜਾਬੀ ਅਧਿਆਪਕਾਂ ਦੀ ਸਕੂਲਾਂ 'ਚ ਕਮੀ ਹੈ। ਕਈ ਮਿਡਲ ਸਕੂਲ ਇਹੋ-ਜਿਹੇ ਹਨ,ਜਿੱਥੇ ਛੇਵੀਂ ਤੋਂ ਅੱਠਵੀਂ ਤੱਕ ਜਮਾਤਾਂ ਨੂੰ ਪੜ੍ਹਾਉਣ ਲਈ ਸਿਰਫ਼ ਇੱਕ ਅਧਿਆਪਕ ਹੈ , ਸਾਇੰਸ ਜਾਂ ਅੰਗਰੇਜ਼ੀ ਦਾ। ਪਰ ਪੰਜਾਬੀ ਅਧਿਆਪਕ ਹੈ ਹੀ ਨਹੀਂ। ਕੀ ਇਹ ਮਾਂ- ਬੋਲੀ ਨਾਲ ਵਿਤਕਰਾ ਨਹੀਂ? ਪੰਜਾਬ ਭਾਸ਼ਾ ਦੇ ਆਧਾਰ 'ਤੇ ਬਣਿਆ ਪੰਜਾਬੀ ਸੂਬਾ ਹੈ। ਇੱਥੇ ਹਰ ਸਕੂਲ 'ਚ ਪੰਜਾਬੀ ਭਾਸ਼ਾ ਅਧਿਆਪਕ ਕਿਉਂ ਨਹੀਂ? ਕਿਉਂ ਨਹੀਂ ਦਫ਼ਤਰਾਂ 'ਚ ਸਿਰਫ਼ ਪੰਜਾਬੀ ਬੋਲੀ ਦੀ ਵਰਤੋਂ ਕੀਤੀ ਜਾਂਦੀ? ਕਿਉਂ ਨਹੀਂ ਅਦਾਲਤਾਂ 'ਚ ਪੰਜਾਬੀ ਬੋਲੀ ਲਾਗੂ ਕੀਤੀ ਜਾਂਦੀ? ਜਦ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਹੇਠਲੀਆਂ ਅਦਾਲਤਾਂ 'ਚ ਪੰਜਾਬੀ ਬੋਲੀ ਲਾਗੂ ਕਰਨ ਲਈ 117 ਪੰਜਾਬੀ ਸਟੈਨੋਗ੍ਰਾਫ਼ਰਾਂ ਦੀਆਂ ਪੋਸਟਾਂ ਮੰਗੀਆਂ ਗਈਆਂ। ਉਹ ਕਿਸੇ ਸਰਕਾਰ ਵੱਲੋਂ ਕਿਉਂ ਨਹੀਂ ਦਿੱਤੀਆਂ ਗਈਆਂ ?ਕਿਸ ਦੇ ਪ੍ਰਭਾਵ ਨਾਲ ਇਹ ਹੋ ਰਿਹਾ ਹੈ? ਸ਼੍ਰੋਮਣੀ ਅਕਾਲੀ ਦਲ(ਬ), ਅਕਾਲੀ -ਭਾਜਪਾ ਦੀ ਰਾਸ਼ਟਰੀ ਸਰਕਾਰ ਦਾ ਹਿੱਸਾ ਰਿਹਾ। ਇਲਾਕਾਈ ਪਾਰਟੀ ਦੀ ਤਰਜਮਾਨੀ ਕਰਦਾ ਰਿਹਾ। ਪਰ ਉਹ ਸਦਾ ਹੀ ਚੰਡੀਗੜ੍ਹ ਪੰਜਾਬ ਲਈ ਲੈਣ ਤੇ ਪੰਜਾਬ ਨਾਲ ਹੋਏ ਵਿਤਕਰਿਆਂ ਸੰਬੰਧੀ ਅਵਾਜ਼ ਉਠਾਉਣ ਲਈ, ਪੰਜਾਬੀਆਂ ਦੀ ਆਵਾਜ਼ ਕਿਉਂ ਨਹੀਂ ਬਣਿਆ?

ਪੰਜਾਬ ਵਿੱਚੋਂ ਪੰਜਾਬੀ ਨੂੰ ਪਾਸੇ ਕਰਨ ਲਈ ਕਦੇ ਵੀ ਕੋਈ ਮੌਕਾ ਨਹੀਂ ਜਾਣ ਦਿੱਤਾ ਜਾਂਦਾ। ਕਦੇ ਪੰਜਾਬੀ ਯੂਨੀਵਰਸਿਟੀ ,ਜਿਸ ਦੀ ਸਥਾਪਨਾ ਪੰਜਾਬੀ ਪ੍ਰਫੁੱਲਤ ਕਰਨ ਲਈ ਕੀਤੀ ਗਈ ,ਉੱਥੇ ਲਾਜ਼ਮੀ ਪੰਜਾਬੀ ਗ੍ਰੈਜੂਏਟ ਕੋਰਸਾਂ 'ਚ ਹਟਾਏ ਜਾਣ ਦਾ ਯਤਨ ਹੁੰਦਾ ਹੈ, ਕਦੇ ਦੂਰਦਰਸ਼ਨ ਜਲੰਧਰ 'ਚ ਪੰਜਾਬੀ ਪ੍ਰੋਗਰਾਮਾਂ ਨੂੰ ਪਿੱਛੇ ਸੁੱਟਿਆ ਜਾਂਦਾ ਹੈ। ਦੂਰਦਰਸ਼ਨ ਜਲੰਧਰ, ਜੋ ਪੰਜਾਬ ਦੀ ਬੋਲੀ ਪੰਜਾਬੀ, ਪੰਜਾਬ ਦੇ ਸੱਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਣਾਇਆ ਗਿਆ ਸੀ,ਅੱਜ ਇਸ ਨੂੰ ਗ੍ਰਹਿਣ ਲੱਗਿਆ ਹੋਇਆ ਹੈ । ਪ੍ਰੋਗਰਾਮ ਅਫ਼ਸਰਾਂ ਦੀ ਘਾਟ ਹੈ। ਨਵੇਂ ਪ੍ਰੋਗਰਾਮ ਨਹੀਂ ਬਣ ਰਹੇ। ਬਸ ਡੰਗ -ਟਪਾਊ ਕੰਮ ਹੋ ਰਿਹਾ ਹੈ। ਇਹੋ ਹਾਲ ਜਲੰਧਰ ਰੇਡੀਓ ਆਕਾਸ਼ਵਾਣੀ ਦਾ ਹੈ, ਜੋ ਕਦੇ ਪੰਜਾਬੀਆਂ ਦੀ ਜਾਨ ਹੋਇਆ ਕਰਦਾ ਸੀ। ਕੀ ਕਦੇ ਕਿਸੇ ਪੰਜਾਬ ਸਰਕਾਰ ਨੇ ਇਸਦਾ ਨੋਟਿਸ ਲਿਆ।

ਇਹ ਤਾਂ ਕੁਝ ਉਹ ਗੱਲਾਂ ਹਨ, ਜੋ ਵੱਡੀ ਚਿੰਤਾ ਅਤੇ ਚਿੰਤਨ ਦੀਆਂ ਹਨ। ਪਰ ਪੰਜਾਬ ਦੇ ਪਿੰਡਾਂ ਦੀ ਅਸਲ ਦਿੱਖ ਬਦਲ ਗਈ ਹੈ। ਪੰਜਾਬ ਦੇ ਪਿੰਡਾਂ 'ਚੋਂ "ਸੱਥ" ਗਾਇਬ ਹੋ ਗਈ ਹੈ। ਆਪਸੀ ਮੇਲ- ਮਿਲਾਪ, ਭਾਈਚਾਰਾ ਖਤਮ ਹੋ ਗਿਆ ਹੈ ਜਾਂ ਸਿਆਸਤਦਾਨਾਂ ਨੇ ਪੰਚਾਇਤੀ ਧੜੇਬੰਦੀਆਂ ਵੱਡੀਆਂ ਕਰਕੇ ਨਿਪਟਾ ਦਿੱਤਾ ਹੈ। ਉਂਞ ਵੀ ਵੱਡੀ ਗਿਣਤੀ ਲੋਕ ਪਿੰਡ ਛੱਡ ਕੇ ਵਿਦੇਸ਼ਾਂ ਵੱਲ ਚਾਲੇ ਪਾ ਰਹੇ ਹਨ ਜਾਂ ਸ਼ਹਿਰਾਂ ਵੱਲ ਵਹੀਰਾਂ ਘੱਤ ਰਹੇ ਹਨ। ਹਾਲਾਤ ਇਹ ਹਨ ਕਿ ਪਿੰਡਾਂ ਦੇ ਸਰਕਾਰੀ ਸਕੂਲਾਂ 'ਚ ਨਵੀਆਂ ਗਠਿਤ ਕੀਤੀਆਂ ਜਾ ਰਹੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਲਈ ਸਥਾਨਕ ਲੋਕਾਂ ਵਿਚੋਂ ਚੁਣੇ ਜਾਣ ਲਈ 12 ਪੰਜਾਬੀ ਨੁਮਾਇੰਦੇ ਵੀ ਨਹੀਂ ਮਿਲ ਰਹੇ। ਪਰਵਾਸੀ ਬੱਚਿਆਂ ਦੇ ਮਾਪੇ ਪ੍ਰਬੰਧ 'ਚ "ਭਰਤੀ" ਕਰਨ ਵਜੋਂ ਸ਼ਾਮਲ ਕੀਤੇ ਜਾ ਰਹੇ ਹਨ। ਇਹ ਇੱਕ ਇਹੋ-ਜਿਹਾ ਸੰਕੇਤ ਹੈ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਫਗਵਾੜਾ ਸ਼ਹਿਰ ਦੇ ਇਕ ਲਾਗਲੇ ਪਿੰਡ ' ਸਰਕਾਰੀ ਮਿਡਲ ਸਕੂਲ ਹੈ ,ਜਿੱਥੇ ਵਿਦਿਆਰਥੀਆਂ ਦੀ ਗਿਣਤੀ 70 ਹੈ । ਇਕ ਸਾਇੰਸ ਅਧਿਆਪਕ ਹੈ । ਸਮਾਜਿਕ ਸਿੱਖਿਆ, ਪੰਜਾਬੀ, ਹਿੰਦੀ ,ਪੀ.ਟੀ.ਆਈ. ,ਆਰਟ ਕਰਾਫ਼ਟ ਦੀਆਂ ਪੋਸਟਾਂ ਖਾਲੀ ਹਨ। 70 ਵਿਦਿਆਰਥੀਆਂ ਵਿੱਚੋਂ 64 ਬੱਚੇ ਪਰਵਾਸੀ ਅਤੇ 6 ਸਥਾਨਕ ਲੋਕਾਂ ਦੇ ਹਨ, 6 ਪੰਜਾਬੀਆਂ ਵਿੱਚੋਂ ਪ੍ਰਬੰਧਕ ਕਮੇਟੀ ਲਈ 12 ਮਾਪੇ ਕਿੱਥੋਂ ਲੱਭਣ ? ਜਦੋਂ ਪਰਵਾਸੀ ਬੱਚੇ ਅਤੇ ਉਹਨਾਂ ਦੇ ਮਾਪੇ ਸਾਲ 'ਚ ਦੋ-ਤਿੰਨ ਵਾਰ ਆਪੋ - ਆਪਣੇ ਸੂਬੇ 'ਚ ਦੋ ਜਾਂ ਤਿੰਨ ਮਹੀਨਿਆਂ ਲਈ ਬੱਚਿਆਂ ਸਮੇਤ ਚਲੇ ਜਾਂਦੇ ਹਨ, ਉਦੋਂ ਸਕੂਲ ਦੀਆਂ ਇਹਨਾਂ ਪ੍ਰਬੰਧਕ ਕਮੇਟੀਆਂ ਦਾ ਪ੍ਰਬੰਧ ਸਰਕਾਰੀ ਨਿਯਮਾਂ ਅਨੁਸਾਰ ਕਿਵੇਂ ਚਲਾਇਆ ਜਾ ਸਕਦਾ ਹੈ?

ਪਿੰਡਾਂ ਦੀ ਹਾਲਤ ਸਮਾਜਿਕ ਤੌਰ 'ਤੇ ਵੀ ਪੁੱਠੇ ਗੇੜ 'ਚ ਹੈ। ਰਿਸ਼ਤੇਦਾਰੀਆਂ, ਸੁੰਗੜ ਚੁੱਕੀਆਂ ਹਨ। ਬੱਚਿਆਂ, ਵਿਦਿਆਰਥੀਆਂ, ਨੌਜਵਾਨਾਂ ਉੱਤੇ ਆਪਣੀ ਮਾਂ-ਬੋਲੀ ਨਾਲੋਂ ਅੰਗਰੇਜ਼ੀ ਸਿੱਖਣ ਦਾ ਸ਼ੌਕ ਵਧਿਆ ਹੋਇਆ ਹੈ, ਕਿਉਂਕਿ ਉਹ ਆਇਲਟਸ ਪਾਸ ਕਰ ਕੇ, ਪਾਸਪੋਰਟ ਬਣਾ ਕੇ , ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਇਹ ਰੁਝਾਨ ਕੁਝ ਸਮਾਂ ਭਾਵੇਂ ਘਟਿਆ, ਪਰ ਨਿਰੰਤਰ ਜਾਰੀ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ, ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ ਵਿੱਚ ਵੱਡੀ ਪੱਧਰ 'ਤੇ ਦੂਜੇ ਸੂਬਿਆਂ ਦੇ ਵਿਦਿਆਰਥੀ, ਪੰਜਾਬੀਆਂ ਨਾਲੋਂ ਵੱਧ ਗਿਣਤੀ 'ਚ ਦਾਖਲਾ ਲੈਂਦੇ ਹਨ,ਉਹ ਵੀ ਖ਼ਾਸ ਕਰਕੇ ਪ੍ਰੋਫੈਸ਼ਨਲ ਕੋਰਸਾਂ ਵਿੱਚ।

ਇਹੋ ਜਿਹੀ ਸਥਿਤੀ ਵਿੱਚ ਪੰਜਾਬ ਦਾ ਭਵਿੱਖ ਆਖਰ ਹੈ ਕੀ ? ਕੌਣ ਫੜੇਗਾ ਪੰਜਾਬ ਦੀ ਬਾਂਹ ? ਜਦੋਂ ਕਿ ਸਿਆਸਤਦਾਨ, ਸਮਾਜ ਸੇਵਾ ਛੱਡ ਚੁੱਕੇ ਹਨ। ਉਹਨਾਂ ਦਾ ਕਾਰੋਬਾਰ ਵੋਟ ਹਥਿਆਉਣਾ ਹੈ।

ਪੰਜਾਬ ਦਾ ਖੇਤੀ ਖੇਤਰ ਸੰਕਟ 'ਚ ਹੈ। ਵੱਡੀਆਂ ਹਾਈਵੇ ਸੜਕਾਂ ਬਣਾ ਕੇ ਪੰਜਾਬ ਦੀ ਵਾਹੀਯੋਗ ਜ਼ਮੀਨ, ਸਰਕਾਰੀ ਕਬਜ਼ੇ 'ਚ ਨਹੀਂ, ਕਾਰਪੋਰੇਟੀ ਕਬਜ਼ੇ 'ਚ ਕੀਤੀ ਜਾ ਰਹੀ ਹੈ ,ਕਿਉਂਕਿ ਇਹ ਸਿਰਫ਼ ਨਿੱਜੀ ਅਤੇ ਵਪਾਰਕ ਹਿੱਤਾਂ ਲਈ ਵਰਤੀ ਜਾਣੀ ਹੈ। ਫਿਰ ਪੰਜਾਬ ਦਾ ਕਿਸਾਨ ਕਿੱਥੇ ਜਾਏਗਾ? ਕੀ ਮਜ਼ਦੂਰ ਉਹ ਮਜ਼ਦੂਰ ਬਣੇਗਾ? ਇਹਨਾਂ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਦੇ ਮਾਲਜ਼ ਵਿੱਚ ਕੰਮ ਕਰੇਗਾ? ਕਾਰਖਾਨਿਆਂ 'ਚ ਮਜ਼ਦੂਰੀ ਕਰੇਗਾ ? ਜਿੱਥੇ ਪਹਿਲਾਂ ਹੀ ਵੱਡੀ ਬੇਰੁਜ਼ਗਾਰੀ ਹੈ। ਖੇਤ ਮਜ਼ਦੂਰ ਕਿੱਥੇ ਰੁਲੇਗਾ ?

ਪੰਜਾਬ ਦੀ ਤਬਾਹੀ ਲਈ ਜ਼ਿੰਮੇਵਾਰ ਸਾਰੇ ਕਾਰਕਾਂ ਦੀ ਨਿਸ਼ਾਨਦੇਹੀ ਸਮੇਂ ਦੀ ਮੰਗ ਹੈ। ਇਹ ਕਾਰਕ ਪੰਜਾਬ ਨੂੰ ਪੰਜਾਬ ਨਹੀਂ ਰਹਿਣ ਦੇਣਗੇ ਇਹ ਕਾਰਕ ਸਿਆਸੀ ਹਵਸ ਕਾਰਨ, ਹੋਰ ਵੀ ਵੱਧ ਫੁੱਲ ਰਹੇ ਹਨ ਅਤੇ ਤੇਜ਼ੀ ਨਾਲ ਪਨਪ ਰਹੇ ਹਨ। ਪੰਜਾਬ ਦੀ ਬੋਲੀ ਪੰਜਾਬ 'ਚ ਵਧਣ ਦੀ ਥਾਂ ਘਰਾਂ,ਕਾਰੋਬਾਰਾਂ, ਸਰਕਾਰੀ ਦਫ਼ਤਰਾਂ 'ਚ ਛੁਟਿਆਈ ਜਾ ਰਹੀ ਹੈ। ਪੰਜਾਬ ਦਾ ਸੱਭਿਆਚਾਰ ਗਿੱਧੇ, ਭੰਗੜੇ ਤੇ ਗਾਣਿਆਂ ਤੱਕ ਸੀਮਤ ਕਰਨ ਦੀ ਸਾਜ਼ਿਸ਼ ਰਚੀ ਜਾ ਚੁੱਕੀ ਹੈ। ਪੰਜਾਬ ਨੂੰ ਰਾਜਧਾਨੀ ਰਹਿਤ, ਪਾਣੀਆਂ ਰਹਿਤ, ਵਾਹੀਯੋਗ ਜ਼ਮੀਨ ਰਹਿਤ, ਬੇਰੁਜ਼ਗਾਰੀ ਭਰਪੂਰ ਬਣਾਉਣ ਲਈ ਸਾਜ਼ਿਸ਼ਨ ਟਿੱਲ ਲਾਇਆ ਜਾ ਚੁੱਕਾ ਹੈ।

ਹਰਿਆ-ਭਰਿਆ ਪੰਜਾਬ ਮਧੋਲਿਆ ਜਾ ਚੁੱਕਾ ਹੈ। ਜਵਾਨੀ ਨੂੰ ਨਸ਼ਿਆਂ ਅਤੇ ਬੇਰੁਜ਼ਗਾਰੀ ਦੀ ਸਿਓਂਕ ਖਾ ਰਹੀ ਹੈ। ਆਓ ਸ਼ਨਾਖਤ ਕਰੀਏ! ਉਹਨਾਂ ਲੋਕਾਂ ਦੀ ਜੋ ਪੰਜਾਬ ਨੂੰ ਲੋੜ ਵੇਲੇ ਵਰਤਦੇ ਹਨ ਅਤੇ ਫਿਰ ਭੁੱਲ ਜਾਂਦੇ ਹਨ ਕਿ ਇਹ ਉਹੀ ਪੰਜਾਬੀ ਲੋਕ ਨੇ ਜੋ ਸਰਹੱਦਾਂ 'ਤੇ ਦੇਸ ਦੀ ਰਾਖੀ ਕਰਦੇ ਹਨ। ਪੂਰੇ ਦੇਸ ਨੂੰ ਵੱਧ ਤੋਂ ਵੱਧ ਅੰਨ ਮੁਹੱਈਆ ਕਰਵਾਉਂਦੇ ਹਨ ਅਤੇ ਆਪ ਸ਼ਤੀਰਾਂ - ਲਟੈਣਾਂ ਨੂੰ ਜੱਫੇ ਪਾ ਕੇ ਦੇਸ ਨੂੰ ਭੁੱਖ ਤੋਂ ਕੋਹਾਂ ਦੂਰ ਰੱਖਦੇ ਹਨ।

ਗੁਰਮੀਤ ਸਿੰਘ ਪਲਾਹੀ

# ਆਰਥਿਕਤਾ ਦਾ ਆਕਾਰ ਅਤੇ ਇਸ ਦੇ ਅਰਥ

ਭਾਰਤ ਦਾ ਕੁੱਲ ਘਰੇਲੂ ਉਤਪਾਦਨ (ਜੀਡੀਪੀ- ਕੁੱਲ ਵਸਤੂਆਂ ਦੇ ਉਤਪਾਦਨ ਅਤੇ ਸੇਵਾਵਾਂ ਦਾ ਮੁੱਲ) ਲਗਾਤਾਰ ਵਧ ਰਿਹਾ ਹੈ। ਰਿਪੋਰਟਾਂ ਇਹ ਵੀ ਹਨ ਕਿ ਭਾਰਤ ਦਾ ਕੁੱਲ ਘਰੇਲੂ ਉਤਪਾਦਨ ਜਪਾਨ ਦੇ ਕੁੱਲ ਘਰੇਲੂ ਉਤਪਾਦਨ ਤੋਂ ਜ਼ਿਆਦਾ ਹੋ ਗਿਆ ਹੈ ਜਾਂ ਛੇਤੀ ਹੀ ਜਿਆਦਾ ਹੋ ਜਾਵੇਗਾ। ਆਰਥਿਕਤਾ ਦੇ ਆਕਾਰ ਦੇ ਪੱਖ ਤੋਂ ਅਮਰੀਕਾ, ਚੀਨ ਅਤੇ ਜਰਮਨੀ ਸਭ ਤੋਂ ਅੱਗੇ ਹਨ। ਇਸ ਤੋਂ ਬਾਅਦ ਜਪਾਨ ਅਤੇ ਭਾਰਤ ਦਾ ਨੰਬਰ ਹੈ। ਭਾਰਤ ਨੇ ਥੋੜ੍ਹਾ ਚਿਰ ਪਹਿਲਾਂ ਹੀ ਇੰਗਲੈਂਡ ਵਾਲੀ ਪੰਜਵੀਂ ਵੱਡੀ ਆਰਥਿਕਤਾ ਦੀ ਥਾਂ ਲਈ ਸੀ। ਇਹ ਵੀ ਸੱਚ ਹੈ ਕਿ ਪ੍ਰਤੀ ਵਿਅਕਤੀ ਆਮਦਨ ਜਿਹੜੀ ਹੁਣ ਇੱਕ ਲੱਖ 72 ਹਜ਼ਾਰ ਰੁਪਏ ਪ੍ਰਤੀ ਸਾਲ ਹੈ, ਉਹ ਦੁਨੀਆ ਦੇ 50 ਦੇਸ਼ਾਂ ਵਿੱਚ ਉੱਚੀ ਹੈ। ਭਾਰਤ ਦੇ ਆਰਥਿਕ ਮਾਹਿਰਾਂ ਅਨੁਸਾਰ, 2 ਜਾਂ 3 ਸਾਲਾਂ ਵਿੱਚ ਭਾਰਤ ਦੀ ਆਰਥਿਕਤਾ ਜਰਮਨੀ ਤੋਂ ਵੀ ਵੱਡੀ ਹੋ ਜਾਵੇਗੀ। ਕੀ ਇਸ ਦਾ ਸਿੱਟਾ ਇਹ ਕੱਢਿਆ ਜਾਵੇ ਕਿ ਭਾਰਤ ਦਾ ਨਾਗਰਿਕ ਵੀ ਉਹ ਸੁੱਖ ਆਰਾਮ ਅਤੇ ਮਨੋਰੰਜਨ ਦੀਆਂ ਵਸਤੂਆਂ ਵਰਤ ਰਿਹਾ ਹੈ ਜਿਨ੍ਹਾਂ ਦੀ ਵਰਤੋਂ ਇੰਗਲੈਂਡ, ਜਪਾਨ, ਆਸਟਰੇਲੀਆ, ਕੈਨੇਡਾ, ਜਰਮਨੀ ਆਦਿ ਦੇਸ਼ ਕਰ ਰਹੇ ਹਨ? ਜੇ ਨਹੀਂ ਤਾਂ ਇਸ ਦਾ ਚੌਥੀ ਵੱਡੀ ਆਰਥਿਕਤਾ ਬਨਣ ਦਾ ਆਮ ਬੰਦੇ ਨੂੰ ਕੁਝ ਲਾਭ ਵੀ ਹੋਵੇਗਾ ਜਾਂ ਇਹ ਸਿਰਫ਼ ਤੱਥਾਂ ਦਾ ਦਿਖਾਵਾ ਹੀ ਹੈ। ਹਕੀਕਤ ਇਹ ਹੈ ਕਿ ਭਾਰਤ ਦਾ ਆਮ ਨਾਗਰਿਕ ਚੌਥੇ ਦਰਜੇ ਵਾਲਾ ਰਹਿਣ ਸਹਿਣ ਨਹੀਂ ਮਾਣ ਰਿਹਾ।

ਜੇ ਭਾਰਤ ਦੀ ਵਸੋਂ 146 ਕਰੋੜ ਹੈ ਅਤੇ ਦੁਨੀਆ ਵਿੱਚ ਪਹਿਲੇ ਨੰਬਰ 'ਤੇ ਹੈ ਤਾਂ ਇਸ ਦਾ ਕੁੱਲ ਘਰੇਲੂ ਉਤਪਾਦਨ ਵੀ ਪਹਿਲੇ ਨੰਬਰ 'ਤੇ ਹੋਣਾ ਚਾਹੀਦਾ ਹੈ ਪਰ ਬੇਰੁਜ਼ਗਾਰੀ ਅਤੇ ਉਸ ਤੋਂ ਵੀ ਜ਼ਿਆਦਾ ਅਰਧ-ਬੇਰੁਜ਼ਗਾਰੀ ਕਰ ਕੇ ਇਸ ਦਾ ਉਤਪਾਦਨ ਅਜੇ ਵੀ ਕਾਫੀ ਪਿੱਛੇ ਹੈ। ਪ੍ਰਤੀ ਵਿਅਕਤੀ ਆਮਦਨ ਵੀ ਭਾਵੇਂ ਆਮ ਨਾਗਰਿਕ ਦੇ ਰਹਿਣ-ਸਹਿਣ ਦਾ ਸਹੀ ਸੂਚਕ ਨਹੀਂ, ਫਿਰ ਵੀ ਜੇ ਭਾਰਤ ਤੋਂ ਮਗਰ ਵਾਲੇ ਦੋ ਦੇਸ਼ਾਂ ਆਸਟਰੇਲੀਆ ਅਤੇ ਕੈਨੇਡਾ ਦੀ ਪ੍ਰਤੀ ਵਿਅਕਤੀ ਆਮਦਨ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਉਹ ਭਾਰਤ ਤੋਂ ਕਿੰਨਾ ਅੱਗੇ ਹਨ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 22 ਹਜ਼ਾਰ ਅਮਰੀਕੀ ਡਾਲਰ ਜਾਂ ਤਕਰੀਬਨ 1 ਲੱਖ 72 ਹਜ਼ਾਰ ਰੁਪਏ ਹੈ ਪਰ ਆਸਟਰੇਲੀਆ ਦੀ ਪ੍ਰਤੀ ਵਿਅਕਤੀ ਆਮਦਨ 64-65 ਹਜ਼ਾਰ ਡਾਲਰ ਪ੍ਰਤੀ ਵਿਅਕਤੀ ਜਾਂ 30 ਗੁਣਾ ਤੋਂ ਵੀ ਵੱਧ ਹੈ ਜਦੋਂ ਕਿ ਵਸੋਂ ਸਿਰਫ਼ 2 ਕਰੋੜ ਹੈ। ਫਿਰ ਇੱਥੇ ਕੁੱਲ ਘਰੇਲੂ ਉਤਪਾਦਨ ਦਾ ਮੁਕਾਬਲਾ ਕੀ ਅਰਥ ਰੱਖਦਾ ਹੈ?

ਇਸੇ ਤਰ੍ਹਾਂ ਕੈਨੇਡਾ ਜਿਹੜਾ ਭਾਰਤ ਤੋਂ ਕਿਤੇ ਪਿੱਛੇ ਵਾਲੀ ਆਰਥਿਕਤਾ ਹੈ, ਦੀ ਪ੍ਰਤੀ ਵਿਅਕਤੀ ਆਮਦਨ 53.56 ਹਜ਼ਾਰ ਡਾਲਰ ਜਾਂ ਭਾਰਤ ਤੋਂ ਤਕਰੀਬਨ 25 ਗੁਣਾ ਜ਼ਿਆਦਾ ਹੈ ਪਰ ਵਸੋਂ ਸਿਰਫ਼ 4 ਕਰੋੜ ਹੈ। ਚੀਨ ਜੋ ਦੂਜੇ ਨੰਬਰ ਦੀ ਆਰਥਿਕਤਾ ਹੈ ਅਤੇ ਵਸੋਂ ਦੇ ਆਕਾਰ ਵਿੱਚ ਵੀ ਦੁਨੀਆ ਵਿੱਚ ਦੂਜੇ ਨੰਬਰ 'ਤੇ ਹੈ, ਉਸ ਦੀ ਪ੍ਰਤੀ ਵਿਅਕਤੀ ਆਮਦਨ 13.66 ਹਜ਼ਾਰ ਡਾਲਰ ਜਾਂ ਭਾਰਤ ਤੋਂ 4



ਗੁਣਾ ਤੋਂ ਵੀ ਵੱਧ ਹੈ ਪਰ ਵਸੋਂ ਦਾ ਆਕਾਰ ਵੀ 141 ਕਰੋੜ ਹੈ। ਅਮਰੀਕਾ ਜੋ ਦੁਨੀਆ ਵਿੱਚ ਪਹਿਲੇ ਨੰਬਰ ਦੀ ਆਰਥਿਕਤਾ ਹੈ, ਉਸ ਦੀ ਪ੍ਰਤੀ ਵਿਅਕਤੀ ਆਮਦਨ 89.11 ਹਜ਼ਾਰ ਡਾਲਰ ਹੈ ਜੋ ਭਾਰਤ ਤੋਂ ਤਕਰੀਬਨ 40 ਗੁਣਾ ਵੱਧ ਹੈ ਜਦੋਂ ਕਿ ਵਸੋਂ 34 ਕਰੋੜ ਹੈ। ਫਰਾਂਸ, ਜਰਮਨੀ, ਇੰਗਲੈਂਡ ਅਤੇ ਹੋਰ ਦੇਸ਼ਾਂ ਦਾ ਰਹਿਣ-ਸਹਿਣ ਭਾਰਤ ਦੇ ਰਹਿਣ-ਸਹਿਣ ਤੋਂ ਕਿਤੇ ਉੱਪਰ ਹੈ। ਅਸਲ ਵਿੱਚ, ਆਰਥਿਕਤਾ ਦਾ ਆਕਾਰ ਉਹ ਸਹੀ-ਸਹੀ ਤਸਵੀਰ ਪੇਸ਼ ਨਹੀਂ ਕਰਦਾ ਕਿ ਇਸ ਨੂੰ ਆਮ ਬੰਦੇ ਦੇ ਰਹਿਣ-ਸਹਿਣ ਨਾਲ ਜੋੜਿਆ ਜਾਵੇ।

ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਅਨੁਸਾਰ, ਭਾਰਤ ਹਰ ਸਾਲ 6 ਫ਼ੀਸਦੀ ਦੇ ਹਿਸਾਬ ਪਿਛਲੇ ਕਈ ਸਾਲਾਂ ਤੋਂ ਸਾਲਾਨਾ ਵਿਕਾਸ ਕਰ ਰਿਹਾ ਹੈ ਪਰ ਕੀ ਹਰ ਸਖ਼ਸ ਦੀ ਆਮਦਨ ਵਿੱਚ 6 ਫ਼ੀਸਦੀ ਵਾਧਾ ਹੋ ਰਿਹਾ ਹੈ? ਜੇ ਇਸ ਤਰ੍ਹਾਂ ਹੋ ਰਿਹਾ ਹੁੰਦਾ ਤਾਂ ਭਾਰਤ ਦਾ ਇੱਕ ਵੀ ਵਿਅਕਤੀ ਗਰੀਬੀ ਦੀ ਰੇਖਾ ਤੋਂ ਥੱਲੇ ਨਹੀਂ ਸੀ ਰਹਿ ਸਕਦਾ, ਪਰ ਅਜੇ ਵੀ 22 ਫ਼ੀਸਦੀ ਜਾਂ ਕੋਈ 32 ਕਰੋੜ ਲੋਕ ਉਹ ਹਨ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਹਨ; ਹਾਲਾਂਕਿ ਗਰੀਬੀ ਰੇਖਾ ਦੀ ਪਰਿਭਾਸ਼ਾ ਵੀ ਦੋਸ਼ ਪੂਰਨ ਹੈ। ਇਸ ਮੁਤਾਬਿਕ, ਸ਼ਹਿਰ ਵਿੱਚ ਜਿਹੜਾ ਬੰਦਾ 32 ਰੁਪਏ ਰੋਜ਼ਾਨਾ ਅਤੇ ਪਿੰਡਾਂ ਵਿੱਚ 27 ਰੁਪਏ ਰੋਜ਼ਾਨਾ ਖਰਚਦਾ ਹੈ, ਉਹ ਗਰੀਬੀ ਰੇਖਾ ਤੋਂ ਉੱਪਰ ਹੈ ਜਦੋਂ ਕਿ ਇੰਨੇ ਪੈਸਿਆਂ ਨਾਲ ਉਹ ਇੱਕ ਵਕਤ ਦਾ ਖਾਣਾ ਵੀ ਨਹੀਂ ਖਾ ਸਕਦਾ। 1 ਲੱਖ 72 ਹਜ਼ਾਰ ਕਰੋੜ ਰੁਪਏ ਦੀ ਪ੍ਰਤੀ ਵਿਅਕਤੀ ਆਮਦਨ ਦਾ ਇਹ ਕਦੀ ਵੀ ਅਰਥ ਨਹੀਂ ਕਿ ਹਰ ਬੰਦੇ ਦੀ ਆਮਦਨ 1 ਲੱਖ 72 ਹਜ਼ਾਰ ਜਾਂ 5 ਮੈਂਬਰਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ 9 ਲੱਖ ਰੁਪਏ ਹੈ।

ਫਿਰ ਇਨ੍ਹਾਂ ਅੰਕੜਿਆਂ ਨੂੰ ਦੇਸ਼ ਵਿੱਚ ਆਮਦਨ ਦੀ ਨਾ-ਬਰਾਬਰੀ ਧੁੰਦਲਾ ਕਰਦੀ ਹੈ। ਜੇ 6 ਫ਼ੀਸਦੀ ਦੀ ਦਰ ਨਾਲ ਦੇਸ਼ ਦੀ ਆਰਥਿਕਤਾ ਵਿਕਾਸ ਕਰ ਰਹੀ ਹੈ ਤਾਂ ਹੋ ਸਕਦਾ ਹੈ ਕਿ ਕਈ ਵਿਅਕਤੀਆਂ ਦੀ ਆਮਦਨ 200 ਗੁਣਾ ਵੀ ਵਧਦੀ ਹੋਵੇ ਪਰ ਕਈਆਂ ਦੀ ਸਥਿਰ ਰਹਿੰਦੀ ਹੋਵੇਗੀ ਜਾਂ ਘਟਦੀ ਵੀ ਹੋਵੇਗੀ। ਹਰ ਸਾਲ ਮਹਿੰਗਾਈ ਹੋਣ ਨਾਲ ਜ਼ਿਆਦਾਤਰ ਵਸੋਂ ਦੀ ਖਰੀਦ ਸਕਤੀ ਲਗਾਤਾਰ ਘਟ ਰਹੀ ਹੈ। ਜੇ ਖ਼ਰੀਦ ਸ਼ਕਤੀ ਘੱਟ ਹੈ ਤਾਂ ਜ਼ਿਆਦਾ ਵਸਤੂਆਂ ਖਰੀਦੀਆਂ ਨਹੀਂ ਜਾ ਸਕਦੀਆਂ। ਜੇ ਵਸਤੂਆਂ ਦੀ ਖਰੀਦ ਨਹੀਂ ਤਾਂ ਉਨ੍ਹਾਂ ਦੇ ਬਣਾਉਣ ਦੀ ਲੋੜ ਕੀ ਹੈ? ਇਸ ਸੂਰਤ ਵਿੱਚ ਕਿਰਤੀਆਂ ਦੀ ਲੋੜ ਹੀ ਨਹੀਂ ਪੈਂਦੀ ਜਾਂ ਘੱਟ ਲੋੜ ਪੈਂਦੀ ਹੈ ਜਿਸ ਕਰ ਕੇ ਬੇਰੁਜ਼ਗਾਰੀ ਜਾਂ ਅਰਧ-ਬੇਰੁਜ਼ਗਾਰੀ ਵਧਦੀ ਹੈ। ਸਿੱਟੇ ਵਜੋਂ, 6 ਫ਼ੀਸਦੀ ਵਿਕਾਸ ਹੋਣ ਜਾਂ ਦੁਨੀਆ ਦੀ ਚੌਥੀ ਵੱਡੀ ਆਰਥਿਕਤਾ ਹੋਣ ਦਾ ਵੀ ਕੋਈ ਲਾਭ ਆਮ ਵਿਅਕਤੀ ਨਹੀਂ ਲੈ ਸਕਦਾ। 2026 ਵਿੱਚ ਭਾਰਤ ਦੀ ਆਰਥਿਕਤਾ 4.187 ਲੱਖ ਕਰੋੜ ਡਾਲਰ ਦੀ ਹੋ ਜਾਵੇਗੀ ਜੋ ਜਪਾਨ ਦੀ ਆਰਥਿਕਤਾ 4.186 ਲੱਖ ਕਰੋੜ ਡਾਲਰ ਤੋਂ ਥੋੜ੍ਹੀ ਜਿਹੀ ਉੱਪਰ ਹੈ। ਭਾਰਤ ਨੇ 2030 ਤੱਕ 5 ਲੱਖ ਕਰੋੜ ਡਾਲਰ ਦੀ ਆਰਥਿਕਤਾ ਬਣਨ ਦਾ ਸੰਕਲਪ ਕੀਤਾ ਸੀ। ਜੇ ਇਸੇ ਰਫ਼ਤਾਰ ਨਾਲ ਵਿਕਾਸ ਹੁੰਦਾ ਰਿਹਾ ਤਾਂ ਇਹ ਟੀਚਾ ਵੀ ਪੂਰਾ ਹੋ ਜਾਵੇਗਾ। ਇੱਕ ਕੌਮਾਂਤਰੀ ਸੰਸਥਾ ਦੇ ਸਰਵੇਖਣ ਅਨੁਸਾਰ, ਦੁਨੀਆ ਦੇ 24 ਵਿਅਕਤੀਆਂ ਕੋਲ 3.3 ਲੱਖ ਕਰੋੜ ਡਾਲਰ ਦੀ ਜਾਇਦਾਦ ਹੈ ਜਿਸ ਵਿੱਚ ਭਾਰਤ ਦੇ ਦੋ ਕਾਰੋਬਾਰੀ ਗੌਤਮ ਅਡਾਨੀ ਅਤੇ ਮੁਕੇਸ਼ ਅਬਾਨੀ ਹਨ ਪਰ ਚੀਨ ਜਿਹੜਾ ਦੁਨੀਆ ਦੀ ਦੂਜੀ ਵੱਡੀ ਆਰਥਿਕਤਾ ਹੈ, ਉਸ ਦਾ ਇੱਕ ਵੀ ਕਾਰੋਬਾਰੀ ਉਸ ਸੂਚੀ ਵਿੱਚ ਨਹੀਂ। ਉਂਝ ਵੀ, ਜਿੰਨੀ ਆਮਦਨ ਅਤੇ ਧਨ ਦੀ ਨਾ-ਬਰਾਬਰੀ ਭਾਰਤ ਵਿੱਚ ਹੈ, ਓਨੀ ਕਿਸੇ ਹੋਰ ਦੇਸ਼ ਵਿੱਚ ਨਹੀਂ।

ਕਿਸੇ ਵਕਤ ਇੰਗਲੈਂਡ ਅਤੇ ਜਰਮਨੀ ਦੁਨੀਆ ਦੇ ਲੀਡਰ ਹੁੰਦੇ ਸਨ। ਭਾਰਤ ਇੰਗਲੈਂਡ ਨੂੰ ਪਹਿਲਾਂ ਹੀ ਕੱਟ ਚੁੱਕਿਆ ਹੈ ਅਤੇ ਜਰਮਨੀ ਤੋਂ ਅੱਗੇ ਲੰਘਣ ਵਾਲਾ ਹੈ ਪਰ ਭਾਰਤੀ ਆਰਥਿਕਤਾ ਦੀ ਦੂਜੀ ਤਸਵੀਰ ਨੂੰ ਕਿਸੇ ਯੋਗ ਪ੍ਰਣਾਲੀ ਨਾਲ ਹੀ ਠੀਕ ਕੀਤਾ ਜਾ ਸਕਦਾ ਹੈ ਜਿਹੜੀ ਸੁਧਰ ਨਹੀਂ ਰਹੀ ਸਗੋਂ ਲਗਾਤਾਰ ਵਿਗੜ ਰਹੀ ਹੈ।

ਭਾਰਤ ਦੀ ਆਜ਼ਾਦੀ ਨੂੰ 77 ਸਾਲ ਬੀਤ ਗਏ ਹਨ। ਇਸ ਆਜ਼ਾਦੀ ਦੀ ਲੜਾਈ ਵਿੱਚ ਅਨੇਕ ਲੋਕਾਂ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ ਪਰ ਉਨ੍ਹਾਂ ਨੇ ਭਾਰਤ ਦੀ ਜਿਹੜੀ ਤਸਵੀਰ ਆਪਣੇ ਦਿਮਾਗ ਵਿੱਚ ਉਕਰੀ ਸੀ, ਇਹ ਉਹ ਭਾਰਤ ਨਹੀਂ। 77 ਸਾਲਾਂ ਵਿੱਚ ਭਾਰਤ ਵਿੱਚ ਬਾਲ ਕਿਰਤ (ਮਜ਼ਦੂਰੀ) ਕਰਨ ਵਾਲੇ ਬੱਚਿਆਂ (ਲੜਕੇ ਤੇ ਲੜਕੀਆਂ) ਦੀ ਗਿਣਤੀ ਵਧ ਰਹੀ ਹੈ। ਆਜ਼ਾਦੀ ਸਮੇਂ ਭਾਰਤ ਵਿੱਚ ਇੱਕ ਕਰੋੜ ਬੱਚੇ ਮਜ਼ਦੂਰੀ ਕਰਦੇ ਸਨ ਜਿਹੜੇ ਹੁਣ ਵਧ ਕੇ 4 ਕਰੋੜ ਤੋਂ ਵੀ ਉੱਪਰ ਹੋ ਗਏ ਹਨ। ਕਈ ਪੀੜ੍ਹੀ-ਦਰ-ਪੀੜ੍ਹੀ ਇਸ ਮਜ਼ਦੂਰੀ ਵਿੱਚ ਲੱਗੇ ਹੋਏ ਹਨ। ਫ਼ਿਕਰ ਵਾਲੀ ਗੱਲ ਇਹ ਹੈ ਕਿ ਇਸ ਵਿੱਚ ਕਮੀ ਹੋਣ ਦੀ ਬਜਾਏ ਵਾਧਾ ਹੋ ਰਿਹਾ ਹੈ। ਮਾਂ-ਬਾਪ ਦਿਲ 'ਤੇ ਪੱਥਰ ਰੱਖ ਕੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਆਪਣੇ ਬੱਚਿਆਂ ਨੂੰ ਉਠਾ ਕੇ ਕਿਸੇ ਹੋਰ ਦੇ ਘਰ ਭੇਜਦੇ ਹਨ ਅਤੇ ਫਿਰ ਦੇਰ ਰਾਤ ਤੱਕ ਉਡੀਕਦੇ ਰਹਿੰਦੇ ਹਨ। ਉਹ ਕੰਮ ਭਾਵੇਂ ਬਾਲਗ ਮਜ਼ਦੂਰ ਤੋਂ ਕਿਤੇ ਜ਼ਿਆਦਾ ਕਰਦੇ ਹਨ ਪਰ ਤਨਖ਼ਾਹ ਕਿਤੇ ਘੱਟ ਮਿਲਦੀ ਹੈ।

ਆਜ਼ਾਦੀ ਤੋਂ ਬਾਅਦ 14 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਦੀ ਪੜ੍ਹਾਈ ਮੁਫ਼ਤ ਕੀਤੀ ਗਈ, ਫਿਰ ਵੀ 8ਵੀਂ ਜਮਾਤ ਤੋਂ ਪਹਿਲਾਂ 100 ਵਿੱਚੋਂ 26 ਬੱਚੇ ਪੜ੍ਹਾਈ ਵਿੱਚੇ ਹੀ ਛੱਡ ਜਾਂਦੇ ਹਨ। ਪੜ੍ਹਾਈ ਛੱਡ ਕੇ ਉਹ ਕੋਈ ਮੌਜ ਮੇਲਾ ਨਹੀਂ ਕਰਦੇ ਸਗੋਂ ਮਜ਼ਦੂਰੀ ਕਰਨ ਲਈ ਮਜਬੂਰ ਹਨ। ਇਹ ਬੇਰੁਜ਼ਗਾਰੀ ਅਤੇ ਅਰਧ-ਬੇਰੁਜ਼ਗਾਰੀ ਕਰ ਕੇ ਹੈ, ਜਿਹੜੀ ਸਾਰੀ ਦੁਨੀਆ ਵਿੱਚੋਂ ਭਾਰਤ ਵਿੱਚ ਜ਼ਿਆਦਾ ਹੈ। ਦੁਨੀਆ ਵਿੱਚ ਬਾਲ ਮਜ਼ਦੂਰਾਂ ਦੀ ਸਭ ਤੋਂ ਜ਼ਿਆਦਾ ਗਿਣਤੀ ਭਾਰਤ ਵਿੱਚ ਹੈ। ਦੁਨੀਆ ਦੇ ਕਿਸੇ ਵੀ ਵਿਕਸਿਤ ਦੇਸ਼ ਵਿੱਚ ਬਾਲ ਮਜ਼ਦੂਰੀ ਨਹੀਂ ਜਿਸ ਦੀ ਵਜ੍ਹਾ ਆਮਦਨ ਬਰਾਬਰੀ ਹੈ। ਇਸ ਦਾ ਸਬੂਤ ਇਹ ਹੈ ਕਿ ਕਿਸੇ ਵਜ਼ੀਰ ਦੇ ਘਰ ਵੀ ਡਰਾਈਵਰ ਜਾਂ ਘਰੇਲੂ ਨੌਕਰ ਨਹੀਂ। ਇਹ ਸਭ ਕੁਝ ਇਸ ਲਈ ਹੈ ਕਿ ਧਨ ਦੀ ਬਰਾਬਰੀ ਭਾਵੇਂ ਨਾ ਹੋਵੇ, ਆਮਦਨ ਦੀ ਬਰਾਬਰੀ ਇੱਕ ਖ਼ਾਸ ਪ੍ਰਣਾਲੀ ਨਾਲ ਬਣਾਈ ਹੋਈ ਹੈ ਜਿਸ ਵਿੱਚ ਟੈਕਸ ਦੀ ਵੱਡੀ ਭੂਮਿਕਾ ਹੈ। ਉਹੋ ਜਿਹੀ ਪ੍ਰਣਾਲੀ ਭਾਰਤ ਵਿੱਚ ਬਣਨੀ ਚਾਹੀਦੀ ਹੈ।

ਭਾਰਤ ਭਾਵੇਂ ਦੁਨੀਆ ਦਾ ਸਭ ਤੋਂ ਵੱਡੀ ਵਸੋਂ ਵਾਲਾ ਦੇਸ਼ ਹੈ ਪਰ ਇਸ ਦੇ ਜ਼ਿਆਦਾ ਲੋਕਾਂ ਦੀ ਖਰੀਦ ਸ਼ਕਤੀ ਘੱਟ ਹੈ। ਕੌਮਾਂਤਰੀ ਅਖ਼ਬਾਰ 'ਵਾਲ ਸਟ੍ਰੀਟ' ਨੇ ਅੰਦਾਜ਼ਾ ਦਿੱਤਾ ਹੈ ਕਿ ਭਾਰਤ ਵਿੱਚ 100 ਕਰੋੜ ਲੋਕਾਂ ਦੀ ਖ਼ਰੀਦ ਸ਼ਕਤੀ ਇੰਨੀ ਵੀ ਨਹੀਂ ਕਿ ਉਹ ਆਪਣੀਆਂ ਰੋਜ਼ਾਨਾ ਲੋੜਾਂ ਵੀ ਪੂਰੀਆਂ ਕਰ ਸਕਣ। ਇਹੋ ਵਿਕਾਸ ਦੀ ਵੱਡੀ ਰੁਕਾਵਟ ਹੈ। ਹਰ ਇੱਕ ਦੀ ਖ਼ਰੀਦ ਸ਼ਕਤੀ ਬਰਾਬਰ ਨਾ ਹੋਣਾ ਹੀ ਵਿਕਾਸ ਦੀ ਵੱਡੀ ਰੁਕਾਵਟ ਹੈ। ਦੁਨੀਆ ਦਾ ਕੋਈ ਵੀ ਦੇਸ਼ ਅਜਿਹਾ ਨਹੀਂ ਜਿਸ ਵਿੱਚ ਆਮਦਨੀ ਬਰਾਬਰੀ ਹੋਵੇ ਅਤੇ ਉਹ ਵਿਕਸਿਤ ਨਾ ਹੋਵੇ। ਦੁਨੀਆ ਵਿੱਚ ਨਾ-ਬਰਾਬਰ ਆਮਦਨ ਵਾਲਾ ਕੋਈ ਵੀ ਦੇਸ਼ ਵਿਕਸਿਤ ਨਹੀਂ। ਇਸ ਲਈ ਭਾਰਤ ਦੇ ਚੌਥੀ ਵੱਡੀ ਆਰਥਿਕਤਾ ਬਨਣ ਨਾਲੋਂ ਜ਼ਿਆਦਾ ਜ਼ਰੂਰੀ ਹੈ- ਆਮਦਨ ਬਰਾਬਰੀ ਵਾਲੀ ਪ੍ਰਣਾਲੀ ਬਣਾਈ ਜਾਵੇ ਜਿਸ ਨਾਲ ਭਾਰਤ ਪਹਿਲੇ ਨੰਬਰ ਦੀ ਆਰਥਿਕਤਾ ਬਣੇਗਾ।

ਡਾ. ਸ ਸ ਛੀਨਾ

# ਦਿਵਿਆਂਗ ਬੱਚੇ ਅਤੇ ਅਸੀਂ

ਨੋਇਡਾ ਦੇ ਇੱਕ ਸਕੂਲ 'ਚ ਵਿਸ਼ੇਸ਼ ਲੋੜਾਂ ਦੇ ਅਧਿਆਪਕ ਨੇ ਹਾਲ ਹੀ ਵਿੱਚ ਆਟਿਜ਼ਮ ਤੋਂ ਪੀੜਤ ਬੱਚੇ ਨੂੰ ਕੁੱਟਿਆ। ਵੀਡੀਓ ਵਿੱਚ ਇਹ ਸਭ ਕੁਝ ਕੈਦ ਹੋ ਗਿਆ- ਕੁੱਟਮਾਰ, ਭੈਅ ਤੇ ਬੇਵਸੀ। ਲੜਕਾ, ਜੋ ਸਿਰਫ਼ ਦਸ ਸਾਲ ਦਾ ਹੈ ਤੇ ਬੋਲ ਨਹੀਂ ਸਕਦਾ, ਮਦਦ ਲਈ ਵੀ ਰੌਲਾ ਨਹੀਂ ਪਾ ਸਕਿਆ। ਉਹ ਆਪ ਬੀਤੀ ਕਿਸੇ ਨੂੰ ਦੱਸ ਵੀ ਨਹੀਂ ਸਕਿਆ ਪਰ ਵੀਡੀਓ ਉਸ ਦੀ ਗਵਾਹੀ ਭਰਦੀ ਹੈ। ਇਹ ਤਿੜਕੇ ਢਾਂਚੇ ਦੀ ਡਰਾਉਣੀ ਅਤੇ ਬੇਹੱਦ ਸੰਜੀਦਾ ਤਸਵੀਰ ਹੈ। ਇਹ ਕੋਈ ਇਕੱਲਾ ਅਜਿਹਾ ਹਾਦਸਾ ਨਹੀਂ ਹੈ; ਪੂਰੇ ਭਾਰਤ ਵਿੱਚ ਦੁਰਵਿਹਾਰ ਦੀਆਂ ਘਟਨਾਵਾਂ (ਸਰੀਰਕ, ਭਾਵਨਾਤਮਕ ਤੇ ਸੰਸਥਾਈ) ਅਕਸਰ ਆਟਿਜ਼ਮ ਤੇ ਬੌਧਿਕ ਅਪੰਗਤਾ ਦੇ ਪੀੜਤਾਂ ਨਾਲ ਵਾਪਰਦੀਆਂ ਰਹਿੰਦੀਆਂ ਹਨ। ਇਨ੍ਹਾਂ ਦਾ ਵਾਰ-ਵਾਰ ਵਾਪਰਨਾ ਫ਼ਿਕਰਮੰਦੀ ਵਾਲੀ ਗੱਲ ਹੈ। ਚਾਹੇ ਸਕੂਲ ਹੋਣ, ਸਰਕਾਰ ਵੱਲੋਂ ਚਲਾਏ ਜਾਂਦੇ ਆਸਰਾ ਘਰ ਜਾਂ ਗ਼ੈਰ-ਰਸਮੀ ਸੰਭਾਲ ਕੇਂਦਰ, ਮੁੱਢਲੇ ਸਤਿਕਾਰ ਤੇ ਸਨਮਾਨ ਦੀ ਹੋ ਰਹੀ ਉਲੰਘਣਾ 'ਤੇ ਗੌਰ ਨਹੀਂ ਕੀਤਾ ਜਾਂਦਾ, ਜਿਸ ਦਾ ਮੁੱਖ ਕਾਰਨ ਮਾੜੀ ਨਿਗਰਾਨੀ ਤੇ ਲੋੜ ਮੁਤਾਬਿਕ ਜਵਾਬਦੇਹੀ ਦਾ ਨਾ ਹੋਣਾ ਹੈ।

ਜਿਹੜੀ ਚੀਜ਼ ਇਸ ਮਾਮਲੇ ਨੂੰ ਹੋਰ ਵੀ ਚਿੰਤਾਜਨਕ ਬਣਾਉਂਦੀ ਹੈ, ਉਹ ਇਹ ਹੈ ਕਿ ਮੁਲਜ਼ਮ ਵੀ ਵਿਸ਼ੇਸ਼ ਲੋੜਾਂ ਵਾਲਾ ਅਧਿਆਪਕ ਸੀ ਜਿਸ ਤੋਂ ਆਟਿਸਟਿਕ ਬੱਚਿਆਂ ਦੀਆਂ ਵਿਲੱਖਣ ਲੋੜਾਂ ਅਤੇ ਕਮਜ਼ੋਰੀਆਂ ਨੂੰ ਸਮਝਣ ਦੀ ਉਮੀਦ ਕੀਤੀ ਜਾਂਦੀ ਹੈ। ਅਧਿਆਪਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸਕੂਲ ਨੇ ਉਸ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ ਜ਼ਰੂਰੀ ਹੈ ਪਰ ਇਹ ਢਾਂਚਾਗਤ ਖ਼ਰਾਬੀ ਨੂੰ ਡੂੰਘਾ ਨਹੀਂ ਫਰੋਲਦੀ। ਸਕੂਲ ਮੈਨੇਜਮੈਂਟ ਨੂੰ ਵੀ ਆਪਣੇ ਵਿਦਿਆਰਥੀਆਂ ਦੀ ਸਲਾਮਤੀ 'ਚ ਅਸਫਲ ਰਹਿਣ ਲਈ ਬਰਾਬਰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ। ਸਾਡੇ ਕੋਲ 'ਦਿ ਰਾਈਟਸ ਆਫ ਪਰਸਨਜ਼ ਵਿਦ ਡਿਸਏਬਿਲਟੀਜ਼ ਐਕਟ-2016' ਹੈ, ਜੋ ਵਿਕਲਾਂਗਾਂ ਦੇ ਅਧਿਕਾਰਾਂ ਨਾਲ ਸਬੰਧਿਤ ਹੈ ਪਰ ਇਸ ਨੂੰ ਢੰਗ ਨਾਲ ਲਾਗੂ ਕਰਨ 'ਚ ਲਾਪਰਵਾਹੀ ਦਿਖਾਈ ਗਈ ਹੈ। ਜੇ ਸਕੂਲਾਂ ਦੀ ਨਿਗਰਾਨੀ ਨਾ ਹੋਵੇ, ਅਧਿਆਪਕਾਂ ਨੂੰ ਸਿਖਲਾਈ ਨਾ ਦਿੱਤੀ ਜਾਵੇ ਅਤੇ ਸ਼ਿਕਾਇਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇ ਤਾਂ ਕਾਨੂੰਨਾਂ ਦਾ ਕੋਈ ਬਹੁਤਾ ਮਤਲਬ ਨਹੀਂ ਰਹਿ ਜਾਂਦਾ। ਇਸ ਮਾਮਲੇ 'ਤੇ ਸਿਰਫ਼ ਕ੍ਰੋਧ ਜ਼ਾਹਿਰ ਕਰਨਾ ਕਾਫ਼ੀ ਨਹੀਂ ਹੈ। ਸਾਨੂੰ ਤਬਦੀਲੀ ਦੀ ਲੋੜ ਹੈ। ਹਰ ਵਿਸ਼ੇਸ਼ ਐਜੂਕੇਟਰ ਨੂੰ ਸਖ਼ਤ ਸਿਖਲਾਈ ਵਿੱਚੋਂ ਲੰਘਾਉਣਾ ਚਾਹੀਦਾ ਹੈ। ਸਕੂਲਾਂ ਨੂੰ ਸੀਸੀਟੀਵੀ ਕੈਮਰੇ ਲਾਉਣੇ ਚਾਹੀਦੇ ਹਨ, ਅਮਲੇ ਦੇ ਪਿਛੋਕੜ ਦੀ ਜਾਂਚ ਹੋਣੀ ਚਾਹੀਦੀ ਹੈ ਤੇ ਅਜਿਹੀਆਂ ਸੁਰੱਖਿਅਤ ਥਾਵਾਂ ਕਾਇਮ ਕਰਨੀਆਂ ਚਾਹੀਦੀਆਂ ਹਨ ਜਿੱਥੇ ਬੱਚੇ ਅਤੇ ਮਾਪੇ ਬਿਨਾਂ ਡਰ ਤੋਂ ਆਪਣੀ ਗੱਲ ਰੱਖ ਸਕਣ।

ਇਹ ਘਟਨਾ ਸਿਰਫ਼ ਇੱਕ ਹੋਰ ਵਾਇਰਲ ਵੀਡੀਓ ਜਾਂ ਇੱਕ-ਦੋ ਦਿਨ ਦਾ ਗੁੱਸਾ ਬਣ ਕੇ ਨਹੀਂ ਰਹਿ ਜਾਣੀ ਚਾਹੀਦੀ ਬਲਕਿ ਇਸ ਨੂੰ ਦਿਵਿਆਂਗ ਬੱਚਿਆਂ ਦੀ ਦੇਖਭਾਲ ਦਾ ਕੰਮ ਸੰਭਾਲਣ ਵਾਲੀਆਂ ਸੰਸਥਾਵਾਂ ਦੇ ਸੰਚਾਲਨ ਵਿੱਚ ਤੁਰੰਤ ਸੁਧਾਰ ਦਾ ਕਾਰਨ ਬਣਾਉਣਾ ਚਾਹੀਦਾ ਹੈ। ਕਿਸੇ ਚੰਗੇ ਸਮਾਜ ਦੀ ਪਛਾਣ ਇਨ੍ਹਾਂ ਤੱਥਾਂ ਤੋਂ ਹੀ ਹੁੰਦੀ ਹੈ ਕਿ ਉਹ ਆਪਣੇ ਸਭ ਤੋਂ ਕਮਜ਼ੋਰ ਲੋਕਾਂ ਨਾਲ ਕਿਵੇਂ ਪੇਸ਼ ਆਉਂਦਾ ਹੈ। ਸਾਨੂੰ ਬੱਚਿਆਂ ਪ੍ਰਤੀ ਆਪਣੇ ਫ਼ਰਜ਼ਾਂ ਵਿੱਚ ਨਾਕਾਮ ਨਹੀਂ ਹੋਣਾ ਚਾਹੀਦਾ, ਖ਼ਾਸ ਕਰ ਕੇ ਉਨ੍ਹਾਂ ਪ੍ਰਤੀ ਜੋ ਆਪਣੀ ਆਵਾਜ਼ ਚੁੱਕਣ ਲਈ ਦੂਜਿਆਂ 'ਤੇ ਨਿਰਭਰ ਕਰਦੇ ਹਨ।

# ਭਾਰਤ ਤੋਂ ਬੇਮੁਖ ਕਿਉਂ ਹੋ ਰਿਹੈ ਵਿਦੇਸ਼ੀ ਨਿਵੇਸ਼

ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓਈਸੀਡੀ) ਨੇ ਹਾਲ ਹੀ ਵਿੱਚ 2024 ਦੇ ਕੈਲੰਡਰ ਸਾਲ ਦੌਰਾਨ ਦੇਸ਼ ਨੂੰ ਪ੍ਰਾਪਤ ਹੋਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ (ਐੱਫਡੀਆਈ) ਅਤੇ ਦੂਜੇ ਦੇਸ਼ਾਂ ਵਿੱਚ ਕੀਤੇ ਜਾਣ ਵਾਲੇ ਸਿੱਧੇ ਵਿਦੇਸ਼ ਨਿਵੇਸ਼ ਦੇ ਅੰਕੜੇ ਜਾਰੀ ਕੀਤੇ ਹਨ। ਭਾਰਤ ਨੂੰ ਮਿਲਣ ਵਾਲਾ ਐੱਫਡੀਆਈ ਜੋ 2020 ਵਿੱਚ 64.36 ਅਰਬ ਡਾਲਰ ਦੀ ਸਿਖ਼ਰ 'ਤੇ ਪਹੁੰਚ ਗਿਆ ਸੀ, ਵਿੱਚ ਉਸ ਤੋਂ ਬਾਅਦ ਲਗਾਤਾਰ ਗਿਰਾਵਟ ਆ ਰਹੀ ਹੈ। 2021 ਵਿੱਚ ਇਹ 44.73 ਅਰਬ ਡਾਲਰ, 2022 ਵਿੱਚ 49.94 ਅਰਬ ਡਾਲਰ, 2023 ਵਿੱਚ 28.08 ਅਰਬ ਡਾਲਰ ਅਤੇ 2024 ਵਿੱਚ 27.61 ਅਰਬ ਡਾਲਰ ਰਹਿ ਗਿਆ ਸੀ। ਸਾਲ 2024 ਵਿੱਚ ਭਾਰਤ ਦਾ ਸਿੱਧਾ ਵਿਦੇਸ਼ੀ ਨਿਵੇਸ਼ 2020 ਦੇ ਮੁਕਾਬਲੇ 43 ਫ਼ੀਸਦੀ ਘਟ ਗਿਆ ਸੀ।

ਭਾਰਤ ਵਿੱਚ ਆਉਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਵਿੱਚ ਇੰਨੀ ਤੇਜ਼ੀ ਨਾਲ ਗਿਰਾਵਟ ਕਿਉਂ ਆ ਰਹੀ ਹੈ? ਜੇ ਸਾਫ਼ ਤੌਰ 'ਤੇ ਆਖਣਾ ਹੋਵੇ ਤਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਤਣਾਅ ਜਾਂ ਖਿੱਤੇ ਅੰਦਰ ਪਰਮਾਣੂ ਟਕਰਾਅ ਬਣ ਜਾਣ ਦੇ ਸਹਿਮ ਦਾ ਭਾਰਤ ਅੰਦਰ ਆਉਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਉੱਪਰ ਕੋਈ ਅਸਰ ਨਹੀਂ ਪਿਆ। ਦੇਸ਼ ਨੂੰ ਹਾਸਿਲ ਹੋਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਦੇ ਤਿੰਨ ਅੰਗ ਹੁੰਦੇ ਹਨ- ਪਹਿਲਾ, ਨਵੇਂ ਸਿੱਧੇ ਵਿਦੇਸ਼ੀ ਨਿਵੇਸ਼ ਦੀ ਆਮਦ (ਮਸਲਨ, ਕਿਸੇ ਭਾਰਤੀ ਕੰਪਨੀ ਨੂੰ ਪ੍ਰਾਪਤ ਹੋਣ ਵਾਲਾ ਨਵਾਂ ਜਾਂ ਵਾਧੂ ਸਿੱਧਾ ਵਿਦੇਸ਼ੀ ਨਿਵੇਸ਼); ਦੂਜਾ, ਪੂੰਜੀ ਵਾਪਸੀ (ਰਇਪਅਟਰਇਟਿਨ) ਜਾਂ ਅਪਨਿਵੇਸ਼ (ਕਿਸੇ ਕੰਪਨੀ 'ਚੋਂ ਪੂਰੀ ਜਾਂ ਅੰਸ਼ਕ ਹਿੱਸੇਦਾਰੀ ਵੇਚਣ ਦੇ ਰੂਪ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਨਿਕਾਸੀ); ਤੀਜਾ, ਆਪਣੀ ਕਮਾਈ ਬਰਕਰਾਰ ਰੱਖਣਾ ਜਾਂ ਮੁੜ ਨਿਵੇਸ਼ ਕਰਨਾ (ਮੁਨਾਫਿਆਂ ਦੀ ਹਿੱਸੇਦਾਰੀ ਐੱਫਡੀਆਈ ਨਿਵੇਸ਼ਕਾਂ ਦੇ ਹਿੱਸੇ ਵਿੱਚ ਪਾਉਣਾ ਨਾ ਕਿ ਲਾਭਾਂਸ਼ ਦੇ ਰੂਪ ਵਿੱਚ ਵੰਡਣਾ)।

ਸਨਅਤੀ ਅਤੇ ਅੰਦਰੂਨੀ ਵਪਾਰ ਹੁਲਾਰਾ ਵਿਭਾਗ (ਡੀਪੀਆਈਆਈਟੀ) ਦੇ ਅੰਕੜਿਆਂ ਮੁਤਾਬਿਕ, ਭਾਰਤ ਦਾ ਐੱਫਡੀਆਈ ਸਟਾਕ (ਜਿਸ ਦੀ ਗਿਣਤੀ ਸੰਨ 2000 ਤੋਂ ਸ਼ੁਰੂ ਹੋਈ ਸੀ) ਹੁਣ 1 ਟ੍ਰਿਲੀਅਨ (ਖਰਬ) ਡਾਲਰ ਤੋਂ ਜ਼ਿਆਦਾ ਹੋ ਚੁੱਕਿਆ ਹੈ। ਆਰਬੀਆਈ ਮੁਤਾਬਿਕ, 2023-24 ਵਿੱਚ ਐੱਫਡੀਆਈ ਦੀ ਕੁੱਲ ਆਮਦ (ਨਿਵੇਸ਼ ਤੇ ਕਮਾਈ ਦੇ ਮੁੜ ਨਿਵੇਸ਼ ਸਣੇ) 70.94 ਅਰਬ ਡਾਲਰ ਸੀ ਜਦੋਂਕਿ ਰੀਪੈਟਰੀਏਸ਼ਨ ਐੱਫਡੀਆਈ ਦਾ ਅਪਨਿਵੇਸ਼ 44.47 ਅਰਬ ਡਾਲਰ ਸੀ ਜਿਸ ਕਰ ਕੇ ਅਸਲ ਪੂੰਜੀ ਆਮਦ ਨਵਾਂ ਸਿੱਧਾ ਵਿਦੇਸ਼ੀ ਨਿਵੇਸ਼ 26.47 ਅਰਬ ਡਾਲਰ ਸੀ। ਡੀਪੀਆਈਆਈਟੀ ਦੇ ਅੰਕੜਿਆਂ (2023-24 ਵਿੱਚ) ਮੁਤਾਬਿਕ, ਰੀਟੇਨਡ ਅਤੇ ਮੁੜ ਨਿਵੇਸ਼ ਐੱਫਡੀਆਈ 19.77 ਅਰਬ ਡਾਲਰ ਸੀ। ਇੰਝ ਭਾਰਤ ਨੂੰ ਸ਼ੁੱਧ ਰੂਪ ਵਿੱਚ 51.17 ਅਰਬ ਡਾਲਰ ਦੀ ਨਕਦ ਆਮਦ ਪ੍ਰਾਪਤ ਹੋਈ (ਭਾਵ, 70.94 ਅਰਬ ਡਾਲਰ ਮਨਫੀ 19.77 ਅਰਬ ਡਾਲਰ)। ਜੇ ਅਸੀਂ ਅਪਨਿਵੇਸ਼ ਜਾਂ ਰੀਪੈਟਰੀਏਸ਼ਨ ਦੇ ਰੂਪ ਵਿੱਚ ਨਿਕਲੇ 44.47 ਅਰਬ ਡਾਲਰ ਨੂੰ ਲਈਏ ਤਾਂ ਇਹ ਸ਼ੁੱਧ ਸਿੱਧੇ ਵਿਦੇਸ਼ੀ ਨਿਵੇਸ਼ ਨਕਦ ਆਮਦ ਮਹਿਜ਼ 6.70 ਅਰਬ ਡਾਲਰ ਰਹਿ ਜਾਂਦੀ ਹੈ ਜੋ ਬਹੁਤ ਹੀ ਮਾਮੂਲੀ ਰਕਮ ਹੈ।

ਡੀਪੀਆਈਆਈਟੀ ਅਤੇ ਆਰਬੀਆਈ ਦੇ ਅੰਕੜਿਆਂ ਨੂੰ ਮਿਲਾ ਕੇ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ 2020-21, 2021-22, 2022-23 ਵਿੱਚ ਸ਼ੁੱਧ ਨਕਦ ਐੱਫਡੀਆਈ ਕ੍ਰਮਵਾਰ 37.99 ਅਰਬ ਡਾਲਰ, 36.88 ਅਰਬ ਡਾਲਰ, 22.90 ਅਰਬ ਡਾਲਰ ਅਤੇ 6.70 ਅਰਬ ਡਾਲਰ ਸੀ। ਪਿਛਲੇ ਦੋ ਸਾਲਾਂ ਦੌਰਾਨ ਸ਼ੁੱਧ ਨਕਦ ਐੱਫਡੀਆਈ ਵਿੱਚ ਗਿਰਾਵਟ ਬਹੁਤ ਤੇਜ਼ ਹੋ ਗਈ ਹੈ। ਕਿਉਂ?

ਇਨ੍ਹਾਂ ਚਾਰ ਸਾਲਾਂ ਦੌਰਾਨ ਰਿਟੇਨਡ ਜਾਂ ਮੁੜ ਨਿਵੇਸ਼ ਕਮਾਈ ਐੱਫਡੀਆਈ ਕਾਫ਼ੀ ਹੱਦ ਤੱਕ ਸਥਿਰ ਰਿਹਾ ਹੈ ਜੋ ਕ੍ਰਮਵਾਰ 16.94 ਅਰਬ ਡਾਲਰ, 19.35 ਅਰਬ ਡਾਲਰ, 19.12 ਅਰਬ ਡਾਲਰ ਅਤੇ 19.77 ਅਰਬ ਡਾਲਰ ਰਿਹਾ ਹੈ। ਨਵੇਂ ਐੱਫਡੀਆਈ ਦੀ ਆਮਦ 2020-21 ਵਿੱਚ 81.97 ਅਰਬ ਡਾਲਰ ਤੋਂ ਵਧ ਕੇ 2021-22 ਵਿੱਚ 84.84 ਅਰਬ ਡਾਲਰ ਹੋ ਗਈ ਸੀ ਅਤੇ ਉਸ ਤੋਂ ਬਾਅਦ ਇਸ ਵਿੱਚ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ ਹਾਲਾਂਕਿ 2022-23 ਵਿੱਚ ਇਹ 71.36 ਅਰਬ ਡਾਲਰ ਅਤੇ 2023-24 ਵਿੱਚ 70.94 ਅਰਬ ਡਾਲਰ ਸੀ। ਇਨ੍ਹਾਂ ਚਾਰ ਸਾਲਾਂ ਵਿੱਚ ਰੀਪੇਮੈਂਟਸ/ਅਪਨਿਵੇਸ਼ ਵਿੱਚ ਭਾਰੀ ਵਾਧਾ ਹੋਇਆ ਹੈ ਜਿਸ ਤੋਂ ਸ਼ੁੱਧ ਨਕਦ ਐੱਫਡੀਆਈ ਆਮਦ ਵਿੱਚ ਆ ਰਹੀ ਗਿਰਾਵਟ ਦਾ ਖੁਲਾਸਾ ਹੁੰਦਾ ਹੈ। 2020-21 ਵਿੱਚ ਇਹ ਰੀਪੇਮੈਂਟਸ/ਅਪਨਿਵੇਸ਼ 27.05 ਅਰਬ ਡਾਲਰ, 2021-22 ਵਿੱਚ 28.61 ਅਰਬ ਡਾਲਰ, 2022-23 ਵਿੱਚ 29.35 ਅਰਬ ਡਾਲਰ ਅਤੇ 2023-24 ਵਿੱਚ 44.47 ਅਰਬ ਡਾਲਰ 'ਤੇ ਪਹੁੰਚ ਗਈਆਂ ਸਨ।




2024-25 ਵਿੱਚ ਵੀ ਸ਼ੁੱਧ ਨਵੇਂ ਨਕਦ ਐੱਫਡੀਆਈ ਆਮਦ ਦੀ ਸਥਿਤੀ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਸੁਧਾਰ ਨਹੀਂ ਹੋ ਸਕਿਆ। ਡੀਪੀਆਈਆਈਟੀ ਦੇ ਅੰਕੜਿਆਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਭਾਰਤ ਨੂੰ ਅਪਰੈਲ ਦਸੰਬਰ 2024-25 ਕੁੱਲ 62.48 ਅਰਬ ਡਾਲਰ ਦਾ ਐੱਫਡੀਆਈ ਪ੍ਰਾਪਤ ਹੋਇਆ ਸੀ ਜਿਸ ਵਿੱਚੋਂ 16.87 ਅਰਬ ਡਾਲਰ ਮੁੜ ਨਿਵੇਸ਼/ਰਿਟੇਨਡ ਕਮਾਈ ਦੇ ਰੂਪ ਸਨ। ਆਰਬੀਆਈ ਮੁਤਾਬਿਕ ਇਸ ਕਾਲ ਦੌਰਾਨ ਰੀਪੈਟਰੀਏਸ਼ਨ/ਅਪਨਿਵੇਸ਼ ਵਿੱਚ ਹੋਰ ਇਜ਼ਾਫ਼ਾ ਹੋ ਗਿਆ ਜੋ 44 ਅਰਬ ਡਾਲਰ 'ਤੇ ਪਹੁੰਚ ਗਿਆ ਸੀ (2023-24 ਦੇ ਸਮੁੱਚੇ ਸਾਲ ਵਿੱਚ ਇਹ ਲਗਭਗ 44.47 ਅਰਬ ਡਾਲਰ ਹੋ ਗਿਆ ਸੀ)।

ਐੱਫਡੀਆਈ ਦੇ ਇਸ ਵਿਆਪਕ ਨਿਕਾਸ ਕਰ ਕੇ ਕੁੱਲ ਐੱਫਡੀਆਈ ਆਮਦ ਸੁੰਗੜ ਕੇ ਸਿਰਫ਼ 18.49 ਅਰਬ ਡਾਲਰ ਰਹਿ ਗਈ ਹੈ। ਬਰਕਰਾਰ/ਮੁੜ ਨਿਵੇਸ਼ ਕੀਤੀ 16.87 ਅਰਬ ਡਾਲਰ ਦੀ ਐੱਫਡੀਆਈ ਨੂੰ ਬਾਹਰ ਰੱਖ ਕੇ, ਆਉਣ ਵਾਲੀ ਕੁੱਲ ਨਗਦ ਐੱਫਡੀਆਈ2024-25 ਦੇ ਨੌਂ ਮਹੀਨਿਆਂ ਵਿੱਚ ਸਿਰਫ਼ 1.61 ਅਰਬ ਡਾਲਰ ਸੀ। ਜਨਵਰੀ-ਫਰਵਰੀ 2025 ਦਾ ਆਰਬੀਆਈ ਡੇਟਾ ਦੱਸਦਾ ਹੈ ਕਿ ਆਖ਼ਰੀ ਤਿਮਾਹੀ ਵਿੱਚ ਮੁੜ ਅਦਾਇਗੀਆਂ/ਅਪਨਿਵੇਸ਼ਾਂ ਵਿੱਚ ਨਿਰੰਤਰ ਤੇਜ਼ੀ ਰਹੀ। ਇਕ ਸੰਭਾਵਨਾ ਹੈ ਕਿ 2024-25 ਵਿੱਚ ਜੇ ਕੁੱਲ ਨਵੀਂ ਨਗ਼ਦ ਐੱਫਡੀਆਈ ਦੀ ਆਮਦ ਨੈਗੇਟਿਵ ਨਹੀਂ ਤਾਂ ਸਿਫ਼ਰ ਜ਼ਰੂਰ ਰਹਿ ਸਕਦੀ ਹੈ।

ਐੱਫਡੀਆਈ ਨਿਵੇਸ਼ਕ ਭਾਰਤ ਤੋਂ ਦੂਰ ਕਿਉਂ ਜਾ ਰਹੇ ਹਨ? ਚਾਰ ਵੱਡੇ ਕਾਰਨ ਤਸਵੀਰ ਸਾਫ਼ ਕਰਦੇ ਲੱਗਦੇ ਹਨ। ਪਹਿਲਾ, ਮੇਕ ਇਨ ਇੰਡੀਆ ਤੇ ਉਤਪਾਦਨ ਨਾਲ ਜੁੜੀਆਂ ਰਿਆਇਤਾਂ (ਪੀਐੱਲਆਈ), ਤੋਂ ਉਮੀਦ ਸੀ ਕਿ ਇਹ ਅਮਰੀਕਾ ਦੀ ਚੀਨ+1 ਨੀਤੀ ਤੋਂ ਬਾਅਦ ਚੀਨ ਤੋਂ ਬਾਹਰ ਜਾ ਰਹੀ ਐੱਫਡੀਆਈ ਨੂੰ ਭਾਰਤ ਵੱਲ ਖਿੱਚਣਗੇ, ਪਰ ਇਹ ਬੁਰੀ ਤਰ੍ਹਾਂ ਨਾਕਾਮ ਹੋ ਗਏ। 'ਐਪਲ' ਨੂੰ ਛੱਡ ਕੇ ਕੋਈ ਵੀ ਵੱਡਾ ਬਹੁ-ਕੌਮੀ ਐੱਫਡੀਆਈ ਨਿਵੇਸ਼ ਭਾਰਤ ਨਹੀਂ ਆਇਆ। ਇਸ ਦੀ ਬਜਾਏ ਐੱਫਡੀਆਈ ਨਿਵੇਸ਼ਕ ਵੀਅਤਨਾਮ ਤੇ ਹੋਰ ਪੂਰਬੀ-ਏਸ਼ਿਆਈ ਦੇਸ਼ਾਂ ਨੂੰ ਚਲੇ ਗਏ।

ਦੂਜਾ, ਸਰਕਾਰ ਦਾ ਪੂੰਜੀ ਨਿਵੇਸ਼ ਪ੍ਰੋਗਰਾਮ ਲਗਭੱਗ ਪੂਰੀ ਤਰ੍ਹਾਂ ਪੁਰਾਣੀ ਦੁਨੀਆ ਦੇ ਭੌਤਿਕ ਢਾਂਚੇ ਉੱਤੇ ਕੇਂਦਰਿਤ ਸੀ। ਇਸ ਤੋਂ ਇਲਾਵਾ ਘਾਟੇ ਵਿੱਚ ਜਾ ਰਹੀਆਂ ਸਰਕਾਰੀ ਕੰਪਨੀਆਂ ਜਿਵੇਂ ਰੇਲਵੇ, ਹਾਈਵੇਅਜ਼ ਤੇ ਬੀਐੱਸਐੱਨਐੱਲ ਵੱਡਾ ਨਿਵੇਸ਼ ਨਹੀਂ ਜੁਟਾ ਸਕੇ ਤੇ ਪ੍ਰਾਈਵੇਟ ਅਤੇ ਵਿਦੇਸ਼ੀ ਨਿਵੇਸ਼ ਤੇਜ਼ ਕਰਨ ਵਿੱਚ ਨਾਕਾਮ ਰਹੇ। ਤੀਜਾ, ਭਾਰਤ ਨੇ 'ਆਤਮ-ਨਿਰਭਰ ਭਾਰਤ' ਦੇ ਨਾਂ ਉੱਤੇ ਰੱਖਿਆਤਮਕ ਟੈਰਿਫ ਲਾ ਦਿੱਤੇ ਜਿਸ ਦੇ ਸਿੱਟੇ ਵਜੋਂ ਇਹ ਘੱਟ ਨਿਵੇਸ਼-ਹਿੱਤਕਾਰੀ ਮੁਲਕ ਬਣ ਕੇ ਰਹਿ ਗਿਆ। ਇਸ ਕਾਰਨ ਵਿਦੇਸ਼ੀ ਨਿਵੇਸ਼ਕ ਦੂਰ ਜਾਣ ਲੱਗੇ।

ਅਖੀਰ 'ਚ, ਭਾਰਤੀ ਸਟਾਰਟ-ਅੱਪ ਢਾਂਚੇ ਵਿੱਚ ਲੱਗ ਰਹੀ ਪੂੰਜੀ (ਵੈਂਚਰ ਕੈਪੀਟਲ) ਤੇ ਪ੍ਰਾਈਵੇਟ ਹਿੱਸੇਦਾਰੀ ਪੱਕਣ ਵਾਲੇ ਗੇੜ ਵਿੱਚ ਦਾਖ਼ਲ ਹੋ ਰਹੀ ਹੈ, ਪਿਛਲੇ ਦੋ ਸਾਲਾਂ ਵਿੱਚ ਕਈਆਂ ਨੇ ਆਪਣੇ ਨਿਵੇਸ਼ ਬਹੁਤ ਤੇਜ਼ੀ ਨਾਲ ਕੱਢ ਲਏ ਹਨ। ਬਹੁਤ ਘੱਟ ਸੰਭਾਵਨਾ ਹੈ ਕਿ ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਨੇੜ ਭਵਿੱਖ 'ਚ ਠੀਕ ਹੋ ਜਾਵੇਗੀ। ਲੱਗਦਾ ਹੈ ਭਾਰਤ ਨਵੇਂ ਵਿਦੇਸ਼ੀ ਨਿਵੇਸ਼ ਦੇ ਪੱਖ ਤੋਂ ਮੱਧਮ-ਅਵਧੀ ਲਈ ਮੰਦੀ 'ਚ ਜਾ ਸਕਦਾ ਹੈ, ਭਾਵੇਂ ਪੂਰੀ ਤਰ੍ਹਾਂ ਢਹਿ-ਢੇਰੀ ਨਾ ਹੀ ਹੋਵੇ।

ਭਾਰਤ ਵਿੱਚ ਜ਼ਿਆਦਾਤਰ ਐੱਫਡੀਆਈ ਦੱਖਣੀ ਤੇ ਪੱਛਮੀ ਰਾਜਾਂ 'ਚ ਆਉਂਦੀ ਹੈ ਜਿਨ੍ਹਾਂ 'ਤੇ ਪਾਕਿਸਤਾਨ ਨਾਲ ਤਣਾਅ ਦਾ ਕੋਈ ਬਹੁਤਾ ਅਸਰ ਨਹੀਂ ਹੈ। ਆਲਮੀ ਨਿਵੇਸ਼ ਦੇ ਪ੍ਰਵਾਹ 'ਤੇ ਅਮਰੀਕੀ ਟੈਕਸਾਂ ਦੇ ਸਿੱਟਿਆਂ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ, ਇਨ੍ਹਾਂ ਦਾ ਅਨੁਮਾਨ ਲਾਉਣਾ ਮੁਸ਼ਕਿਲ ਹੈ। ਜੇਕਰ ਕੌਮਾਂਤਰੀ ਐੱਫਡੀਆਈ ਟਿਕਾਣਾ ਬਦਲਦੀ ਹੈ ਤਾਂ ਕਿਸੇ ਵੀ ਸੂਰਤ ਵਿੱਚ ਸਾਡੇ ਕੋਲ ਇਸ ਨੂੰ ਸੰਭਾਲਣ ਦਾ ਕੋਈ ਬਹੁਤ ਵਧੀਆ ਵਾਤਾਵਰਨ ਪਹਿਲਾਂ ਹੀ ਤਿਆਰ ਹੋਇਆ ਨਹੀਂ ਪਿਆ।

ਚੀਨ 'ਚ ਆਉਣ ਵਾਲੀ ਐੱਫਡੀਆਈ ਬਹੁਤ ਬੁਰੀ ਤਰ੍ਹਾਂ ਡਿੱਗ ਚੁੱਕੀ ਹੈ (ਓਈਸੀਡੀ ਅੰਕੜੇ)- ਸਾਲ 2021 ਵਿੱਚ 344.08 ਅਰਬ ਡਾਲਰ ਤੋਂ ਲੈ ਕੇ 2022 ਵਿੱਚ 190.20 ਅਰਬ ਡਾਲਰ ਤੱਕ, ਸੰਨ 2023 ਵਿੱਚ 51.34 ਅਰਬ ਡਾਲਰ ਤੋਂ ਲੈ ਕੇ 2024 ਵਿੱਚ 18.56 ਅਰਬ ਡਾਲਰ ਤੱਕ। ਇਹ ਦੁਨੀਆ ਨੂੰ ਦੱਸਦਾ ਹੈ ਕਿ ਖ਼ਾਸ ਤੌਰ 'ਤੇ ਅਮਰੀਕਾ, ਚੀਨ ਤੋਂ ਦੂਰ ਜਾ ਰਿਹਾ ਹੈ ਅਤੇ ਮੌਜੂਦਾ ਨਿਵੇਸ਼ ਨੂੰ ਦੂਜੇ ਦੇਸ਼ਾਂ ਵਿੱਚ ਤਬਦੀਲ ਕਰ ਰਿਹਾ ਹੈ। ਚੀਨ ਹਾਲਾਂਕਿ ਐਨੀ ਤਰੱਕੀ ਕਰ ਚੁੱਕਾ ਹੈ ਕਿ ਉਸ ਨੂੰ ਐੱਫਡੀਆਈ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ।

ਇਸ ਦੀ ਥਾਂ ਇਹ ਵੱਡਾ ਆਲਮੀ ਐੱਫਡੀਆਈ ਨਿਵੇਸ਼ਕ ਬਣ ਗਿਆ ਹੈ। ਸਾਲ 2024 ਵਿੱਚ, 1.61 ਖਰਬ ਡਾਲਰ ਦੀ ਕੁੱਲ ਆਲਮੀ ਬਾਹਰੀ ਐੱਫਡੀਆਈ ਵਿੱਚ ਚੀਨ ਦਾ ਹਿੱਸਾ 172.24 ਅਰਬ ਡਾਲਰ ਸੀ (ਕਰੀਬ 11 ਪ੍ਰਤੀਸ਼ਤ), ਜੋ ਅਮਰੀਕਾ ਤੋਂ ਬਾਅਦ ਦੂਜਾ ਸਭ ਤੋਂ ਵੱਡਾ (298.98 ਅਰਬ ਡਾਲਰ) ਵਿਦੇਸ਼ੀ ਨਿਵੇਸ਼ ਹੈ। ਸਾਲ 2023 ਵਿੱਚ ਚੀਨ ਨੇ ਬਾਹਰਲੇ ਦੇਸ਼ਾਂ ਵਿੱਚ 225.67 ਅਰਬ ਡਾਲਰ ਦਾ ਨਿਵੇਸ਼ ਕੀਤਾ (1.57 ਖਰਬ ਡਾਲਰ ਦੇ ਕੁੱਲ ਵਿਦੇਸ਼ੀ ਨਿਵੇਸ਼ ਦਾ 14 ਪ੍ਰਤੀਸ਼ਤ)

ਭਾਰਤ ਨੂੰ ਚੀਨ ਅੰਦਰ ਡਿੱਗ ਰਹੇ ਵਿਦੇਸ਼ੀ ਨਿਵੇਸ਼ 'ਤੇ ਖੁਸ਼ ਨਹੀਂ ਹੋਣਾ ਚਾਹੀਦਾ। ਇਸ ਦੀ ਬਜਾਏ ਇਸ ਨੂੰ ਦੇਖਣਾ ਚਾਹੀਦਾ ਹੈ ਕਿ ਕਿਵੇਂ ਹੋਰ ਮੁਲਕ- ਬ੍ਰਾਜ਼ੀਲ (59.18 ਅਰਬ ਡਾਲਰ), ਇੰਡੋਨੇਸ਼ੀਆ (24.21 ਅਰਬ ਡਾਲਰ), ਆਸਟਰੇਲੀਆ (64.067 ਅਰਬ ਡਾਲਰ) ਤੇ ਵੀਅਤਨਾਮ (25.35 ਅਰਬ ਡਾਲਰ) ਉੱਚਾ ਵਿਦੇਸ਼ ਨਿਵੇਸ਼ ਖਿੱਚਣ ਵਿੱਚ ਸਫਲ ਹੋ ਰਹੇ ਹਨ। ਸਾਡੇ ਉਦਯੋਗਿਕ ਨਿਵੇਸ਼ ਅਤੇ ਐੱਫਡੀਆਈ ਨੀਤੀਆਂ ਦੀ ਗੰਭੀਰ ਸਮੀਖਿਆ ਅਤੇ ਪੁਨਰਗਠਨ ਲੋੜੀਂਦਾ ਹੈ।

ਸੁਭਾਸ਼ ਚੰਦਰ ਗਰਗ

**ਦਾ ਪੰਜਾਬ ਹੈਰਲਡ**

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। **ਸੰਪਰਕ 0437641033**

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

thepunjabherald1@gmail.com

# ਪੰਜਾਬ ਦੀ ਜ਼ਿਮਨੀ ਚੋਣ ਅਤੇ ਭਾਜਪਾ ਦੀ ਖਾਮੋਸ਼ੀ

ਲੁਧਿਆਣਾ ਪੱਛਮੀ ਅਸੈਂਬਲੀ ਹਲਕੇ ਵਿੱਚ 19 ਜੂਨ ਨੂੰ ਹੋਣ ਵਾਲੀ ਚੋਣ ਤੋਂ ਦਸ ਦਿਨ ਪਹਿਲਾਂ, ਪੰਜਾਬ ਭਾਜਪਾ ਦੋ ਸਵਾਲ ਪੁੱਛ ਰਹੀ ਹੈ। ਪਹਿਲਾ ਹੈ, ਲੁਧਿਆਣਾ ਪੱਛਮੀ ਕਿੱਥੇ ਹੈ? ਤੇ ਦੂਜਾ ਹੈ, ਲੁਧਿਆਣਾ ਪੱਛਮੀ ਤੋਂ ਕੌਣ? ਸੂਬੇ ਵਿੱਚ ਪਾਰਟੀ ਅੰਦਰ ਸੰਕਟ ਇਹ ਹੈ ਕਿ ਇਹ ਦੇਸ਼ ਦੇ ਬਾਕੀ ਹਿੱਸਿਆਂ ਅੰਦਰ ਸਰਪਟ ਚੱਲ ਰਹੀ ਇਸ ਦੀ ਅਜੇਤੂ ਮੁਹਿੰਮ ਤੋਂ ਐਨ ਉਲਟ ਹੈ, ਜਿਸ ਦੇ ਹੋਕਰੇ ਪਿਛਲੇ ਕਈ ਮਹੀਨਿਆਂ ਤੋਂ ਸੁਣਾਈ ਦੇ ਰਹੇ ਹਨ ਅਤੇ ਇਸ ਨੇ ਜਿਨ੍ਹਾਂ ਵੀ ਰਾਜਾਂ 'ਤੇ ਨਜ਼ਰ ਟਿਕਾਈ, ਉੱਥੇ ਆਪਣੀ ਸਰਕਾਰ ਕਾਇਮ ਕਰ ਲਈ। ਹਰਿਆਣਾ, ਮਹਾਰਾਸ਼ਟਰ ਅਤੇ ਦਿੱਲੀ; ਇੱਥੋਂ ਤੱਕ ਕਿ ਮਨੀਪੁਰ ਵਿਚ ਭਾਜਪਾ ਦੇ ਲੋਕ ਬਹੁਗਿਣਤੀ (44) ਵਿਧਾਇਕਾਂ ਦੀ ਹਮਾਇਤ ਜੁਟਾਉਣ ਦਾ ਯਤਨ ਕਰ ਰਹੇ ਹਨ ਤਾਂ ਕਿ ਉੱਥੇ ਮੁੜ ਆਪਣੀ ਸਰਕਾਰ ਕਾਇਮ ਕੀਤੀ ਜਾ ਸਕੇ। ਭਾਜਪਾ ਦੀ ਪ੍ਰਚਾਰ ਮੁਹਿੰਮ ਨੂੰ ਚੌਵੀ ਘੰਟੇ ਤੇ ਪੂਰਾ ਹਫ਼ਤਾ ਇਹ ਰੇਖਾਂਕਿਤ ਕਰਨ ਲਈ ਕਿ ਇਹ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ, ਜਿਸ ਕੋਲ 90 ਕਰੋੜ ਦੀ ਮੈਂਬਰਸ਼ਿਪ ਹੈ, ਲਈ ਅਪਰੇਸ਼ਨ ਸਿੰਧੂਰ ਦੀ ਲੋੜ ਨਹੀਂ ਹੈ। ਭਾਜਪਾ ਚੀਨ ਦੀ ਕਮਿਊਨਿਸਟ ਪਾਰਟੀ ਨਾਲੋਂ ਵੀ ਵੱਡੀ ਹੋਣ ਦੇ ਦਾਅਵੇ ਕਰ ਰਹੀ ਹੈ।

ਯਕੀਨਨ, ਅਪਰੇਸ਼ਨ ਸਿੰਧੂਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਹਿਮੀਅਤ ਨੂੰ ਨਾ ਕੇਵਲ ਪਾਰਟੀ ਅੰਦਰ ਸਗੋਂ ਸਮੁੱਚੇ ਦੇਸ਼ ਅਤੇ ਕੌਮਾਂਤਰੀ ਮੰਚ ਉੱਪਰ ਵੀ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਨੇ ਪਾਕਿਸਤਾਨ ਦੇ ਅੰਦਰ ਦਹਿਸ਼ਤਗਰਦੀ ਦੇ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਦਾ ਫ਼ੈਸਲਾ ਕੀਤਾ। ਫਿਰ ਜਦੋਂ ਪਾਕਿਸਤਾਨੀਆਂ ਨੇ ਬਾਰਾਮੁੱਲਾ ਤੋਂ ਲੈ ਕੇ ਭੁਜ ਤੱਕ ਭਾਰਤੀ ਫ਼ੌਜੀ ਬੁਨਿਆਦੀ ਢਾਂਚੇ ਉੱਪਰ ਡਰੋਨਾਂ ਅਤੇ ਮਿਜ਼ਾਈਲਾਂ ਦਾ ਮੀਂਹ ਵਰ੍ਹਾ ਕੇ ਮੋੜਵਾਂ ਹਮਲਾ ਕੀਤਾ ਤਾਂ ਇਹ ਪ੍ਰਧਾਨ ਮੰਤਰੀ ਹੀ ਸਨ ਜਿਨ੍ਹਾਂ ਨੇ ਹਵਾਈ ਜੰਗ ਨੂੰ ਤੇਜ਼ ਕਰਨ ਦਾ ਫ਼ੈਸਲਾ ਕਰਦੇ ਹੋਏ, ਪਾਕਿਸਤਾਨ ਦੇ 11 ਫ਼ੌਜੀ ਅੱਡਿਆਂ ਤੇ ਰਨਵੇਅਜ਼ ਉੱਪਰ ਬੰਬਾਰੀ ਕੀਤੀ। ਬ੍ਰਹਮੋਸ ਮਿਜ਼ਾਈਲ ਨੇ ਯਕੀਨਨ ਆਪਣਾ ਕੰਮ ਕੀਤਾ ਅਤੇ ਰਾਵਲਪਿੰਡੀ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਾਰਵਾਈ ਕਰਨ ਦਾ ਸਿਹਰਾ ਯਕੀਨਨ ਸ੍ਰੀ ਮੋਦੀ ਨੂੰ ਦਿੱਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਉਨ੍ਹਾਂ ਦੇ ਕਰੀਬੀ, ਸ਼ਕਤੀਸ਼ਾਲੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਹ ਦਰਸਾਇਆ ਕਿ ਕਿਵੇਂ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਵਿਚਕਾਰ ਕੋਈ ਮਤਭੇਦ ਜਾਂ ਅਸਹਿਮਤੀ ਨਹੀਂ ਹੈ। ਇਹ ਉਵੇਂ ਹੀ ਸੀ ਜਿਵੇਂ ਇੱਕ ਦੂਜੇ ਦੇ ਵਾਕਾਂ ਨੂੰ ਪੂਰਾ ਕਰ ਰਹੇ ਹੋਣ। ਪਾਰਟੀ ਅਤੇ ਦੇਸ਼ ਉੱਪਰ ਇਨ੍ਹਾਂ ਦੋਵਾਂ ਦਾ ਪੂਰਾ ਕੰਟਰੋਲ ਹੈ।

ਅਮਿਤ ਸ਼ਾਹ ਬਾਬਤ ਵਾਰ-ਵਾਰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਨ੍ਹਾਂ ਦਾ ਹਰ ਅਮਲ ਗਿਣਿਆ-ਮਿਥਿਆ ਹੁੰਦਾ ਹੈ। ਇਹ ਕਿਹਾ ਜਾਂਦਾ ਹੈ ਕਿ ਉਹ ਪੰਚਾਇਤ ਤੋਂ ਲੈ ਕੇ ਲੋਕ ਸਭਾ ਤੱਕ ਹਰ ਚੋਣ ਲੜਦੇ ਹਨ, ਜਿਵੇਂ ਮਹਾਰਾਸ਼ਟਰ ਦੀ ਬਿਸਾਤ 'ਤੇ ਦਾਅ ਲਾਉਂਦਿਆਂ ਉਹ ਹਰ ਚਾਲ ਚੱਲਣ 'ਤੇ ਤਿੰਨ ਅਗਲੀਆਂ ਚਾਲਾਂ ਬਾਰੇ ਸੋਚਦੇ ਸਨ। ਭਾਰਤ-ਪਾਕਿਸਤਾਨ ਟਕਰਾਅ ਦੇ ਖਾਤਮੇ ਤੋਂ ਕੁਝ ਦਿਨਾਂ ਦੇ ਅੰਦਰ ਹੀ, ਜਿਵੇਂ ਪ੍ਰਧਾਨ ਮੰਤਰੀ ਵੱਲੋਂ ਦੇਸ਼ ਭਰ ਵਿੱਚ ਦੌਰੇ ਕਰ ਕੇ ਹੁਣੇ ਖਤਮ ਹੋਏ ਟਕਰਾਅ ਬਾਰੇ ਲੋਕਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਤਾਂ ਸ੍ਰੀ ਸ਼ਾਹ ਜ਼ਮੀਨੀ ਪੱਧਰ 'ਤੇ ਨੁਕਸਾਨ ਦਾ ਪਤਾ ਲਾਉਣ ਲਈ ਜੰਮੂ ਖੇਤਰ ਵਿੱਚ ਵਾਪਸ ਆਏ ਹਨ।



ਸ਼ਾਇਦ ਇਨ੍ਹਾਂ 'ਚੋਂ ਕੁਝ ਵੀ ਨਵਾਂ ਨਹੀਂ ਹੈ। 2014 ਵਿੱਚ ਜਦੋਂ ਭਾਜਪਾ ਸੱਤਾ ਵਿੱਚ ਆਈ ਸੀ ਤਾਂ ਉਦੋਂ ਤੋਂ ਹੀ ਮੋਦੀ-ਸ਼ਾਹ ਨੇ ਭਾਜਪਾ ਅਤੇ ਦੇਸ਼ ਉੱਪਰ ਪਕੜ ਬਣਾਈ ਹੋਈ ਹੈ- ਵਿਰੋਧੀ ਧਿਰ ਨੂੰ ਪਾੜ ਕੇ ਰੱਖਿਆ, ਸਮਾਜ ਤੇ ਮੀਡੀਆ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ, ਦੇਵੀ ਦੇਵਤਿਆਂ ਦੇ ਹਵਾਲਿਆਂ ਨਾਲ ਰਾਸ਼ਟਰਵਾਦ ਨੂੰ ਦਰਸਾਇਆ ਹੈ, ਹਾਲਾਂਕਿ ਜਿਵੇਂ ਅਸੀਂ ਜਾਣਦੇ ਹਾਂ ਕਿ ਹਿੰਦੂ ਦੇਵਤਿਆਂ ਬਾਰੇ ਸਭ ਤੋਂ ਪਿਆਰੀ ਗੱਲ ਇਹ ਹੈ ਕਿ ਇਹ ਵੀ ਅਪੂਰਨ ਹੁੰਦੇ ਹਨ।

ਅਤੀਤ ਅਤੇ ਵਰਤਮਾਨ ਦੇ ਸਾਰੇ ਪਾਰਟੀ ਪ੍ਰਧਾਨ ਇਹ ਜਾਣਦੇ ਹਨ। ਮੌਜੂਦਾ ਪ੍ਰਧਾਨ ਜੇਪੀ ਨੱਡਾ ਜੋ ਹਿਮਾਚਲ ਪ੍ਰਦੇਸ਼ ਤੋਂ ਇੱਕ ਭੱਦਰਪੁਰਸ਼ ਹਨ, ਨੂੰ ਇਹ ਹੈਰਾਨੀ ਹੋ ਰਹੀ ਹੋਵੇਗੀ ਕਿ ਉਨ੍ਹਾਂ ਦਾ ਵਧਿਆ ਹੋਇਆ ਕਾਰਜਕਾਲ ਕਿੰਨੀ ਕੁ ਦੇਰ ਚੱਲੇਗਾ। ਕਿਹਾ ਜਾ ਰਿਹਾ ਹੈ ਕਿ ਆਰਐੱਸਐੱਸ ਪੂਰੀ ਤਰ੍ਹਾਂ ਮੋਦੀ ਰੇਲ ਵਿੱਚ ਸਵਾਰ ਹੈ, ਉਨ੍ਹਾਂ ਦੇ ਹਿੰਦੂਤਵ ਦਾ ਸੰਦੇਸ਼ ਦੇਸ਼ ਦੀ ਗਲੀ-ਗਲੀ ਵਿੱਚ ਪਹੁੰਚਾਇਆ ਜਾ ਰਿਹਾ ਹੈ ਅਤੇ ਆਪਣੇ ਸ਼ਤਾਬਦੀ ਵਰ੍ਹੇ ਵਿੱਚ ਉਹ ਇਸ ਤੋਂ ਵੱਧ ਹੋਰ ਕਿਸ ਚੀਜ਼ ਦੀ ਖਾਹਿਸ਼ ਕਰ ਸਕਦੇ ਹਨ।

ਚਲੋ ਪਹਿਲੇ ਸਵਾਲ 'ਤੇ ਆਉਂਦੇ ਹਾਂ। ਕਿਉਂ ਭਾਜਪਾ 'ਚ ਕੋਈ ਵੀ, ਇੱਥੋਂ ਤੱਕ ਕਿ ਮੋਦੀ-ਸ਼ਾਹ ਵੀ, ਪੰਜਾਬ ਦੇ ਇੱਕ ਖੂੰਜੇ 'ਚ ਹੋ ਰਹੀ ਜ਼ਿਮਨੀ ਚੋਣ, ਲੁਧਿਆਣਾ ਪੱਛਮੀ, ਵਿੱਚ ਦਿਲਚਸਪੀ ਨਹੀਂ ਲੈ ਰਿਹਾ, ਇਹ ਦੇਖਦੇ ਹੋਏ ਵੀ ਕਿ ਪੰਜਾਬ, ਜੋ ਸੰਵੇਦਨਸ਼ੀਲ ਸਰਹੱਦੀ ਰਾਜ ਹੈ, ਹੁਣੇ-ਹੁਣੇ ਪਾਕਿਸਤਾਨ ਨਾਲ ਲਗਭਗ ਜੰਗ ਵਰਗੇ ਹਾਲਾਤ 'ਚੋਂ ਲੰਘਿਆ ਹੈ, ਚਾਹੇ ਇਹ ਜ਼ਿਆਦਾਤਰ ਹਵਾਈ ਯੁੱਧ ਹੀ ਸੀ ਅਤੇ ਕੋਈ ਹੋਰ ਨਹੀਂ ਬਲਕਿ ਪ੍ਰਧਾਨ ਮੰਤਰੀ ਮੋਦੀ ਖ਼ੁਦ ਟਕਰਾਅ ਖ਼ਤਮ ਹੋਣ ਦੇ ਇੱਕ ਦਿਨ ਦੇ ਅੰਦਰ ਹੀ ਆਦਮਪੁਰ ਆਏ, ਮਹੱਤਵਪੂਰਨ ਸੀ ਕਿਉਂਕਿ ਐੱਸ-400 ਪ੍ਰਣਾਲੀ ਨੇ ਪਾਕਿਸਤਾਨ ਦੀਆਂ ਹਤਫ਼ ਮਿਜ਼ਾਈਲਾਂ ਨੂੰ ਰੋਕੀ ਰੱਖਿਆ?

ਬਿਲਕੁਲ ਦਿਲਚਸਪੀ ਨਾ ਹੋਣ ਦੀ ਗੱਲ ਵਿਚਾਰੋ। ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਈ ਮਹੀਨੇ ਪਹਿਲਾਂ ਅਸਤੀਫ਼ਾ ਦੇ ਦਿੱਤਾ ਤੇ ਉਨ੍ਹਾਂ ਦੀ ਜਗ੍ਹਾ ਭਰਨ ਲਈ ਕੋਈ ਹਲਚਲ ਨਹੀਂ ਹੋਈ। ਬੇਖੌਫ਼ ਅਮਰਿੰਦਰ ਸਿੰਘ, ਜਿਨ੍ਹਾਂ ਕਾਂਗਰਸ ਨੂੰ ਸਬਕ ਸਿਖਾਉਣ ਲਈ ਇਸ ਨੂੰ ਛੱਡਿਆ ਸੀ ਤੇ ਭਾਜਪਾ ਵਿੱਚ ਸ਼ਮੂਲੀਅਤ ਕੀਤੀ ਸੀ, ਰਾਜਨੀਤੀ ਦੀ ਗਹਿਮਾ-ਗਹਿਮੀ ਤੇ ਗੁਬਾਰ ਤੋਂ ਕਿਤੇ ਦੂਰ ਹਨ ਤੇ ਸੈਰ-ਸਪਾਟੇ ਦੀ ਯੋਜਨਾਬੰਦੀ 'ਚ ਰੁੱਝੇ ਹਨ। ਗੁਜਰਾਤ ਤੋਂ ਆਇਆ ਵਿਜੈ ਰੂਪਾਣੀ ਜੋ ਪੰਜਾਬ ਭਾਜਪਾ ਦਾ ਇੰਚਾਰਜ ਹੈ, ਬੋਰੀਅਤ 'ਚ ਖਿੱਝ ਕੇ ਕਿਤੇ ਲੁਕ-ਛਿਪ ਜਾਂਦਾ ਹੈ, ਪਰ ਸਾਰੇ ਉਸ ਨੂੰ ਦੇਖ ਸਕਦੇ ਹਨ।

ਲੁਧਿਆਣਾ ਪੱਛਮੀ ਹਲਕਾ ਜ਼ਿਆਦਾਤਰ ਹਿੰਦੂ ਬਹੁਗਿਣਤੀ ਵਾਲਾ ਹੈ, ਲਗਭਗ 85 ਪ੍ਰਤੀਸ਼ਤ, 18 ਮਹੀਨਿਆਂ ਬਾਅਦ ਹੋਣ ਵਾਲੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਲਈ ਖਾਤਾ ਖੋਲ੍ਹਣ ਦੀ ਸਹੀ ਜਗ੍ਹਾ। ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ, ਭਾਜਪਾ ਨੇ ਜ਼ਿਆਦਾ ਮਾੜੀ ਕਾਰਗੁਜ਼ਾਰੀ ਨਹੀਂ ਦਿਖਾਈ ਸੀ, ਕਰੀਬ 18 ਪ੍ਰਤੀਸ਼ਤ ਵੋਟਾਂ ਲਈਆਂ ਸਨ। ਪ੍ਰਧਾਨ ਮੰਤਰੀ, ਜਿਨ੍ਹਾਂ ਐਮਰਜੈਂਸੀ ਦੌਰਾਨ ਪੰਜਾਬ ਵਿੱਚ ਕਾਫ਼ੀ ਵਕਤ ਬਿਤਾਇਆ, ਕਿਹਾ ਜਾਂਦਾ ਹੈ ਕਿ ਪੰਜਾਬ ਲਈ ਉਨ੍ਹਾਂ ਦੇ ਮਨ 'ਚ ਖ਼ਾਸ ਜਗ੍ਹਾ ਹੈ ਪਰ ਸਾਫ਼ ਤੌਰ 'ਤੇ ਆਤਮ-ਵਿਸ਼ਵਾਸ ਦੀ ਘਾਟ ਹੈ।

ਮੰਨਿਆ ਜਾ ਰਿਹਾ ਹੈ ਕਿ ਲੁਧਿਆਣੇ ਦਾ ਮੁੰਡਾ ਵਿਕਰਮ ਸੰਧੂ ਪੱਛਮੀ ਹਲਕੇ ਤੋਂ ਉਮੀਦਵਾਰ ਹੋ ਸਕਦਾ ਹੈ- ਉਸ ਨੇ ਪਿਛਲੀ ਵਾਰ ਵੀ ਚੋਣ ਲੜੀ ਸੀ- ਸਿਵਾਏ ਇਸ ਦੇ ਕਿ ਸਥਾਨਕ 'ਸੰਗਠਨ' ਜਾਂ ਆਰਐੱਸਐੱਸ ਪ੍ਰਤੀਨਿਧੀ, ਮੰਤਰੀ ਸ੍ਰੀਨਿਵਾਸੁਲੂ ਇਸ ਨੂੰ ਮਨਜ਼ੂਰ ਨਾ ਕਰਨ। ਸ੍ਰੀਨਿਵਾਸੁਲੂ ਇਸ ਦੀ ਥਾਂ ਜੀਵਨ ਗੁਪਤਾ ਨੂੰ ਪਸੰਦ ਕਰਦੇ ਹਨ ਜੋ ਇੱਕ ਹੋਰ ਮੁਕਾਮੀ ਬਾਸ਼ਿੰਦਾ ਹੈ; ਉਹ ਪੂਰੀ ਤਰ੍ਹਾਂ 'ਸੰਗਠਨ' ਨੂੰ ਸਮਰਪਿਤ ਹੈ, ਪਰ ਇਸ਼ਾਰਾ ਮਿਲੇ ਤਾਂ, "ਦਸ ਵੋਟਾਂ ਵੀ ਸ਼ਾਇਦ ਨਾ ਮਿਲਣ"।

ਇਸ ਦੌਰਾਨ ਸ੍ਰੀਨਿਵਾਸੁਲੂ ਪੰਜਾਬ ਭਾਜਪਾ 'ਚ ਸਭ ਤੋਂ ਜ਼ਿਆਦਾ ਨਾ-ਪਸੰਦ ਕੀਤੇ ਗਏ ਹਨ। ਰੱਬ ਤੋਂ ਡਰਨ ਵਾਲਾ, ਤੇਲਗੂ ਭਾਸ਼ੀ ਭਲਾਮਾਣਸ, ਉਸ ਨੇ ਚਾਅ ਨਾਲ ਮੀਲਾਂ ਗਾਹੇ ਹਨ, ਪਿੰਡਾਂ ਦੇ ਪਿੰਡ, ਪਰ ਕੋਈ ਫ਼ਾਇਦਾ ਨਹੀਂ ਹੋਇਆ। ਇਹ ਅਸਲ 'ਚ ਉਸ ਦੀ ਗ਼ਲਤੀ ਨਹੀਂ ਹੈ। ਉਹ ਪੰਜਾਬੀਆਂ ਲਈ ਬੁਝਾਰਤ ਬਣਿਆ ਹੋਇਆ ਹੈ ਤੇ ਪੰਜਾਬੀ ਉਸ ਲਈ ਬੁਝਾਰਤ ਹਨ। ਇੱਥੇ ਨਿਊਟਨ ਦਾ ਤੀਜਾ ਸਿਧਾਂਤ ਲਾਗੂ ਹੁੰਦਾ ਹੈ; ਹਰੇਕ ਕਿਰਿਆ ਦੀ ਬਰਾਬਰ ਅਤੇ ਉਲਟ ਪ੍ਰਤੀਕਿਰਿਆ ਹੁੰਦੀ ਹੈ।

ਬੇਸ਼ੱਕ, ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ, ਪੰਜਾਬ ਅਤੇ ਆਂਧਰਾ ਪ੍ਰਦੇਸ਼ 'ਚੋਂ ਗੁਜ਼ਰਦਿਆਂ, ਭਾਰਤ ਇੱਕ ਹੀ ਹੈ, ਪਰ ਭਾਜਪਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ 'ਮੈਗੀ' ਵਿੱਚ ਕੁਝ ਲੋਕਲ ਸੁਆਦ ਹਮੇਸ਼ਾ ਚੰਗਾ ਲੱਗਦਾ ਹੈ।

ਦੁਬਾਰਾ ਫੇਰ ਅਸਲ ਸਵਾਲ 'ਤੇ ਆਉਂਦੇ ਹਾਂ। ਭਾਜਪਾ ਲੁਧਿਆਣਾ ਪੱਛਮੀ ਚੋਣ ਲੜਨ ਵਿੱਚ ਦਿਲਚਸਪੀ ਕਿਉਂ ਨਹੀਂ ਲੈ ਰਹੀ? ਸ਼ਾਇਦ ਇਸ ਨੂੰ ਯੋਗ ਉਮੀਦਵਾਰ ਨਹੀਂ ਮਿਲ ਸਕਿਆ। ਇਸ ਤਰ੍ਹਾਂ ਨਹੀਂ ਕਿ ਇਹ ਕਿਸੇ ਵਿਆਪਕ ਅਲਾਮਤ ਦਾ ਹਿੱਸਾ ਹੈ; ਗੱਲ ਇਹ ਹੈ ਕਿ ਪੰਜਾਬ ਕੋਲ ਸਿਰਫ਼ 13 ਲੋਕ ਸਭਾ ਸੀਟਾਂ ਹਨ ਤੇ ਅਕਾਲੀ ਦਲ ਤੋਂ ਬਿਨਾਂ ਇਸ ਨੂੰ ਪੰਜਾਬ ਦੇ ਸਿੱਖ ਬਹੁਗਿਣਤੀ ਵਾਲੇ ਪਿੰਡਾਂ ਵਿੱਚ ਵੜਨਾ ਮੁਸ਼ਕਿਲ ਲੱਗ ਰਿਹਾ ਹੈ।

ਸ਼ਾਇਦ ਉੱਤੇ ਲਿਖਿਆ ਕੁਝ ਵੀ ਸੱਚ ਨਾ ਹੋਵੇ ਤੇ ਅਸਲ ਕਾਰਨ ਇਹ ਹੈ ਕਿ ਪੰਜਾਬੀ ਸਦੀਆਂ ਤੋਂ ਦਿੱਲੀ ਦਰਬਾਰ ਦਾ ਵਿਰੋਧ ਕਰਨ ਦੇ ਐਨੇ ਆਦੀ ਹੋ ਚੁੱਕੇ ਹਨ ਕਿ ਉਨ੍ਹਾਂ ਲਈ ਭਗਵਾਂ ਪਾਰਟੀ ਤੋਂ ਨਾਬਰ ਹੋਣਾ ਵਧੇਰੇ ਸੌਖਾ ਹੈ। ਫਿਰ ਭਾਜਪਾ ਆਖ਼ਿਰ ਕਿਉਂ ਇਸ ਹਾਲਤ ਨੂੰ ਬਦਲਣਾ ਨਹੀਂ ਚਾਹੁੰਦੀ?

ਜਯੋਤੀ ਮਲਹੋਤਰਾ

# ਹਸੀਨਾ ਦਾ ਮੁਕੱਦਮਾ



ਬੰਗਲਾਦੇਸ਼ ਦੇ ਕੌਮਾਂਤਰੀ ਅਪਰਾਧਾਂ ਬਾਰੇ ਟ੍ਰਿਬਿਊਨਲ ਨੇ ਪਿਛਲੇ ਸਾਲ ਮੁਜ਼ਾਹਰਾਕਾਰੀਆਂ ਖ਼ਿਲਾਫ਼ ਹਿੰਸਕ ਕਾਰਵਾਈਆਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਖ਼ਿਲਾਫ਼ ਸਮੂਹਿਕ ਹੱਤਿਆਵਾਂ ਸਮੇਤ ਬਹੁਤ ਸਾਰੇ ਦੋਸ਼ ਆਇਦ ਕੀਤੇ ਹਨ ਜਿਸ ਨੂੰ ਲੈ ਕੇ ਕੋਈ ਖ਼ਾਸ ਹੈਰਾਨੀ ਨਹੀਂ ਹੋਈ। ਦਸ ਮਹੀਨੇ ਪਹਿਲਾਂ ਸ਼ੇਖ ਹਸੀਨਾ ਦੀ ਸੱਤਾ ਖ਼ਿਲਾਫ਼ ਜਨਤਕ ਵਿਦਰੋਹ ਭੜਕਣ ਕਰ ਕੇ ਉਨ੍ਹਾਂ ਨੂੰ ਦੇਸ਼ ਛੱਡ ਕੇ ਭੱਜਣਾ ਪਿਆ ਸੀ ਅਤੇ ਉਦੋਂ ਤੋਂ ਹੀ ਉਹ ਭਾਰਤ ਵਿੱਚ ਜਲਾਵਤਨੀ ਹੰਢਾਅ ਰਹੇ ਹਨ। ਟ੍ਰਿਬਿਊਨਲ ਦੀ ਕਾਰਵਾਈ ਦੇ ਕਿਆਸ ਪਹਿਲਾਂ ਹੀ ਲਾਏ ਜਾ ਰਹੇ ਸਨ। ਉਨ੍ਹਾਂ ਦੀ ਪਾਰਟੀ ਅਵਾਮੀ ਲੀਗ ਨੇ ਦੋਸ਼ ਲਾਇਆ ਹੈ ਕਿ ਰਾਸ਼ਟਰ ਵਿਰੋਧੀ ਅਤੇ ਆਜ਼ਾਦੀ ਵਿਰੋਧੀ ਸ਼ਕਤੀਆਂ ਨੇ ਉਸ ਦੇ ਖ਼ਿਲਾਫ਼ ਫਰਜ਼ੀ ਮੁਕੱਦਮੇ ਦਾ ਸਵਾਂਗ ਰਚਿਆ ਹੈ। ਟ੍ਰਿਬਿਊਨਲ ਵੱਲੋਂ ਹਸੀਨਾ ਖ਼ਿਲਾਫ਼ ਦੋਸ਼ ਆਇਦ ਕਰਨ ਅਤੇ ਨਾਲ ਹੀ ਨਵੇਂ ਸਿਰਿਓਂ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਨਾਲ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੂੰ ਭਾਰਤ 'ਤੇ ਉਨ੍ਹਾਂ ਦੀ ਹਵਾਲਗੀ ਲਈ ਦਬਾਅ ਪਾਉਣ ਦਾ ਹੌਸਲਾ ਮਿਲਿਆ ਹੈ।

ਨਵੀਂ ਦਿੱਲੀ ਸ਼ੇਖ ਹਸੀਨਾ ਨੂੰ ਵਾਪਸ ਭੇਜਣ ਦੀ ਬਹੁਤੀ ਇੱਛਕ ਨਹੀਂ ਜਾਪਦੀ ਜਿਸ ਦੇ ਜ਼ਾਹਿਰਾ ਕਾਰਨ ਹਨ। ਉਸ ਦੇ ਖ਼ਿਲਾਫ਼ ਮੁਕੱਦਮਾ ਅੰਤ ਨੂੰ ਸਿਆਸਤ ਤੋਂ ਪ੍ਰੇਰਿਤ ਹੋਵੇਗਾ ਅਤੇ ਉਸ ਨੂੰ ਸਜ਼ਾ-ਏ-ਮੌਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਗੱਲ ਸੱਚ ਹੈ ਕਿ ਉਨ੍ਹਾਂ ਦੇ ਸ਼ਾਸਨ ਕਾਲ ਦੌਰਾਨ ਵਿਰੋਧੀਆਂ ਦਾ ਦਮਨ ਕੀਤਾ ਗਿਆ ਸੀ ਪਰ ਸਿਤਮਜ਼ਰੀਫ਼ੀ ਇਹ ਹੈ ਕਿ ਸ਼ੇਖ ਹਸੀਨਾ ਦੇ ਦੇਸ਼ ਨਿਕਾਲੇ ਦੇ ਬਾਵਜੂਦ ਬੰਗਲਾਦੇਸ਼ ਵਿੱਚ ਲੋਕਰਾਜ ਦੀ ਸੁਰਜੀਤੀ ਬਾਰੇ ਅਜੇ ਤੱਕ ਭੰਬਲਭੂਸਾ ਬਣਿਆ ਹੋਇਆ ਹੈ। ਉਨ੍ਹਾਂ ਦੇ ਸਿਆਸੀ ਵਿਰੋਧੀ ਕਿਸੇ ਪ੍ਰਕਾਰ ਦੇ ਸੁਧਾਰਾਂ ਦੀ ਸ਼ੁਰੂਆਤ ਕਰਨ ਦੀ ਬਜਾਏ ਸ਼ੇਖ ਹਸੀਨਾ ਅਤੇ ਉਸ ਦੇ ਹਮਾਇਤੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਦ੍ਰਿੜ ਨਜ਼ਰ ਆ ਰਹੇ ਹਨ। ਇੱਕ ਹੋਰ ਅਹਿਮ ਕਾਰਨ ਇਹ ਹੈ ਕਿ ਸ਼ੇਖ ਹਸੀਨਾ ਦੇ ਭਾਰਤ ਨਾਲ ਗਹਿਰੇ ਸਬੰਧ ਰਹੇ ਹਨ ਅਤੇ 1971 ਦੀ ਜੰਗ ਵਿੱਚ ਉਸ ਨੂੰ ਭਾਰਤੀ ਫ਼ੌਜੀ ਦਸਤਿਆਂ ਨੇ ਬਚਾਇਆ ਸੀ ਅਤੇ ਮਗਰੋਂ 1975 ਵਿੱਚ ਜਦੋਂ ਉਨ੍ਹਾਂ ਦੇ ਪਿਤਾ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਅਤੇ ਕਈ ਪਰਿਵਾਰਕ ਮੈਂਬਰਾਂ ਦਾ ਕਤਲ ਕਰ ਦਿੱਤਾ ਗਿਆ ਸੀ ਤਾਂ ਉਨ੍ਹਾਂ ਦਿੱਲੀ ਵਿੱਚ ਪਨਾਹ ਲਈ ਸੀ। ਹਸੀਨਾ ਉਸ ਦੀ ਬਿਪਤਾ ਦੀ ਘੜੀ ਵਿੱਚ ਦਿੱਤੇ ਸਾਥ ਬਦਲੇ ਭਾਰਤ ਦਾ ਖੁੱਲ੍ਹੇ ਤੌਰ 'ਤੇ ਸ਼ੁਕਰੀਆ ਕਰਦੀ ਰਹੀ ਹੈ। ਭਾਰਤ ਜਿੱਥੋਂ ਤੱਕ ਹੋ ਸਕੇਗਾ, ਅਜਿਹੇ ਭਰੋਸੇਮੰਦ ਸਾਥੀ ਨੂੰ ਬਚਾਉਣ ਦੀ ਕੋਸ਼ਿਸ਼ ਕਰੇਗਾ ਤੇ ਇਸ ਲਈ ਵੀ ਕਿ ਬੰਗਲਾਦੇਸ਼ ਵਿੱਚ ਮੌਜੂਦਾ ਸਰਕਾਰ ਨਾਲ ਭਾਰਤ ਦੇ ਸਬੰਧ ਸੁਖਾਵੇਂ ਨਹੀਂ ਚੱਲ ਰਹੇ।

ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਵਾਰ-ਵਾਰ ਦੋਸ਼ ਲਾਏ ਹਨ ਕਿ ਭਾਰਤ ਸਮੇਤ ਕੁਝ ਵਿਦੇਸ਼ੀ ਤਾਕਤਾਂ ਬੰਗਲਾਦੇਸ਼ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਨਵੀਂ ਦਿੱਲੀ ਜ਼ਾਹਿਰਾ ਤੌਰ 'ਤੇ ਇਨ੍ਹਾਂ ਦੋਸ਼ਾਂ ਤੇ ਉਸ ਮੁਲਕ ਵਿੱਚ ਘੱਟਗਿਣਤੀ ਹਿੰਦੂਆਂ ਨਾਲ ਹੋ ਰਹੇ ਮਾੜੇ ਸਲੂਕ ਅਤੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜੇ ਜਾਣ ਨੂੰ ਲੈ ਕੇ ਨਾਖੁਸ਼ ਹੈ ਜਿਸ ਕਰ ਕੇ ਦੋਵਾਂ ਦੇਸ਼ਾਂ ਦੇ ਰਿਸ਼ਤੇ ਖਰਾਬ ਹੋ ਗਏ ਹਨ। ਇਨ੍ਹਾਂ ਹਾਲਾਤ ਵਿੱਚ ਸ਼ੇਖ ਹਸੀਨਾ ਨੂੰ ਭਾਰਤ ਵਿੱਚ ਰੱਖਣ ਹੀ ਸਮਝਦਾਰੀ ਹੋਵੇਗੀ।

# ਭਾਰਤ ਉੱਤੇ ਮੌਸਮੀ ਤਬਦੀਲੀਆਂ ਦੀ ਮਾਰ



ਮੌਸਮੀ ਤਬਦੀਲੀਆਂ ਹੁਣ ਭਵਿੱਖ ਦੀ ਗੱਲ ਨਹੀਂ ਰਹੀਆਂ। ਇਹ ਹਰ ਮੁਲਕ ਨੂੰ ਪ੍ਰਤੱਖ ਤੌਰ 'ਤੇ ਪ੍ਰਭਾਵਿਤ ਕਰ ਰਹੀਆਂ ਹਨ। 2025 ਦੇ ਸ਼ੁਰੂ ਤੋਂ ਹੀ ਭਾਰਤ ਉੱਤੇ ਮੌਸਮੀ ਤਬਦੀਲੀਆਂ ਦੇ ਅਸਰ ਸਾਫ਼ ਦਿਖਾਈ ਦੇ ਰਹੇ ਹਨ; ਜਿਵੇਂ ਪਹਾੜੀ ਰਾਜਾਂ ਵਿੱਚ ਬੇਮੌਸਮੀ ਬਰਫ਼ਬਾਰੀ, ਦੱਖਣੀ ਰਾਜਾਂ ਵਿੱਚ ਗਰਮ ਲਹਿਰਾਂ ਦੀ ਅਗੇਤੀ ਆਮਦ, ਛੋਟੀ ਹੁੰਦੀ ਬਸੰਤ ਰੁੱਤ, ਭਾਰੀ ਮੀਂਹ ਦੀ ਅਗੇਤੀ ਆਮਦ ਆਦਿ।

ਮੁਲਕ ਦੇ ਉੱਤਰ-ਪੱਛਮੀ ਅਤੇ ਉੱਤਰ-ਪੂਰਬੀ ਖੇਤਰਾਂ ਵਿੱਚ ਜਨਵਰੀ ਫਰਵਰੀ ਵਿੱਚ ਸਰਦੀਆਂ ਦਾ ਮੌਸਮ ਅਤੇ ਪਹਾੜੀ ਖੇਤਰਾਂ ਵਿੱਚ ਬਰਫ਼ਬਾਰੀ ਹੁੰਦੀ ਹੈ ਪਰ ਇਸ ਸਾਲ ਦੁਨੀਆ ਦੇ ਬਾਕੀ ਮੁਲਕਾਂ ਵਾਂਗ ਰਿਕਾਰਡ ਅਨੁਸਾਰ, ਜਨਵਰੀ ਹੁਣ ਤੱਕ ਦੂਜਾ ਸਭ ਤੋਂ ਗਰਮ ਜਨਵਰੀ ਦਾ ਮਹੀਨਾ ਅਤੇ ਫਰਵਰੀ ਸਭ ਤੋਂ ਗਰਮ ਫਰਵਰੀ ਦਾ ਮਹੀਨਾ ਰਿਹਾ। ਪਹਾੜੀ ਰਾਜਾਂ ਵਿੱਚ ਤਾਪਮਾਨ ਔਸਤ ਤੋਂ ਉੱਤੇ ਹੋਣ ਕਰ ਕੇ ਬਰਫ਼ ਨਹੀਂ ਪਈ। ਇਨ੍ਹਾਂ ਰਾਜਾਂ ਦੇ ਕੁਝ ਖੇਤਰਾਂ ਵਿੱਚ ਮੀਂਹ ਵੀ ਔਸਤ ਨਾਲੋਂ 60 ਤੋਂ 99 ਫ਼ੀਸਦ ਘੱਟ ਪਿਆ। ਹੈਰਾਨੀ ਦੀ ਗੱਲ ਇਹ ਕਿ ਫਰਵਰੀ ਦੇ ਅਖ਼ੀਰਲੇ ਦਿਨ ਮੁਲਕ ਦੇ ਸਾਰੇ ਪਹਾੜੀ ਰਾਜਾਂ ਵਿੱਚ ਭਾਰੀ ਬਰਫ਼ਬਾਰੀ ਹੋਈ। ਮਾਰਚ ਵਿੱਚ ਜਦੋਂ ਆਮ ਤੌਰ 'ਤੇ ਪਹਾੜੀ ਰਾਜ ਰੰਗ-ਬਿਰੰਗੇ ਫੁੱਲਾਂ ਨਾਲ ਬਸੰਤ ਰੁੱਤ ਦਾ ਆਨੰਦ ਮਾਣ ਰਹੇ ਹੁੰਦੇ ਹਨ, ਐਤਕੀਂ ਬਰਫ਼ ਦੀ ਸਫ਼ੇਦ ਚਾਦਰ ਨਾਲ ਢਕੇ ਰਹੇ। ਇਹ 2025 ਵਿੱਚ ਮੌਸਮ ਵਿੱਚ ਆਈ ਪਹਿਲੀ ਤਬਦੀਲੀ ਸੀ। ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਇੰਨਾ ਭਿਆਨਕ ਬਰਫ਼ੀਲਾ ਤੂਫ਼ਾਨ ਆਇਆ ਜੋ ਬਾਰਡਰ ਰੋਡ ਆਰਗਨਾਈਜੇਸ਼ਨ ਦੇ 55 ਮਜ਼ਦੂਰਾਂ ਨੂੰ ਲੋਹੇ ਦੇ ਕੰਟੇਨਰਾਂ ਸਮੇਤ ਉਡਾ ਕੇ ਲੈ ਕੇ ਗਿਆ। ਇਨ੍ਹਾਂ ਵਿੱਚੋਂ 8 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਬਾਕੀ ਦੇ 47 ਮਜ਼ਦੂਰਾਂ ਨੂੰ ਭਾਰੀ ਮੁਸ਼ਕਤ ਤੋਂ ਬਾਅਦ ਬਚਾ ਲਿਆ ਗਿਆ।

ਮੌਸਮ ਵਿੱਚ ਆਈ ਦੂਜੀ ਤਬਦੀਲੀ ਦੱਖਣੀ ਰਾਜਾਂ ਵਿੱਚ ਦੇਖਣ ਨੂੰ ਮਿਲੀ। ਇਨ੍ਹਾਂ ਰਾਜਾਂ ਵਿੱਚ ਆਮ ਤੌਰ 'ਤੇ ਜਨਵਰੀ ਅਤੇ ਫਰਵਰੀ ਵਿੱਚ ਸਾਵਾਂ ਮੌਸਮ ਹੁੰਦਾ ਹੈ। ਇਸ ਸਾਲ 25 ਫਰਵਰੀ ਨੂੰ ਪੱਛਮੀ ਤੱਟ ਦੇ ਕੋਕਨ ਖੇਤਰ ਵਿੱਚ ਗਰਮ ਲਹਿਰ ( ) ਦੀ ਪਹਿਲੀ ਆਮਦ ਰਿਕਾਰਡ ਕੀਤੀ ਗਈ। ਮੌਸਮ ਵਿਭਾਗ ਅਨੁਸਾਰ, ਜਦੋਂ ਕਿਸੇ ਵੀ ਥਾਂ ਦਾ ਤਾਪਮਾਨ ਔਸਤ ਨਾਲੋਂ 5 ਡਿਗਰੀ ਸੈਲਸੀਅਸ ਵੱਧ ਹੋਵੇ ਜਾਂ ਪਹਾੜੀ ਖੇਤਰਾਂ ਦਾ 30 ਡਿਗਰੀ, ਤੱਟਵਰਤੀ ਖੇਤਰਾਂ ਦਾ 37 ਡਿਗਰੀ ਅਤੇ ਮੈਦਾਨੀ ਖੇਤਰਾਂ ਦਾ 40 ਡਿਗਰੀ ਸੈਲਸੀਅਸ ਤੋਂ ਵੱਧ ਜਾਵੇ ਤਾਂ ਉਨ੍ਹਾਂ ਖੇਤਰਾਂ ਨੂੰ ਗਰਮ ਲਹਿਰ ਦੇ ਪ੍ਰਭਾਵ ਥੱਲੇ ਆਇਆ ਮੰਨਿਆ ਜਾਂਦਾ ਹੈ। ਮਾਰਚ ਦੇ ਦੂਜੇ ਹਫ਼ਤੇ ਮੱਧ ਮਹਾਰਾਸ਼ਟਰ, ਸੌਰਾਸ਼ਟਰ, ਕੱਛ, ਵਿਦਰਭ, ਉੜੀਸਾ, ਤਿਲੰਗਾਨਾ, ਆਂਧਰਾ ਪ੍ਰਦੇਸ਼ ਆਦਿ ਰਾਜਾਂ ਵਿੱਚ ਕਈ ਥਾਈਂ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਵੱਧ ਰਿਕਾਰਡ ਹੋਇਆ।

ਅਜਿਹੇ ਅਤਿ ਦਰਜੇ ਦੇ ਠੰਢੇ ਤੇ ਗਰਮ ਮੌਸਮਾਂ ਵਿੱਚੋਂ ਲੰਘਦਿਆਂ ਕੁਝ ਖੇਤਰਾਂ ਵਿੱਚ ਬਸੰਤ ਰੁੱਤ ਗਾਇਬ ਹੋ ਗਈ ਜੋ ਭਾਰਤ ਦੇ ਮੌਸਮ ਵਿੱਚ ਤੀਜੀ ਵੱਡੀ ਤਬਦੀਲੀ ਹੈ। ਪਹਾੜੀ ਰਾਜਾਂ ਵਿੱਚ ਅਪਰੈਲ ਵਿੱਚ ਜੂਨ-ਜੁਲਾਈ ਵਰਗਾ ਭਾਰੀ ਮੀਂਹ ਪਿਆ ਜਿਸ ਨਾਲ ਜੰਮੂ ਕਸ਼ਮੀਰ ਅਤੇ ਸਿੱਕਮ ਵਿੱਚ ਕਈ ਥਾਈਂ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ। ਅਪਰੈਲ ਵਿੱਚ ਭਾਰੀ ਮੀਂਹ ਦੀ ਅਗੇਤੀ ਆਮਦ ਚੌਥੀ ਮੌਸਮੀ ਤਬਦੀਲੀ ਸੀ। ਮੌਸਮੀ ਤਬਦੀਲੀਆਂ ਨਾਲ ਕੁਦਰਤੀ ਆਫ਼ਤਾਂ ਦੀ ਗਿਣਤੀ ਦੀ ਆਮਦ ਅਤੇ ਮਾਰ ਦੀ ਗਹਿਰਾਈ ਵਿੱਚ ਵੀ ਵਾਧਾ ਹੁੰਦਾ ਹੈ। ਅਪਰੈਲ ਵਿੱਚ ਪੰਜਾਬ ਤੇ ਹਰਿਆਣਾ ਵਿੱਚ ਝੱਖੜ ਆਉਣ ਕਾਰਨ ਕਣਕ ਦੀ ਪੱਕੀ ਹੋਈ ਸੈਂਕੜੇ ਏਕੜ ਫ਼ਸਲ ਤਬਾਹ ਹੋ ਗਈ। ਬਿਹਾਰ ਤੇ ਉੱਤਰ ਪ੍ਰਦੇਸ਼ ਵਿੱਚ ਅਸਮਾਨੀ ਬਿਜਲੀ ਡਿੱਗਣ ਨਾਲ ਸੌ ਤੋਂ ਉੱਤੇ ਵਿਅਕਤੀਆਂ ਦੀ ਮੌਤ ਹੋ ਗਈ।

ਮੌਸਮ ਵਿਭਾਗ ਨੇ ਪਹਿਲੀ ਅਪਰੈਲ ਨੂੰ ਅਪਰੈਲ ਤੋਂ ਜੂਨ ਤੱਕ ਦੀ ਰਿਪੋਰਟ ਜਾਰੀ ਕਰਦਿਆਂ ਦੱਸਿਆ ਕਿ ਇਸ ਸਾਲ 15 ਰਾਜਾਂ (ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਉੜੀਸਾ, ਤਿਲੰਗਾਨਾ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਕਰਨਾਟਕ (ਉੱਤਰੀ ਹਿੱਸਾ), ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼) ਵਿੱਚ ਤਾਪਮਾਨ ਔਸਤ ਤੋਂ ਵਧ ਗਰਮ ਰਹੇਗਾ। ਇਨ੍ਹਾਂ ਰਾਜਾਂ ਵਿੱਚ ਆਮ ਤੌਰ 'ਤੇ ਗਰਮ ਲਹਿਰਾਂ 4 ਤੋਂ 7 ਦਿਨ ਰਹਿੰਦੀਆਂ ਪਰ ਐਤਕੀਂ ਇਨ੍ਹਾਂ ਦਿਨਾਂ ਦੀ ਗਿਣਤੀ 10 ਤੋਂ 11 ਤੱਕ ਹੋ ਸਕਦੀ ਹੈ। ਉੱਤਰ-ਪੱਛਮੀ ਅਤੇ ਉੱਤਰ-ਪੂਰਬੀ ਪਹਾੜੀ ਖੇਤਰਾਂ, ਕੇਰਲ ਤੇ ਕਰਨਾਟਕ ਵਿੱਚ ਭਾਰੀ ਮੀਂਹ ਪੈਣ ਦੇ ਨਾਲ-ਨਾਲ ਪਹਾੜ ਖਿਸਕਣ ਅਤੇ ਢਿੱਗਾਂ ਡਿੱਗਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ।

ਇਹ ਘਟਨਾਵਾਂ/ਪੇਸ਼ੀਨਗੋਈਆਂ ਵੀ ਮੌਸਮੀ ਤਬਦੀਲੀਆਂ ਨਾਲ ਸਬੰਧਿਤ ਹਨ। ਕਿਸੇ ਵੀ ਮੁਲਕ ਵਿੱਚ ਗਰਮ ਲਹਿਰਾਂ ਦੀ ਆਮਦ ਜਾਂ ਭਾਰੀ ਮੀਂਹ ਕੋਈ ਨਵੀਂ ਜਾਂ ਅਨੋਖੀ ਘਟਨਾ ਨਹੀਂ। ਇਨ੍ਹਾਂ ਦੀ ਅਗੇਤੀ ਆਮਦ, ਗਿਣਤੀ ਅਤੇ ਮਾਰ ਦੀ ਗਹਿਰਾਈ ਵਿੱਚ ਵਾਧਾ ਮੌਸਮੀ ਤਬਦੀਲੀਆਂ ਕਾਰਨ ਹੋ ਰਿਹਾ ਹੈ। ਭਾਰਤ ਵਿੱਚ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਨਾਲ ਹੋਣ ਵਾਲੇ ਭਾਰੀ ਨੁਕਸਾਨ ਬਾਰੇ ਇੰਟਰ-ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਦੀ ਪੰਜਵੀਂ (2014) ਅਤੇ ਛੇਵੀਂ (2021-2022) ਰਿਪੋਰਟ ਵਿੱਚ ਸਪੱਸ਼ਟ ਖ਼ੁਲਾਸਾ ਸੀ। ਇਨ੍ਹਾਂ ਰਿਪੋਰਟਾਂ ਮੁਤਾਬਿਕ, ਬਾਕੀ ਮੁਲਕਾਂ ਦੇ ਮੁਕਾਬਲੇ ਭਾਰਤ ਉੱਤੇ ਮੌਸਮੀ ਤਬਦੀਲੀਆਂ ਦਾ ਮਾੜਾ ਅਸਰ ਜ਼ਿਆਦਾ ਪਵੇਗਾ। ਇਸ ਦੇ ਮੁੱਖ ਕਾਰਨ ਮੁਲਕ ਦੀ ਭੂਗੋਲਿਕ ਸਥਿਤੀ ਅਤੇ ਆਰਥਿਕ ਵਿਕਾਸ ਮਾਡਲ ਹਨ। ਉੱਤਰ ਵੱਲ ਬਰਫ਼ ਨਾਲ ਲੱਦੇ ਦੁਨੀਆ ਦੇ ਸਭ ਤੋਂ ਉੱਚੇ ਅਤੇ ਨਵੇਂ ਬਣ ਰਹੇ ਹਿਮਾਲਿਆ ਪਹਾੜ ਹਨ; ਦੱਖਣ ਵੱਲ ਤਿੰਨ ਪਾਸੇ ਸਮੁੰਦਰ ਹੈ। ਧਰਤੀ ਦੇ ਔਸਤ ਤਾਪਮਾਨ ਵਿੱਚ ਵਾਧੇ ਕਾਰਨ ਹਿਮਾਲਿਆ ਤੋਂ ਬਰਫ਼ ਤੇਜ਼ੀ ਨਾਲ ਪਿਘਲਣੀ ਸ਼ੁਰੂ ਹੋ ਗਈ ਜਿਸ ਕਾਰਨ ਗਲੇਸ਼ੀਅਲ ਝੀਲਾਂ ਦਾ ਆਕਾਰ ਤੇਜ਼ੀ ਨਾਲ ਵਧਣਾ ਸ਼ੁਰੂ ਹੋ ਗਿਆ ਹੈ। ਭਾਰਤ ਵਿਚਲੀਆਂ 67 ਗਲੇਸੀਅਲ ਝੀਲਾਂ ਦਾ ਆਕਾਰ 2011-2024 ਤੱਕ 40 ਫ਼ੀਸਦ ਵਧ ਗਿਆ ਹੈ। ਇਹ ਝੀਲਾਂ ਉੱਤਰਾਖੰਡ, ਲੱਦਾਖ, ਸਿੱਕਮ, ਅਰੁਣਾਚਲ ਪ੍ਰਦੇਸ਼ ਤੇ ਹਿਮਾਚਲ ਪ੍ਰਦੇਸ਼ ਵਿੱਚ ਹਨ। ਇਹ ਝੀਲਾਂ ਕਿਸੇ ਸਮੇਂ ਵੀ ਫਟ ਸਕਦੀਆਂ ਹਨ। ਇਹ ਝੀਲਾਂ ਫਟਣ ਤੋਂ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ 2023 ਵਿੱਚ ਸਿੱਕਮ ਦੀ ਲਹੋਨੈੱਕ ਗਲੇਸ਼ੀਅਲ ਝੀਲ ਦੇ ਫਟਣ ਤੋਂ ਹੋਏ ਨੁਕਸਾਨ ਤੋਂ ਲਗਾਇਆ ਜਾ ਸਕਦਾ ਹੈ। ਇਸ ਘਟਨਾ ਵਿੱਚ 200 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ ਅਤੇ 80000 ਲੋਕਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ। ਤੀਸਤਾ ਨਦੀ ਵਾਲਾ ਡੈਮ ਅਤੇ ਨਦੀ 'ਤੇ ਲੱਗੇ ਸਾਰੇ ਪੁਲ ਵਹਿ ਗਏ ਸਨ। ਗਲੇਸ਼ੀਅਰ ਪਿਘਲਣ ਨਾਲ ਮੈਦਾਨੀ ਇਲਾਕਿਆਂ ਵਿੱਚ ਭਾਰੀ ਹੜ੍ਹ ਆ ਸਕਦੇ ਹਨ। ਹੜ੍ਹਾਂ ਨਾਲ ਫ਼ਸਲਾਂ ਤਬਾਹ ਹੋ ਜਾਂਦੀਆਂ; ਇਉਂ ਅਨਾਜ ਸੰਕਟ ਪੈਦਾ ਹੋ ਸਕਦਾ ਹੈ।

ਪਹਾੜੀ ਖੇਤਰਾਂ ਵਿੱਚ ਮੌਸਮੀ ਤਬਦੀਲੀਆਂ ਕਾਰਨ ਜਦੋਂ ਭਾਰੀ ਮੀਂਹ ਪੈਂਦਾ ਹੈ ਤਾਂ ਪਹਾੜ ਖਿਸਕਣ ਅਤੇ ਢਿੱਗਾਂ ਡਿੱਗਣ ਨਾਲ ਆਵਾਜਾਈ ਰੁਕ ਜਾਂਦੀ ਹੈ। ਮੀਂਹ ਪੈਣ ਨਾਲ ਪਹਾੜ ਖਿਸਕਣਾ ਭਾਵੇਂ ਕੁਦਰਤੀ ਵਰਤਾਰਾ ਹੈ ਪਰ ਵੱਡੇ ਪੱਧਰ ਉੱਤੇ ਖਿਸਕਣਾ ਆਰਥਿਕ ਵਿਕਾਸ ਮਾਡਲ ਕਰ ਕੇ ਹੈ। ਆਰਥਿਕ ਵਿਕਾਸ ਲਈ ਕੇਂਦਰ ਅਤੇ ਰਾਜ ਸਰਕਾਰਾਂ ਪਹਾੜੀ ਰਾਜਾਂ ਵਿੱਚ ਸੈਰ-ਸਪਾਟਾ ਉਦਯੋਗ ਵਧਾਉਣ ਲਈ ਚਾਰ ਮਾਰਗੀ ਸੜਕਾਂ, ਰੋਪਵੇਅ, ਹੈਲੀਪੈਡ ਆਦਿ ਬਣਾ ਰਹੀਆਂ ਹਨ। ਇਨ੍ਹਾਂ ਗਤੀਵਿਧੀਆਂ ਲਈ ਵਾਤਾਵਰਨ ਨਿਯਮਾਂ ਦੀ ਅਣਦੇਖੀ ਕਰਦਿਆਂ ਜੰਗਲਾਂ ਤੇ ਪਹਾੜਾਂ ਦੀ ਅੰਧਾਧੁੰਦ ਕਟਾਈ ਤੇ ਖੁਦਾਈ ਹੋ ਰਹੀ ਹੈ। ਨਤੀਜੇ ਵਜੋਂ ਪਹਾੜ ਖਿਸਕਣ, ਢਿੱਗਾਂ ਡਿੱਗਣ, ਜ਼ਮੀਨ ਗਰਕਣ, ਬੱਦਲ ਫਟਣ ਆਦਿ ਵਰਗੀਆਂ ਘਟਨਾਵਾਂ ਵਧ ਰਹੀਆਂ ਹਨ।

ਭਾਰਤ ਦੇ ਦੱਖਣ ਵੱਲ ਤਿੰਨੇ ਪਾਸੇ ਸਮੁੰਦਰ ਹੋਣ ਕਾਰਨ ਸਮੁੰਦਰ ਨਾਲ ਸਬੰਧਿਤ ਕੁਦਰਤੀ ਆਫ਼ਤਾਂ ਤੱਟਵਰਤੀ ਰਾਜਾਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਮਾਰਚ 2023 ਤੋਂ ਦੁਨੀਆ ਦੇ ਸਾਰੇ ਸਮੁੰਦਰਾਂ ਦਾ ਤਾਪਮਾਨ ਔਸਤ ਨਾਲੋਂ ਵੱਧ ਰਿਕਾਰਡ ਹੋ ਰਿਹਾ ਹੈ। ਸਮੁੰਦਰ ਦੀ ਉੱਪਰਲੀ ਸਤਹਿ ਦੇ ਪਾਣੀ ਦਾ ਤਾਪਮਾਨ ਵਧਣ ਕਾਰਨ ਤੱਟਵਰਤੀ ਖੇਤਰਾਂ ਵਿੱਚ ਗਰਮ ਲਹਿਰਾਂ ਦੀ ਅਗੇਤੀ ਆਮਦ ਅਤੇ ਆਮਦ ਦੇ ਦਿਨਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਸਮੁੰਦਰੀ ਜਲ ਪੱਧਰ ਦਾ ਉੱਚਾ ਹੋਣਾ, ਚੱਕਰਵਾਤਾਂ ਦੀ ਗਿਣਤੀ ਤੇ ਇਨ੍ਹਾਂ ਦੀ ਮਾਰ ਵਿੱਚ ਵਾਧਾ ਹੋਣਾ, ਸਮੁੰਦਰਾਂ ਵਿੱਚ ਗਰਮ ਲਹਿਰਾਂ ਦੀ ਆਮਦ ਦਾ ਵਧਣਾ ਆਦਿ ਵੀ ਸਮੁੰਦਰ ਦੇ ਤਾਪਮਾਨ ਨਾਲ ਸਿੱਧੇ ਤੌਰ 'ਤੇ ਸਬੰਧਿਤ ਹਨ। ਭਾਰਤ ਦੀ ਲਗਭਗ 40 ਫ਼ੀਸਦ ਆਬਾਦੀ ਤੱਟਵਰਤੀ ਖੇਤਰਾਂ ਵਿੱਚ ਵਸੀ ਹੋਈ ਹੈ। ਸਮੁੰਦਰ ਦਾ ਜਲ ਪੱਧਰ ਉੱਚਾ ਹੋਣ ਕਾਰਨ ਇਨ੍ਹਾਂ ਲੋਕਾਂ ਦੇ ਘਰ ਅਤੇ ਜ਼ਮੀਨਾਂ ਸਮੁੰਦਰ ਵਿੱਚ ਸਮਾਉਣ ਨਾਲ ਸਰਕਾਰ ਨੂੰ ਇਨ੍ਹਾਂ ਲੋਕਾਂ ਦੇ ਮੁੜ-ਵਸੇਬੇ ਲਈ ਇੰਤਜ਼ਾਮ ਕਰਨਾ ਪਵੇਗਾ।

2011 ਵਿੱਚ ਕੇਂਦਰ ਸਰਕਾਰ ਦੀ ਬਣਾਈ ਗਾਡਗਿਲ ਕਮੇਟੀ ਨੇ ਪੱਛਮੀ ਘਾਟਾਂ ਵਿੱਚ ਆਰਥਿਕ ਵਾਧੇ ਲਈ ਯੋਜਨਾਬੰਦੀ ਬਣਾਉਣ ਲਈ ਰਿਪੋਰਟ ਤਿਆਰ ਕੀਤੀ ਸੀ। ਕਮੇਟੀ ਨੇ ਪੱਛਮੀ ਘਾਟਾਂ ਦੇ 87.5 ਫ਼ੀਸਦ ਖੇਤਰ ਨੂੰ ਵਾਤਾਵਰਨ ਸੰਵੇਦਨਸ਼ੀਲ ਖੇਤਰ ਐਲਾਨਿਆ ਸੀ ਜਿੱਥੇ ਆਰਥਿਕ ਵਿਕਾਸ ਕਾਰਜਾਂ 'ਤੇ 52 ਤਰ੍ਹਾਂ ਦੀਆਂ ਬੰਦਸ਼ਾਂ ਲਗਾਈਆਂ ਸਨ। ਇਸ ਰਿਪੋਰਟ ਨੂੰ ਕੇਂਦਰ ਅਤੇ ਰਾਜ ਸਰਕਾਰਾਂ, ਦੋਹਾਂ ਨੇ ਨਕਾਰ ਦਿੱਤਾ ਸੀ। ਇਸ ਖੇਤਰ ਵਿੱਚ ਆਰਥਿਕ ਵਿਕਸਾ ਵਾਲੀਆਂ ਕਾਰਗੁਜ਼ਾਰੀਆਂ ਬਿਨਾਂ ਰੋਕ-ਟੋਕ ਜਾਰੀ ਹਨ। ਆਮ ਲੋਕ ਅਜਿਹੇ ਆਰਥਿਕ ਵਿਕਾਸ ਦਾ ਨੁਕਸਾਨ ਕੁਦਰਤੀ ਆਫ਼ਤਾਂ ਤੋਂ ਬਾਅਦ ਹਰ ਸਾਲ ਭੁਗਤਦੇ ਹਨ। 2024 ਵਿੱਚ ਕੇਰਲ ਦੇ ਵਾਇਨਾਡ ਵਿੱਚ ਹੋਈ ਤਰਾਸਦੀ ਇਸ ਦਾ ਪੁਖਤਾ ਸਬੂਤ ਹੈ।

ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਭਾਰਤ ਦੇ ਹਰ ਖੇਤਰ ਦਾ ਵਿਕਾਸ ਭੂਗੋਲਿਕ ਸਥਿਤੀ ਅਨੁਸਾਰ ਕਰਨ। ਪਹਾੜੀ ਖੇਤਰਾਂ ਨੂੰ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚਾਉਣ ਲਈ ਸੜਕਾਂ ਦੀ ਚੌੜਾਈ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿੱਚ ਉੱਥੋਂ ਦੀ ਸਮਰੱਥਾ ਅਨੁਸਾਰ ਹੋਣੀ ਚਾਹੀਦੀ ਹੈ। ਦੱਖਣੀ ਰਾਜਾਂ ਵਿੱਚ ਗਾਡਗਿਲ ਕਮੇਟੀ ਦੀਆਂ ਸਿਫ਼ਾਰਸਾਂ ਅਨੁਸਾਰ ਵਿਕਾਸ ਯੋਜਨਾਵਾਂ ਬਣਾਈਆਂ ਜਾਣ। ਇਸ ਦੇ ਨਾਲ-ਨਾਲ ਜੰਗਲਾਂ ਥੱਲੇ ਰਕਬਾ ਵਧਾ ਕੇ 33 ਫ਼ੀਸਦ ਕਰਨ ਦਾ ਉਪਰਾਲਾ ਸੰਜੀਦਗੀ ਨਾਲ ਕਰਨਾ ਬਣਦਾ ਹੈ।

ਡਾ. ਗੁਰਿੰਦਰ ਕੌਰ

# ਖਾਤਮੇ ਦੇ ਕੰਢੇ 'ਤੇ ਮਾਓਵਾਦੀ



ਪਿਛਲੇ ਦਿਨੀਂ ਸੁਰੱਖਿਆ ਦਸਤਿਆਂ ਨੇ ਛੱਤੀਸਗੜ੍ਹ ਦੇ ਅਬੂਝਮਾੜ ਇਲਾਕੇ 'ਚ ਮਾਓਵਾਦੀਆਂ ਦੇ ਸਭ ਤੋਂ ਵੱਡੇ ਸਰਗਨਾ ਕੇਸ਼ਵ ਰਾਓ ਉਰਫ ਬਸਵ ਰਾਜੂ ਸਮੇਤ ਕੁੱਲ 27 ਮਾਓਵਾਦੀਆਂ ਨੂੰ ਮਾਰ ਸੁੱਟਿਆ। ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਓਵਾਦੀ) ਦੇ ਰਾਜੂ ਦਾ ਮਾਰਿਆ ਜਾਣਾ ਜਿੱਥੇ ਸੁਰੱਖਿਆ ਦਸਤਿਆਂ ਲਈ ਮਹੱਤਵਪੂਰਨ ਕਾਮਯਾਬੀ ਹੈ, ਉਥੇ ਮਾਓਵਾਦੀਆਂ ਲਈ ਵੱਡਾ ਝਟਕਾ ਹੈ।

ਆਪਣੇ ਸੰਗਠਨ ਦਾ ਜਨਰਲ ਸਕੱਤਰ ਹੋਣ ਵਜੋਂ ਰਾਜੂ ਆਪਣੀ ਸੁਰੱਖਿਆ ਲਈ ਪੀਪਲਜ ਲਿਬਰੇਸ਼ਨ ਗੁਰਿੱਲਾ ਆਰਮੀ ਦੀ ਇਕ ਟੁਕੜੀ ਹਮੇਸ਼ਾ ਨਾਲ ਰੱਖਦਾ ਸੀ। ਇਸ ਤੋਂ ਇਲਾਵਾ ਉਹ ਜਿੱਥੇ ਵੀ ਜਾਂਦਾ ਸੀ, ਉਥੇ ਦੀਆਂ ਮਾਓਵਾਦੀ ਇਕਾਈਆਂ ਉਸ ਦੀ ਸੁਰੱਖਿਆ 'ਚ ਲੱਗੀਆਂ ਰਹਿੰਦੀਆਂ ਸਨ। ਉਂਜ ਤਾਂ ਮਾਓਵਾਦ ਖਿਲਾਫ ਪਿਛਲੇ ਇਕ ਡੇਢ ਸਾਲ ਤੋਂ ਸੁਰੱਖਿਆ ਦਸਤਿਆਂ ਨੂੰ ਲਗਾਤਾਰ ਵੱਡੀਆਂ ਕਾਮਯਾਬੀਆਂ ਮਿਲ ਰਹੀਆਂ ਹਨ, ਪਰ ਪਿਛਲੇ ਦਿਨੀਂ ਮਿਲੀ ਕਾਮਯਾਬੀ ਨੇ ਸੁਰੱਖਿਆ ਲਈ ਵੱਡਾ ਖਤਰਾ ਬਣੇ ਮਾਓਵਾਦ ਦੀ ਬਚੀ-ਖੁਚੀ ਹੋਂਦ 'ਤੇ ਸਵਾਲੀਆ ਨਿਸ਼ਾਨ ਲਾ ਦਿੱਤੇ ਹਨ।

ਮਾਓਵਾਦ ਦੇ ਸੰਭਾਵਿਤ ਖਾਤਮੇ ਵਿਚਾਲੇ ਅਤੀਤ ਦੇ ਪੰਨੇ ਪਲਟੀਏ ਤਾਂ 1967 ਦੇ ਨਕਸਲਬਾੜੀ ਅੰਦੋਲਨ ਦੇ ਉਭਾਰ ਤੇ ਸਰਕਾਰਾਂ ਵੱਲੋਂ 1970 ਤੱਕ ਉਸ ਨੂੰ ਕਾਬੂ ਕਰਨ ਤੋਂ ਬਾਅਦ ਜਦ ਸੀਪੀਆਈ-ਮਾਲੇ ਦੇ ਸੰਸਥਾਪਕ ਚਾਰੂ ਮਜੂਮਦਾਰ ਦੀ ਮੌਤ ਹੋਈ ਤਾਂ ਪਾਰਟੀ ਕਈ ਟੁਕੜਿਆਂ 'ਚ ਵੰਡੀ ਗਈ।

ਐਮਰਜੈਂਸੀ 'ਚ ਇਨ੍ਹਾਂ ਸਾਰੀਆਂ 'ਤੇ ਪਾਬੰਦੀ ਲਾ ਦਿੱਤੀ ਗਈ। ਐਮਰਜੈਂਸੀ ਹਟਣ ਤੋਂ ਬਾਅਦ ਹਥਿਆਰਬੰਦ ਵਿਦਰੋਹ 'ਤੇ ਯਕੀਨ ਕਰਨ ਵਾਲੇ ਜੋ ਨਕਸਲੀ ਨਕਸਲਬਾੜੀ ਅੰਦੋਲਨ ਤੋਂ ਪ੍ਰੇਰਣਾ ਲੈਂਦੇ ਸਨ, ਉਨ੍ਹਾਂ ਨੇ ਚੀਨ ਦੇ ਮਾਓ ਨੂੰ ਆਪਣਾ ਪ੍ਰੇਰਾਸ੍ਰੋਤ ਮੰਨ ਲਿਆ ਤੇ ਉਹ ਮੁੜ ਤੋਂ ਸੰਗਠਿਤ ਹੋਣ ਲੱਗੇ। ਉਨ੍ਹਾਂ ਨੇ ਮਜੂਮਦਾਰ ਵੱਲੋਂ ਅਪਣਾਈ ਗਈ 'ਪਹਿਲਾਂ ਸ਼ਹਿਰਾਂ 'ਤੇ ਹਮਲਾ' ਵਾਲੀ ਨੀਤੀ ਤਿਆਗ ਦਿੱਤੀ, ਪਰ ਹਥਿਆਰਬੰਦ ਸੰਘਰਸ਼ ਰਾਹੀਂ ਸੱਤਾ ਹਥਿਆਉਣ ਦੀ ਨੀਤੀ ਜਾਰੀ ਰੱਖਦੇ ਹੋਏ ਲੰਬੇ ਸਮੇਂ ਦੀ ਜੰਗ ਦਾ ਰਾਹ ਅਪਣਾਇਆ। ਮਾਓਵਾਦੀਆਂ ਨੇ ਆਪਣੀ ਤਥਾਕਥਿਤ ਕ੍ਰਾਂਤੀ ਨੂੰ ਪੱਛੜੇ ਹੋਏ ਅਜਿਹੇ ਇਲਾਕਿਆਂ ਤੋਂ ਸ਼ੁਰੂ ਕਰਨ ਦਾ ਫੈਸਲਾ ਲਿਆ, ਜਿੱਥੇ ਗੁਰਿੱਲਾ ਲੜਾਈ ਲਈ ਢੁੱਕਵੇਂ ਹਾਲਾਤ ਹੋਣ।

ਇਸ ਦੀ ਸ਼ੁਰੂਆਤ ਆਂਧਰਾ ਤੋਂ ਕੀਤੀ। ਇਸੇ ਨਾਲ ਅਣਵੰਡੇ ਮੱਧ ਪ੍ਰਦੇਸ਼ ਦੇ ਦੰਡਕਾਰਣਿਆ ਖੇਤਰ ਨੂੰ ਸੁਰੱਖਿਅਤ ਮੰਨ ਕੇ ਉਸ ਨੂੰ ਆਪਣੀ ਆਧਾਰ ਭੂਮੀ ਬਣਾਉਣ ਦਾ ਟੀਚਾ ਰੱਖਿਆ। 1992 'ਚ ਦੰਡਕਾਰਣਿਆ ਨੂੰ ਗੁਰਿੱਲਾ ਜ਼ੋਨ ਐਲਾਨ ਕੇ ਗਣਪਤੀ ਨੇ ਕਮਾਨ ਆਪਣੇ ਹੱਥ 'ਚ ਲੈ ਲਈ। 1995 'ਚ ਇਸ ਇਲਾਕੇ 'ਚ ਵੱਖਰੀ ਦੰਡਕਾਰਣਿਆ ਸਪੈਸ਼ਲ ਜ਼ੋਨਲ ਕਮੇਟੀ ਗਠਿਤ ਕੀਤੀ ਗਈ ਤੇ ਬਸਵ ਰਾਜੂ ਨੂੰ ਮਾਓਵਾਦੀਆਂ ਦੇ ਸੈਂਟ੍ਰਲ ਮਿਲਟ੍ਰੀ ਕਮਿਸ਼ਨ ਦਾ ਮੁਖੀ ਬਣਾਇਆ ਗਿਆ। ਲਗਪਗ 2010 ਤੱਕ ਮਾਓਵਾਦ ਪ੍ਰਭਾਵਿਤ ਖੇਤਰ ਦਾ ਵਿਸਥਾਰ ਹੁੰਦਾ ਗਿਆ।

ਸੁਰੱਖਿਆ ਦਸਤਿਆਂ 'ਤੇ ਕਈ ਵੱਡੇ ਹਮਲੇ ਹੋਏ ਤੇ ਕਈ ਨਿਰਦੋਸ਼ ਲੋਕ ਵੀ ਮਾਰੇ ਗਏ। ਭਾਰਤ ਸਰਕਾਰ ਤੇ ਛੱਤੀਸਗੜ੍ਹ ਸਰਕਾਰ ਲਗਾਤਾਰ ਸੁਰੱਖਿਆ ਸਾਧਨਾਂ ਨੂੰ ਮਜ਼ਬੂਤ ਕਰਨ 'ਚ ਲੱਗੀ ਰਹੀ। ਸੁਰੱਖਿਆ ਦਸਤਿਆਂ ਦੀ ਗਿਣਤੀ 'ਚ ਵਾਧਾ ਕੀਤਾ ਗਿਆ। ਹੌਲੀ-ਹੌਲੀ ਸੁਰੱਖਿਆ-ਦਸਤੇ ਮਾਓਵਾਦੀਆਂ 'ਤੇ ਅਸਰਦਾਰ ਰੂਪ 'ਚ ਹਾਵੀ ਹੋਣ ਲੱਗੇ।

2004 'ਚ ਜਦ ਆਂਧਰਾ ਸਰਕਾਰ ਤੇ ਮਾਓਵਾਦੀਆਂ ਵਿਚਾਲੇ ਸ਼ਾਂਤੀ ਦੀ ਗੱਲਬਾਤ ਚੱਲ ਰਹੀ ਸੀ, ਤਦ 'ਕਮਿਊਨਿਸਟ ਪਾਰਟੀ ਆਫ ਇੰਡੀਆ (ਐੱਮਐੱਲ), ਪੀਪਲਜ ਵਾਰ ਤੇ 'ਮਾਓਇਸਟ ਕਮਿਊਨਿਸਟ ਸੈਂਟਰ ਆਫ ਇੰਡੀਆ' ਰਲੇਵਾਂ ਕਰ ਕੇ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਓਵਾਦ) ਨਾਂ ਨਾਲ ਨਵਾਂ ਸੰਗਠਨ ਖੜ੍ਹਾ ਕਰ ਰਹੇ ਸਨ। ਦਰਅਸਲ ਮਾਓਵਾਦੀ ਸ਼ਾਂਤੀ ਵਾਰਤਾ ਦੀ ਆੜ 'ਚ ਆਪਣੇ ਆਪ ਨੂੰ ਸੰਗਠਿਤ ਅਤੇ ਮਜ਼ਬੂਤ ਕਰ ਰਹੇ ਸਨ। ਸ਼ਾਂਤੀ-ਵਾਰਤਾ ਕਰਨਾ ਇਕ ਰਣਨੀਤਕ ਦਾਅ ਸੀ। ਇਸ ਲਈ ਹੁਣ ਜਦ ਮਾਓਵਾਦੀਆਂ ਦੀ ਸਥਿਤੀ ਕਮਜ਼ੋਰ ਹੋ ਚੱਲੀ ਹੈ ਤੇ ਉਹ ਵਾਰ-ਵਾਰ ਸ਼ਾਂਤੀ ਵਾਰਤਾ ਦੀ ਬੇਨਤੀ ਕਰ ਰਹੇ ਹਨ, ਤਾਂ ਇਹੀ ਲਗਦਾ ਹੈ ਕਿ ਉਹ ਕੁਝ ਸਮਾਂ ਮੰਗ ਕੇ ਆਪਣੇ ਆਪ ਨੂੰ ਨਵੇਂ ਸਿਰੇ ਤੋਂ ਸੰਗਠਿਤ ਕਰਨਾ ਚਾਹੁੰਦੇ ਹਨ, ਕਿਉਂਕਿ ਉਹ ਹਥਿਆਰ ਛੱਡਣ ਦੀ ਗੱਲ ਕਦੀ ਨਹੀਂ ਕਰਦੇ। ਇਸ ਲਈ ਉਨ੍ਹਾਂ ਦੀ ਸ਼ਾਂਤੀ-ਵਾਰਤਾ ਦੀ ਮੰਗ 'ਤੇ ਭਰੋਸਾ ਕਰਨਾ ਮੁਸ਼ਕਲ ਹੋ ਰਿਹਾ ਹੈ।

ਕੇਂਦਰ ਸਰਕਾਰ ਨੇ ਅਗਲੇ ਸਾਲ ਮਾਰਚ ਤੱਕ ਮਾਓਵਾਦ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਟੀਚਾ ਤੈਅ ਕੀਤਾ ਹੋਇਆ ਹੈ। ਮਾਓਵਾਦੀਆਂ ਦੇ ਸਾਹਮਣੇ ਹੁਣ ਦੋ ਹੀ ਬਦਲ ਬਾਕੀ ਹਨ। ਪਹਿਲਾ ਇਹ ਕਿ ਬਸਵ ਰਾਜੂ ਦੀ ਥਾਂ 'ਤੇ ਕਿਸੇ ਹੋਰ ਨੂੰ ਜਨਰਲ ਸਕੱਤਰ ਨਿਯੁਕਤ ਕਰ ਕੇ ਜਿੱਤੀ ਨਾ ਜਾ ਸਕਣ ਵਾਲੀ ਲੜਾਈ ਜਾਰੀ ਰੱਖਣ ਜਾਂ ਫਿਰ ਹਥਿਆਰ ਸੁੱਟ ਦੇਣ। ਅਜੇ ਉਨ੍ਹਾਂ ਦੇ ਸੰਗਠਨ ਦੇ ਕਥਿਤ ਸੈਂਟਰਲ ਮਿਲਟ੍ਰੀ ਕਮਿਸ਼ਨ ਦਾ ਸਰਗਰਨਾ ਥਿਪਪਰੀ ਤਿਰੂਪਤੀ ਉਰਫ ਦੇਵਜੀ ਹੈ ਤੇ ਸੈਂਟਰਲ ਰੀਜਨਲ ਬਿਊਰੋ ਦਾ ਸਕੱਤਰ ਵੇਣੂਗੋਪਾਲ ਰਾਓ ਉਰਫ ਭੂਪਤੀ ਉਰਫ ਸੋਨੂ ਹੈ।

ਵੇਣੂਗੋਪਾਲ ਪਹਿਲਾਂ ਦੰਡਕਾਰਣਿਆ ਸਪੈਸ਼ਲ ਜ਼ੋਨਲ ਕਮੇਟੀ ਦਾ ਸਕੱਤਰ ਵੀ ਰਹਿ ਚੁੱਕਾ ਹੈ। ਆਸਾਰ ਇਹੀ ਹਨ ਕਿ ਇਨ੍ਹਾਂ 'ਚੋਂ ਹੀ ਕਿਸੇ ਨੂੰ ਕਮਾਨ ਸੌਂਪੀ ਜਾਵੇਗੀ। ਅਗਸਤ 2024 'ਚ ਮਾਓਵਾਦੀਆਂ ਦੇ ਪੋਲਿਟ ਪਿਊਰੋ ਨੇ ਇਹ ਤੈਅ ਕੀਤਾ ਸੀ ਕਿ ਉਹ ਅਸਥਾਈ ਰੂਪ ਨਾਲ ਪਿੱਛੇ ਹਟਣ (ਟੈਕਟੀਕਲ ਰਿਟਰੀਟ) ਦੀ ਨੀਤੀ ਅਪਣਾਏਗਾ। ਇਸ ਰਾਹੀਂ ਮਾਓਵਾਦੀ ਆਪਣੇ ਕਾਡਰ ਨੂੰ ਬਚਾਉਣ ਲਈ ਸੁਰੱਖਿਆਤਮਕ ਰਵੱਈਆ ਅਪਨਾਉਣਗੇ ਤੇ ਸੁਰੱਖਿਆ ਦਸਤਿਆਂ ਦੇ ਘੇਰੇ ਤੋਂ ਬਚਣ ਦੀ ਕੋਸ਼ਿਸ਼ ਕਰਨਗੇ। ਹਾਲਾਂਕਿ ਉਨ੍ਹਾਂ ਨੇ ਇਹ ਵੀ ਤੈਅ ਕੀਤਾ ਸੀ ਕਿ ਜਿੱਥੇ ਵੀ ਸੁਰੱਖਿਆ ਦਸਤੇ ਕਮਜ਼ੋਰ ਹੋਣਗੇ, ਉਨ੍ਹਾਂ 'ਤੇ ਹਮਲਾ ਕੀਤਾ ਜਾਵੇਗਾ। ਉਨ੍ਹਾਂ ਨੇ ਅਜਿਹਾ ਕੀਤਾ ਵੀ ਤੇ ਸੁਰੱਖਿਆ ਦਸਤਿਆਂ ਨੂੰ ਨੁਕਸਾਨ ਪਹੁੰਚਾਇਆ। ਕਿਉਂਕਿ ਜਦ ਮਾਓਵਾਦੀ ਕਮਜ਼ੋਰ ਪੈ ਗਏ ਹਨ ਤੇ ਆਪਣੀ ਲੜਾਈ ਜਿੱਤ ਨਹੀਂ ਸਕਦੇ, ਇਸ ਲਈ ਬਿਹਤਰ ਇਹੀ ਹੋਵੇਗਾ ਕਿ ਉਹ ਬਿਨਾਂ ਸ਼ਰਤ ਹਥਿਆਰ ਛੱਡ ਕੇ ਲੜਾਈ ਬੰਦ ਕਰਨ ਤੇ ਮੁੱਖ ਧਾਰਾ 'ਚ ਆ ਜਾਣ। ਇਸ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਵਿਹਾਰਿਕ ਬਦਲ ਨਹੀਂ ਹੈ। ਜੇ ਉਹ ਹਥਿਆਰ ਸੁੱਟਦੇ ਹਨ ਤਾਂ ਵੀ ਸਰਕਾਰਾਂ ਨੂੰ ਉਨ੍ਹਾਂ ਦੀ ਵਿਚਾਰਧਾਰਾ ਨਾਲ ਲੜਾਈ ਜਾਰੀ ਰੱਖਣੀ ਪਵੇਗੀ।

ਮਾਓਵਾਦੀਆਂ ਨੇ ਗੁਰਿੱਲਾ ਲੜਾਈ ਦੇ ਲਈ ਅਜਿਹੇ ਇਲਾਕੇ ਚੁਣੇ, ਜੋ ਤੁਲਨਾਤਮਕ ਰੂਪ ਨਾਲ ਪੱਛੜੇ ਸਨ ਤੇ ਸ਼ਾਸਨ-ਪ੍ਰਸ਼ਾਸਨ ਦੀ ਪਹੁੰਚ ਉਥੇ ਕਮਜ਼ੋਰ ਸੀ। ਫਿਲਹਾਲ ਕੇਂਦਰ ਤੇ ਸੂਬਾ ਸਰਕਾਰਾਂ ਵਿਕਾਸ ਦੀਆਂ ਕਈ ਯੋਜਨਾਵਾਂ ਇਨ੍ਹਾਂ ਇਲਾਕਿਆਂ 'ਚ ਚਲਾ ਰਹੀਆਂ ਹਨ। ਪਿਛਲੇ ਚਾਰ ਦਹਾਕਿਆਂ 'ਚ ਮਾਓਵਾਦੀਆਂ ਨੇ ਇਨ੍ਹਾਂ ਇਲਾਕਿਆਂ 'ਚ ਵਿਕਾਸ ਦੇ ਕੰਮ ਲਗਾਤਾਰ ਰੋਕੇ ਹਨ, ਕਿਉਂਕਿ ਉਨ੍ਹਾਂ ਦਾ ਅਸਲ ਟੀਚਾ ਜਨ ਸੰਗਠਨਾਂ ਰਾਹੀਂ ਬੰਦੂਕ ਦੇ ਜ਼ੋਰ 'ਤੇ ਸੱਤਾ ਹਾਸਲ ਕਰਨਾ ਹੈ, ਨਾ ਕਿ ਪੱਛੜੇ ਇਲਾਕਿਆਂ 'ਚ ਵਿਕਾਸ ਤੇ ਵਿਵਸਥਾ ਬਿਹਤਰ ਕਰਨਾ।

ਉਨ੍ਹਾਂ ਦਾ ਮਕਸਦ ਸਿਰਫ ਸਰਕਾਰ ਨਾਲ ਲੜਾਈ ਕਰ ਕੇ ਸਿਆਸੀ ਸੱਤਾ ਹਾਸਲ ਕਰਨਾ ਹੈ। ਕਿਉਂਕਿ ਉਹ ਹਿੰਸਾ ਦਾ ਰਾਹ ਅਪਨਾਉਣ ਵਾਲੀ ਖਤਰਨਾਕ ਵਿਚਾਰਧਾਰਾ ਨਾਲ ਲੈਸ ਹਨ, ਇਸ ਲਈ ਉਨ੍ਹਾਂ ਦਾ ਵਿਰੋਧ ਵਿਚਾਰ ਦੇ ਪੱਧਰ 'ਤੇ ਵੀ ਕੀਤਾ ਜਾਣਾ ਜ਼ਰੂਰੀ ਹੈ। ਇਹ ਵੀ ਜ਼ਰੂਰੀ ਹੈ ਕਿ ਅਮੀਰੀ-ਗਰੀਬੀ ਵਿਚਾਲੇ ਦੇ ਪਾੜੇ ਨੂੰ ਕਿਵੇਂ ਘੱਟ ਕਰਨ ਦੀਆਂ ਕੋਸ਼ਿਸ਼ਾਂ ਨੂੰ ਰਫਤਾਰ ਦਿੱਤੀ ਜਾਵੇ ਤਾਂ ਜੋ ਆਦਿਵਾਸੀਆਂ, ਗਰੀਬਾਂ, ਵਾਂਝਿਆਂ ਦੇ ਹਿਤ ਦੀ ਨਕਲੀ ਆੜ ਲੈ ਕੇ ਮਾਓਵਾਦੀ ਜਾਂ ਅਜਿਹੇ ਹੀ ਹੋਰ ਤੱਤਾਂ ਨੂੰ ਹਿੰਸਾ ਦੇ ਰਾਹ 'ਤੇ ਤੁਰਨ ਦਾ ਬਹਾਨਾ ਨਾ ਮਿਲ ਸਕੇ।

ਆਰਕੇ ਵਿਜ

## ਜ਼ਰੂਰੀ ਸੂਚਨਾ

ਪ੍ਰਿੰਟ ਮੀਡੀਆ ਦੀ ਮਹੱਤਤਾ ਬਹੁਤ ਘਟ ਗਈ ਏ। ਇਹ ਕਥਨ ਵੀ ਸੱਚ ਹੈ ਕਿ ਪਰੌਢ ਪਾਠਕ ਵਰਗ ਬੜੀ ਧੀਵੀਂ ਸਪੀਡ ਦੇ ਨਾਲ਼ ਡੀਜ਼ੀਟਲ ਮੀਡੀਆ ਦੇ ਵਲ ਨੂੰ ਆ ਰਿਹਾ ਏ। ਸਮੇਂ ਦਾ ਹਾਣੀ ਬਣੇ ਰਹਿਣਾ ਮਨੁੱਖ ਲਈ ਅਤਿ ਜਰੂਰੀ ਹੈ। ਮਾਜੂਦਾ ਡਿਜ਼ੀਟਲ ਯੁੱਗ ਵਿੱਚ ਕਾਰੋਬਾਰੀ ਇਸ਼ਤਿਹਾਰ ਵੀ ਫੇਸਬੁੱਕ ਅਤੇ ਇੰਸਟਾਗਰਾਮ ਦਾ ਹਿੱਸਾ ਬਣ ਰਹੇ ਹਨ। ਮੇਰੇ 4900 ਫੇਸਬੁੱਕ ਮਿੱਤਰ ਹਨ ਤੁਹਾਡੀ ਐਡ ਉਨ੍ਹਾਂ ਪਾਸ ਪਹੁੰਚਣੀ ਹੀ ਹੈ। ਇਸਤੋਂ ਇਲਾਵਾ ਮੈਂ ਵਟੱਸਅਪ ਚੈਨਲ ਵੀ ਬਣਾ ਦਿੱਤਾ ਹੈ। ਆਪਣੇ ਸਾਰੇ ਵਟੱਸਅੱਪ ਸਾਥੀਆਂ ਨੂੰ ਅਖਬਾਰ ਦੀ ਪੀ. ਡੀ. ਐਫ. ਵੀ ਭੇਜ ਦਿੰਦਾ ਹਾਂ। ਇਸ ਪ੍ਰਕਾਰ ਤੁਹਾਡੇ ਇਸ਼ਤਿਹਾਰ ਹਾਰਡ ਕਾਪੀ ਤੋਂ ਵੀ ਵੱਧ ਲੋਕਾਂ ਤੱਕ ਪਹੁੰਚ ਜਾਂਦੇ ਹਨ। ਡਿਜ਼ੀਟਲ ਐਡੀਸ਼ਨ ਦੇ ਇਸ਼ਤਿਹਾਰਾਂ ਦੀਆਂ ਕੀਮਤਾਂ ਵੀ ਮੈਂ ਅੱਧੀਆਂ ਕਰ ਦਿੱਤੀਆਂ ਹਨ।

ਸਮੇਂ ਦੀ ਰਫਤਾਰ ਨਾਲ਼ ਤੁਰਦੇ ਹੋਏ ਡਿਜ਼ੀਟਲ ਮੀਡੀਆ ਦੇ ਹਾਣੀ ਬਣੋ ਅਤੇ ਸਮੇਂ ਤੇ ਇਸ਼ਤਿਹਾਰਬਾਜ਼ੀ ਦਾ ਲਾਭ ਉਠਾਓ।

ਸੰਪਾਦਕ
ਡਾ: ਅਵਤਾਰ ਐਸ. ਸੰਘਾ

ਵਟੱਸਅਪ ਚੈਨਲ ਨੂੰ ਫੌਲੋ ਕਰਨ ਲਈ ਸਕੈਨ ਕਰੋ


## ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

**If somebody wishes to discontinue the advertisement, then please intimate us by calling 0437641033 before 20th every month.**

ਸੰਪਰਕ 0437641033

### Disclaimer

The Punjab Herald and the staff associated with it are not responsible for any claims made by the advertisers and do not endorse any product or advertisement published in the newspaper। The views expressed in the advertisement and various articles belong solely to the concerned advertisers and authors। They do not reflect the views of the newspaper management। Jurisdiction Sydney।

# ਹਰ ਔਰਤ ਬਣੇ ਆਤਮ-ਨਿਰਭਰ

ਆਧੁਨਿਕ ਅਤੇ ਮਹਿੰਗਾਈ ਦੇ ਯੁੱਗ ਵਿਚ ਹਰ ਮਹਿਲਾ ਦਾ ਆਤਮ-ਨਿਰਭਰ ਹੋਣਾ ਬਹੁਤ ਜ਼ਰੂਰੀ ਹੈ। ਜੇ ਔਰਤ ਆਰਥਿਕ ਤੌਰ 'ਤੇ ਆਜ਼ਾਦ ਹੋਵੇਗੀ ਤਾਂ ਉਸ ਦਾ ਆਤਮ-ਵਿਸ਼ਵਾਸੀ ਹੋਣਾ ਸੁਭਾਵਿਕ ਹੈ। ਉਹ ਆਪਣੇ ਜੀਵਨ ਦਾ ਹਰ ਫ਼ੈਸਲਾ ਸੋਚ ਸਮਝ ਕੇ ਆਪਣੀ ਮਰਜ਼ੀ ਨਾਲ ਲੈ ਸਕਦੀ ਹੈ ਕਿਉਂਕਿ ਦੂਸਰਿਆਂ 'ਤੇ ਨਿਰਭਰ ਹੋਣ ਦਾ ਮਤਲਬ ਹੈ, ਉਨ੍ਹਾਂ ਅਨੁਸਾਰ ਆਪਣਾ ਜੀਵਨ ਗੁਜ਼ਾਰਨਾ। ਇਸ ਤਰ੍ਹਾਂ ਸਾਡੇ ਸੋਚਣ ਦੀ ਸ਼ਕਤੀ ਘਟ ਜਾਂਦੀ ਹੈ ਅਤੇ ਆਤਮ-ਵਿਸ਼ਵਾਸ ਖ਼ਤਮ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਮਹਿਲਾਵਾਂ ਦਾ ਵਿਕਾਸ ਹੀ ਦੇਸ਼ ਦਾ ਵਿਕਾਸ ਹੈ, ਉਨ੍ਹਾਂ ਦੀ ਸਿੱਖਿਆ, ਜਾਗਰੂਕਤਾ, ਸਸ਼ਕਤੀਕਰਨ ਅਤੇ ਆਤਮ-ਨਿਰਭਰਤਾ ਸਿਰਫ਼ ਉਨ੍ਹਾਂ ਦੇ ਪਰਿਵਾਰ ਦੀ ਉੱਨਤੀ ਤੱਕ ਸੀਮਤ ਨਹੀਂ ਹੁੰਦੀ ਬਲਕਿ ਸਮਾਜ ਅਤੇ ਦੇਸ਼ ਨੂੰ ਵੀ ਖ਼ੁਸ਼ਹਾਲ ਬਣਾਉਣ ਵਿਚ ਮਦਦ ਕਰਦੀ ਹੈ।

ਹਰ ਮਾਂ-ਬਾਪ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬਿਨਾਂ ਲਿੰਗ-ਭੇਦ ਤੋਂ ਆਪਣੇ ਬੱਚਿਆਂ ਨੂੰ ਪੜ੍ਹਾਉਣ ਅਤੇ ਆਤਮ-ਨਿਰਭਰ ਬਣਾਉਣ ਵਿਚ ਮਦਦ ਕਰਨ। ਪੜ੍ਹ-ਲਿਖ ਕੇ ਹੀ ਉਹ ਆਤਮ-ਨਿਰਭਰ ਬਣ ਸਕਦੀਆਂ ਹਨ ਅਤੇ ਆਪਣੇ ਸੁਪਨਿਆਂ ਨੂੰ ਪੂਰਾ ਕਰ ਸਕਦੀਆਂ ਹਨ। ਉਹ ਖੁੱਲ੍ਹੇ ਅਸਮਾਨ ਵਿਚ ਉੱਡਣਾ ਚਾਹੁੰਦੀਆਂ ਹਨ ਅਤੇ ਹਰ ਖੇਤਰ ਵਿਚ ਵੱਧ-ਚੜ੍ਹ ਕੇ ਹਿੱਸਾ ਲੈ ਰਹੀਆਂ ਹਨ। ਕੁਝ ਸਮਾਂ ਪਹਿਲਾਂ ਸੋਚਿਆ ਜਾਂਦਾ ਸੀ ਕਿ ਖੇਤੀਬਾੜੀ ਦਾ ਕੰਮ ਸਿਰਫ਼ ਪੁਰਖ ਹੀ ਕਰ ਸਕਦੇ ਹਨ ਪਰ ਇਸ ਖੇਤਰ ਵਿਚ ਵੀ ਮਹਿਲਾਵਾਂ ਪਿੱਛੇ ਨਹੀਂ ਹਨ, ਉਨ੍ਹਾਂ ਦੀ ਕਾਮਯਾਬੀ ਨੂੰ ਵੇਖਦਿਆਂ ਹੋਇਆਂ ਹਰ ਸਾਲ 15 ਅਕਤੂਬਰ ਨੂੰ ਮਹਿਲਾ ਕਿਸਾਨ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ। ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਦੀਆਂ ਔਰਤਾਂ ਵੀ ਬਹੁਤ ਜਾਗਰੂਕ ਹੋ ਰਹੀਆਂ ਹਨ। ਹੁਣ ਉਹ ਚੰਦ ਪੈਸਿਆਂ ਲਈ ਦੂਸਰਿਆਂ ਦੇ ਮੁਹਤਾਜ ਨਹੀਂ ਰਹਿਣਾ ਚਾਹੁੰਦੀਆਂ ਬਲਕਿ ਉਹ ਮਿਹਨਤ ਦੇ ਬਲ 'ਤੇ ਪਰਿਵਾਰ ਲਈ ਪਾਲਣਹਾਰ ਬਣ ਰਹੀਆਂ ਹਨ। ਉਹ ਵੀ ਸਮਝਣ ਲਗ ਗਈਆਂ ਹਨ ਕਿ ਪੈਸਿਆਂ ਨਾਲ ਖ਼ੁਸ਼ੀਆਂ ਨਹੀਂ



ਖ਼ਰੀਦੀਆਂ ਜਾ ਸਕਦੀਆਂ ਪਰ ਸਨਮਾਨ ਨਾਲ ਜੀਵਨ ਜੀਵਿਆ ਜਾ ਸਕਦਾ ਹੈ, ਜਿਥੇ ਸ਼ਹਿਰਾਂ ਵਿਚ ਔਰਤਾਂ ਸਕੂਲ, ਕਾਲਜ, ਬੈਂਕ, ਮਾਲਜ਼, ਦਫ਼ਤਰ ਅਤੇ ਸਿਨੇਮਾ ਘਰ ਵਿਚ ਕੰਮ ਕਰਦੀਆਂ ਹਨ, ਉਥੇ ਪਿੰਡਾਂ ਵਿਚ ਵੀ ਔਰਤਾਂ ਪਸ਼ੂਪਾਲਣ, ਮੁਰਗੀਪਾਲਣ, ਮਸ਼ਰੂਮ ਫਾਰਮਿੰਗ, ਮੱਛੀ ਪਾਲਣ ਆਦਿ ਕਈ ਕੰਮ ਕਰਕੇ ਆਤਮ-ਨਿਰਭਰ ਹੋ ਰਹੀਆਂ ਹਨ। ਉਨ੍ਹਾਂ ਦਾ ਹੌਸਲਾ ਵਧਾਉਣ ਲਈ ਆਪਣੇ-ਆਪਣੇ ਖੇਤਰ ਵਿਚ ਮੱਲਾਂ ਮਾਰਨ ਲਈ ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਸਨਮਾਨਿਤ ਕੀਤਾ ਜਾ ਰਿਹਾ ਹੈ।

ਇਹ ਜ਼ਰੂਰੀ ਨਹੀਂ ਕਿ ਹਰ ਔਰਤ ਨੂੰ ਪੜ੍ਹਨ ਤੋਂ ਬਾਅਦ ਨੌਕਰੀ ਹੀ ਕਰਨਾ ਪਸੰਦ ਹੈ। ਬਲਕਿ ਆਤਮ-ਨਿਰਭਰ ਹੋਣ ਲਈ ਉਹ ਆਪਣੇ ਅੰਦਰ ਛੁਪੇ ਹੋਏ ਹੁਨਰ ਨੂੰ ਵੀ ਆਪਣਾ ਪੈਸ਼ਨ ਬਣਾਉਂਦੀਆਂ ਹਨ। ਅੱਜ ਸ਼ਹਿਰਾਂ ਵਿਚ ਔਰਤਾਂ ਬਿਊਟੀ ਪਾਰਲਰ, ਬੁਟੀਕ, ਜਿਊਲਰੀ ਹਾਊਸ, ਸੰਗੀਤ, ਪੇਂਟਿੰਗ, ਕਿਚਨ ਗਾਰਡਨਿੰਗ, ਗਿਫ਼ਟ ਹਾਊਸ ਵਰਗੇ ਕਈ ਕਿੱਤੇ ਅਪਣਾ ਕੇ ਸਮਾਜ ਵਿਚ ਆਪਣੀ ਪਛਾਣ ਬਣਾ ਰਹੀਆਂ ਹਨ। ਇਸ ਤਰ੍ਹਾਂ ਉਹ ਹੋਰ ਔਰਤਾਂ ਨੂੰ ਵੀ ਕੰਮ ਸਿਖਾ ਕੇ ਆਤਮ-ਨਿਰਭਰ ਬਣਾ ਰਹੀਆਂ ਹਨ। ਆਪਣੀਆਂ ਅਤੇ ਪਰਿਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਕੇ ਖ਼ੁਸ਼ਹਾਲੀ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ।

ਕਿਸੇ ਨੇ ਠੀਕ ਹੀ ਕਿਹਾ ਹੈ ਕਿ ਔਖੀ ਘੜੀ ਵੇਲੇ ਸਵੈ-ਨਿਰਭਰਤਾ ਦਾ ਗੁਣ ਹੀ ਮਨੁੱਖ ਦਾ ਸੱਚਾ ਮਿੱਤਰ ਹੁੰਦਾ ਹੈ। ਜਿਹੜੇ ਲੋਕ ਦੂਸਰਿਆਂ 'ਤੇ ਨਿਰਭਰ ਰਹਿੰਦੇ ਹਨ, ਉਹ ਕਦੀ ਵੀ ਆਪਣੇ ਸੁਪਨਿਆਂ ਨੂੰ ਪੂਰਾ ਨਹੀਂ ਕਰ ਸਕਦੇ ਅਤੇ ਨਾ ਹੀ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰਨ ਵਿਚ ਸਫਲ ਹੋ ਸਕਦੇ ਹਨ।

ਪਿੰਡਾਂ ਵਿਚ ਵੀ ਅਧੇੜ ਉਮਰ ਦੀਆਂ ਔਰਤਾਂ ਅਤੇ ਬਜ਼ੁਰਗਾਂ ਨੇ ਆਪਣੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਅੱਜਕਲ੍ਹ ਫਿਰ ਫੁਲਕਾਰੀ ਦਾ ਬੜਾ ਚਲਣ ਹੈ। ਬਹੁਤ ਸਾਰੀਆਂ ਔਰਤਾਂ ਨੇ ਫੁਲਕਾਰੀ ਦੀ ਕਲਾ ਨੂੰ ਪੇਸ਼ਾ ਬਣਾ ਕੇ ਸਿਰਫ ਰੁਜ਼ਗਾਰ ਹੀ ਪ੍ਰਾਪਤ ਨਹੀਂ ਕੀਤਾ ਸਗੋਂ ਦੁਨੀਆ ਵਿਚ ਵੀ ਆਪਣੀ ਵੱਖਰੀ ਪਹਿਚਾਣ ਬਣਾ ਰਹੀਆਂ ਹਨ। ਅੱਜ ਔਰਤਾਂ ਵਾਸਤੇ ਬਹੁਤ ਸਾਰੀਆਂ ਸਕੀਮਾਂ ਹਨ ਜੋ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਵਿਚ ਮਦਦ ਕਰ ਰਹੀਆਂ ਹਨ, ਜਿਸ ਨਾਲ ਉਨ੍ਹਾਂ ਦਾ ਮਾਨਸਿਕ ਬੋਝ ਘਟ ਰਿਹਾ ਹੈ ਅਤੇ ਆਤਮ-ਵਿਸ਼ਵਾਸ ਵਧ ਰਿਹਾ ਹੈ। ਇਸ ਨਾਲ ਜੀਵਨ ਵਿਕਾਸ ਦੀ ਰਾਹ 'ਤੇ ਚਲਦਾ ਹੈ ਅਤੇ ਕਈਆਂ ਦਾ ਸਹਾਰਾ ਬਣਦੀਆਂ ਹਨ। ਇਹ ਕਠਿਨਾਈਆਂ ਵਿਚੋਂ ਵੀ ਰਸਤਾ ਬਣਾਉਣਾ ਸਿਖਾਉਂਦਾ ਹੈ ਅਤੇ ਭੀੜ ਤੋਂ ਹਟ ਕੇ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਸ ਤਰ੍ਹਾਂ ਹਰ ਔਰਤ ਵਿਚ ਆਤਮ-ਰੱਖਿਆ ਦੀ ਭਾਵਨਾ ਜਾਗਦੀ ਹੈ, ਜਿਹੜੀ ਉਸ ਨੂੰ ਹੌਸਲਾ ਦੇ ਕੇ ਹੋਰ ਮਜ਼ਬੂਤ ਬਣਾਉਂਦੀ ਹੈ। ਉਸ ਨੂੰ ਅਨਿਆਂ ਦੇ ਵਿਰੁੱਧ ਆਵਾਜ਼ ਉਠਾਉਣ ਦੀ ਤਾਕਤ ਬਖ਼ਸ਼ਦੀ ਹੈ। ਜਦੋਂ ਹਰ ਹੱਥ ਨੂੰ ਕੰਮ ਮਿਲੇਗਾ ਤਾਂ ਹੀ ਆਤਮ-ਨਿਰਭਰ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਵੱਡੀਆਂ ਹੋ ਕੇ ਉਨ੍ਹਾਂ ਨੂੰ ਦੂਸਰਿਆਂ ਅੱਗੇ ਹੱਥ ਨਾ ਫੈਲਾਉਣਾ ਪਵੇ ਅਤੇ ਉਹ ਆਤਮ-ਸਨਮਾਨ ਨਾਲ ਜੀਵਨ ਜੀਅ ਸਕਣ ਅਤੇ ਆਪਣੀ ਪਛਾਣ ਖ਼ੁਦ ਬਣਾ ਸਕਣ।

ਪ੍ਰਵੀਨ ਅਬਰੋਲ

# ਪਿਆਜ਼-ਪਨੀਰ ਅਤੇ ਮਿਰਚ ਵਾਲੇ ਟੋਸਟ

ਸਮੱਗਰੀ : 3/4 ਕੱਪ ਕੱਟਿਆ ਪਨੀਰ, 1/2 ਕੱਪ ਕੱਟਿਆ ਪਿਆਜ਼, ਇਕ ਚਮਚ ਲਾਲ ਮਿਰਚ ਦੀ ਸੌਸ, 4 ਟੋਸਟਡ ਕਣਕ ਦੇ ਆਟੇ ਤੋਂ ਬਣੇ ਬ੍ਰੈੱਡ ਪੀਸ, ਇਕ ਚਮਚ ਮੱਖਣ, ਲੂਣ ਸਵਾਦ ਅਨੁਸਾਰ, ਤਰਲ ਮੱਖਣ ਟੋਸਟਾਂ ਨੂੰ ਲਾਉਣ ਲਈ।

ਢੰਗ : (1) ਪਿਆਜ਼-ਪਨੀਰ ਤੇ ਲਾਲ ਮਿਰਚ ਵਾਲੇ ਟੋਸਟ ਨੂੰ ਬਣਾਉਣ ਲਈ ਮੱਖਣ ਤੇ ਪਨੀਰ ਨੂੰ ਇਕ ਵੱਡੀ ਕੌਲੀ ਵਿਚ ਇਕੱਠੇ ਕਰ ਲਓ ਅਤੇ ਚੰਗੀ ਤਰ੍ਹਾਂ ਰਲਾ ਲਓ। (2) ਪਿਆਜ਼, ਮਿਰਚ ਦਾ ਸੌਸ ਅਤੇ ਲੂਣ ਨੂੰ ਚੰਗੀ ਤਰ੍ਹਾਂ ਰਲਾ ਲਓ। (3) ਇਸ ਨੂੰ ਚਾਰ ਬਰਾਬਰ



ਹਿੱਸਿਆਂ 'ਚ ਵੰਡ ਲਓ। (4) ਫਿਰ ਟੋਸਟਡ ਬਰੈੱਡ ਪੀਸ ਲਓ ਇਨ੍ਹਾਂ 'ਤੇ ਇਕ ਕਰਕੇ ਹਰੇਕ ਪੀਸ 'ਤੇ ਚਾਰੋ ਹਿੱਸੇ ਟਿਕਾ ਦਿਓ। (5) ਪਕਾਉਣ ਵਾਲੀ ਥਾਲੀ ਦੇ ਕਿਨਾਰਿਆਂ ਨੂੰ ਮੱਖਣ ਨਾਲ ਥਿੰਦਾ ਕਰ ਦਿਓ। ਫਿਰ ਟੋਸਟ ਨੂੰ ਥਿੰਦੀ ਕੀਤੀ ਕਿਨਾਰਿਆਂ ਵਾਲੀ ਥਾਲੀ ਵਿਚ ਪਕਾਉਣ ਲਈ ਰੱਖ ਦਿਓ ਅਤੇ ਪਹਿਲਾਂ ਹੀ 200 ਸੈਂਟੀਗ੍ਰੇਡ (400 ਫਰਨਹੀਟ) ਤੇ ਗਰਮ ਓਵਨ ਵਿਚ 5 ਤੋਂ 7 ਮਿੰਟ ਤੱਕ ਪਕਾਓ। (6) ਪਨੀਰ ਪਿਆਜ਼ ਅਤੇ ਮਿਰਚ ਵਾਲੇ ਟੋਸਟ ਨੂੰ ਤਿਕੋਣ ਵਿਚ ਕੱਟ ਲਓ ਅਤੇ ਖਾਣ ਲਈ ਪੇਸ਼ ਕਰ ਦਿਓ।

# ਗਰਮੀਆਂ 'ਚ ਖ਼ੂਬ ਪਾਣੀ ਪੀਓ ਤੇ ਪਰਿਵਾਰ ਨੂੰ ਵੀ ਆਦਤ ਪਾਓ

ਇਹ ਤਾਂ ਸੋਸ਼ਲ ਮੀਡੀਆ ਕਾਰਨ ਅਸੀਂ ਸਭ ਜਾਣਦੇ ਹਾਂ ਕਿ ਪਾਣੀ ਘੱਟ ਨਹੀਂ ਪੀਣਾ ਚਾਹੀਦਾ। ਆਖਰ ਘੱਟ ਪਾਣੀ ਪੀਣ ਦੇ ਕੀ ਨੁਕਸਾਨ ਹਨ, ਕੀ ਤੁਸੀਂ ਜਾਣਦੇ ਹੋ ? ਆਓ, ਇਸ ਪ੍ਰਸ਼ਨਾਵਲੀ ਰਾਹੀਂ ਜਾਣਦੇ ਹਾਂ।

1. ਜੇਕਰ ਠੰਢ ਦੇ ਦਿਨਾਂ ਵਿਚ ਮਾਸਚਰਾਈਜ਼ਰ ਲਗਾਉਣ ਤੋਂ ਬਾਅਦ ਵੀ ਤੁਹਾਡੀ ਚਮੜੀ ਖ਼ੁਸ਼ਕ ਰਹਿੰਦੀ ਹੈ ਤਾਂ ਇਸ ਦੀ ਇਕ ਵਜ੍ਹਾ ਇਹ ਵੀ ਹੋ ਸਕਦੀ ਹੈ



(ੳ) ਤੁਸੀਂ ਜ਼ਰੂਰਤ ਤੋਂ ਘੱਟ ਪਾਣੀ ਪੀਂਦੇ ਹੋ, ਜਿਸ ਕਾਰਨ ਚਮੜੀ ਖ਼ੁਸ਼ਕ ਰਹਿੰਦੀ ਹੈ। (ਅ) ਤੁਸੀਂ ਜ਼ਰੂਰਤ ਤੋਂ ਜ਼ਿਆਦਾ ਨਮਕ ਖਾ ਰਹੇ ਹੋ। (ੲ) ਦੋਵੇਂ।

2. ਕੀ ਘੱਟ ਪਾਣੀ ਪੀਣ ਨਾਲ ਮੂੰਹ ਤੋਂ ਬਦਬੂ ਆਉਣ ਲਗਦੀ ਹੈ ?

(ੳ) ਨਹੀਂ। (ਅ) ਕਦੀ ਕਦੀ

(ੲ) ਜੇਕਰ ਲਗਾਤਾਰ ਘੱਟ ਪਾਣੀ ਪੀਤਾ ਜਾਵੇ ਤਾਂ ਉਦੋਂ।

3. ਘੱਟ ਪਿਸ਼ਾਬ ਆਉਣਾ ਕਿਸ ਗੱਲ ਦੀ ਨਿਸ਼ਾਨੀ ਹੈ ?

(ੳ) ਸ਼ੂਗਰ ਦੇ ਮਰੀਜ਼ ਦੀ। (ਅ) ਗਰਮ ਤਾਸੀਰ ਦੀਆਂ ਚੀਜ਼ਾਂ ਖਾਣ ਦਾ।

(ੲ) ਘੱਟ ਪਾਣੀ ਪੀਣ ਦਾ।

4. ਪਾਣੀ ਘੱਟ ਪੀਣ ਨਾਲ(ੳ) ਸਿਰਦਰਦ ਅਤੇ ਬੇਚੈਨੀ ਹੋ ਜਾਂਦੀ ਹੈ।

(ਅ) ਕਬਜ਼ ਹੋ ਜਾਂਦੀ ਹੈ (ੲ) ਪੇਸ਼ਾਬ ਗੰਧਲੇ ਰੰਗ ਦਾ ਹੋ ਜਾਂਦਾ ਹੈ।

5. ਇਕ ਸਿਹਤਮੰਦ ਵਿਅਕਤੀ ਨੂੰ ਹਰ ਦਿਨ ਕਿੰਨੇ ਗਿਲਾਸ ਪਾਣੀ ਪੀਣਾ ਚਾਹੀਦਾ ਹੈ ?

(ੳ) 8 (ਅ) 5 (ੲ) 12

ਨਤੀਜਾ : ਜੇਕਰ ਤੁਸੀਂ ਇਥੇ ਮੌਜੂਦ ਸਾਰੇ ਸਵਾਲਾਂ ਨੂੰ ਧਿਆਨ ਨਾਲ ਪੜ੍ਹਿਆ ਹੈ ਅਤੇ ਹਰ ਸਵਾਲ ਦੇ ਸਾਹਮਣੇ ਦਿੱਤੇ ਗਏ ਤਿੰਨ ਬਦਲਾਂ 'ਚੋਂ ਉਸੇ ਉੱਤਰ 'ਤੇ ਸਹੀ ਨਿਸ਼ਾਨ ਲਗਾਇਆ ਹੈ, ਜਿਸ ਨੂੰ ਤੁਸੀਂ ਬਿਲਕੁਲ ਸਹੀ ਮੰਨਦੇ ਹੋ ਤਾਂ ਹੁਣ ਇਹ ਜਾਣਨ ਲਈ ਤਿਆਰ ਹੋ ਜਾਓ ਕਿ ਘੱਟ ਪਾਣੀ ਦੇ ਨੁਕਸਾਨ ਤੋਂ ਤੁਸੀਂ ਕਿੰਨੇ ਜਾਣੂ ਹੋ ਜਾਂ ਤੇ ਕਿੰਨੇ ਨਹੀਂ।

(ੳ) ਜੇਕਰ ਤੁਹਾਡੇ ਕੁੱਲ ਹਾਸਲ ਅੰਕ 10 ਜਾਂ ਇਸ ਤੋਂ ਘੱਟ ਹਨ ਤਾਂ ਭਾਵੇਂ ਤੁਸੀਂ ਘੱਟ ਪਾਣੀ ਨਾ ਪੀਂਦੇ ਹੋਵੋ ਪਰ ਤੁਹਾਨੂੰ ਘੱਟ ਪਾਣੀ ਪੀਣ ਦੇ ਨੁਕਸਾਨ ਨਹੀਂ ਪਤਾ ਜਾਂ ਫਿਰ ਸਪੱਸ਼ਟ ਰੂਪ ਨਾਲ ਨਹੀਂ ਪਤਾ। ਚੰਗਾ ਹੈ ਕਿਸੇ ਵੀ ਸਰੋਤ ਜਾਂ ਢੰਗ ਨਾਲ ਇਸ ਨੂੰ ਸਮਝੋ।

(ਅ) ਜੇਕਰ ਤੁਹਾਡੇ ਕੁੱਲ ਹਾਸਲ ਅੰਕ 10 ਤੋਂ ਜ਼ਿਆਦਾ ਪਰ 20 ਜਾਂ ਇਸ ਤੋਂ ਘੱਟ ਹਨ ਤਾਂ ਤੁਸੀਂ ਪਾਣੀ ਪੀਣ ਦੇ ਨੁਕਸਾਨ ਲਗਭਗ ਸਭ ਜਾਣਦੇ ਹੋ। ਪਰ ਤੁਹਾਨੂੰ ਪੂਰਾ ਵਿਸ਼ਵਾਸ ਨਹੀਂ ਹੈ ਕਿ ਤੁਸੀਂ ਜਾਣਦੇ ਹੋ। ਇਸ ਦੁਵਿਧਾ ਨੂੰ ਲੈ ਕੇ ਵੀ ਸਪੱਸ਼ਟ ਹੋ ਜਾਵੋ, ਇਹ ਜ਼ਰੂਰੀ ਹੈ। ਉਂਝ ਤੁਹਾਨੂੰ ਪਾਣੀ ਪੀਣ ਦਾ ਮਹੱਤਵ ਪਤਾ ਹੈ।

(ੲ) ਜੇਕਰ ਤੁਹਾਡੇ ਕੁੱਲ ਹਾਸਲ ਅੰਕ 20 ਤੋਂ ਜ਼ਿਆਦਾ ਹਨ ਤਾਂ ਤੁਹਾਨੂੰ ਵਧਾਈ ਹੋਵੇ। ਤੁਸੀਂ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ ਕਿ ਘੱਟ ਪਾਣੀ ਪੀਣ ਦੇ ਨੁਕਸਾਨ ਕੀ ਹੋ ਸਕਦੇ ਹਨ।

ਪਿੰਕੀ ਅਰੋੜਾ

# ਸਮੇਂ ਦੀ ਕਦਰ

ਜ਼ਿੰਦਗੀ ਨੂੰ ਅਨੁਸ਼ਾਸਨ ਵਿਚ ਬਤੀਤ ਕਰਨ ਲਈ ਜ਼ਰੂਰੀ ਹੈ ਕਿ ਸਮੇਂ ਦੀ ਕਦਰ ਕੀਤੀ ਜਾਵੇ ਅਤੇ ਹਰ ਕੰਮ ਸਮੇਂ 'ਤੇ ਕੀਤਾ ਜਾਵੇ। ਜੇਕਰ ਅਸੀਂ ਸਮੇਂ ਦੀ ਕਦਰ ਨਹੀਂ ਕਰਾਂਗੇ ਤਾਂ ਅਸੀਂ ਜ਼ਿੰਦਗੀ ਦੇ ਸਫ਼ਰ ਵਿਚ ਬਹੁਤ ਪਿੱਛੇ ਰਹਿ ਜਾਵਾਂਗੇ। ਸਮੇਂ ਤੋਂ ਭਟਕਿਆ ਹੋਇਆ ਵਿਅਕਤੀ ਆਪਣੀ ਜ਼ਿੰਦਗੀ ਦੇ ਅਸਲੀ ਮਕਸਦ ਤੋਂ ਭਟਕ ਜਾਂਦਾ ਹੈ। ਖ਼ਾਸ ਤੌਰ 'ਤੇ ਜਵਾਨੀ ਦਾ ਸਮਾਂ ਇਸ ਤਰ੍ਹਾਂ



ਦਾ ਹੁੰਦਾ ਹੈ, ਜਿਸ ਨੂੰ ਬਹੁਤ ਸਾਰੇ ਪੜ੍ਹਨ ਵਾਲੇ ਵਿਦਿਆਰਥੀ ਅਜਾਈਂ ਹੀ ਗਵਾ ਲੈਂਦੇ ਹਨ। ਜੇਕਰ ਬੱਚੇ ਇਸ ਸਮੇਂ ਨੂੰ ਪੜ੍ਹਾਈ 'ਤੇ ਲਗਾਉਣ ਤਾਂ ਆਪਣਾ ਚੰਗਾ ਭਵਿੱਖ ਸਿਰਜ ਸਕਦੇ ਹਨ। ਕਿਸੇ ਵੀ ਮੰਜ਼ਿਲ 'ਤੇ ਪਹੁੰਚਣ ਲਈ ਸਮੇਂ ਸਿਰ ਤੁਰ ਪੈਣਾ ਹੀ ਮੰਜ਼ਿਲ ਪ੍ਰਾਪਤ ਕਰਨ ਦਾ ਪਹਿਲਾ ਕਦਮ ਹੁੰਦਾ ਹੈ। ਮਨੁੱਖ ਕੋਲ ਜੇਕਰ ਸਮਾਂ ਹੋਵੇ ਤਾਂ ਮਨੁੱਖ ਧਨ-ਦੌਲਤ ਆਦਿ ਨਾਂਅ ਕਮਾ ਸਕਦਾ ਹੈ। ਪਰ ਇਸ ਧਨ-ਦੌਲਤ ਨਾਲ ਸਮਾਂ ਨਹੀਂ ਕਮਾਇਆ ਜਾ ਸਕਦਾ। ਜੇਕਰ ਕਿਸੇ ਪਰਿਵਾਰ ਦੀ ਇਕ ਪੀੜ੍ਹੀ ਸਮੇਂ ਦੀ ਕਦਰ ਨਹੀਂ ਕਰਦੀ ਤਾਂ ਨਾ ਸਿਰਫ਼ ਉਹ ਆਪਣਾ ਸਗੋਂ ਆਉਣ ਵਾਲੀਆਂ ਕਈ ਪੀੜ੍ਹੀਆਂ ਦਾ ਨੁਕਸਾਨ ਕਰ ਦਿੰਦੀ ਹੈ। ਇਕ ਅਧਿਆਪਕ ਵਲੋਂ ਆਪਣੇ ਫ਼ਰਜ਼ ਨਿਭਾਉਣ ਸਮੇਂ ਕੀਤੀ ਗਈ ਦੇਰੀ ਕਈਆਂ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਕਰ ਸਕਦੀ ਹੈ। ਇਸੇ ਤਰ੍ਹਾਂ ਡਾਕਟਰ ਵਲੋਂ ਮਰੀਜ਼ ਦੇ ਇਲਾਜ ਸਮੇਂ ਕੀਤੀ ਗਈ ਦੇਰੀ ਮਰੀਜ਼ ਦੀ ਮੌਤ ਦਾ ਕਾਰਨ ਬਣ ਸਕਦੀ ਹੈ। ਆਮ ਹੀ ਇਹ ਸੁਣਨ ਨੂੰ ਮਿਲ ਜਾਂਦਾ ਹੈ ਕਿ ਜਿਹੜੇ ਪ੍ਰਸ਼ਨ ਪੇਪਰ ਵਿਚ ਆਏ ਸਨ, ਉਹ ਮੈਂ ਪੇਪਰ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਪੜ੍ਹੇ ਸਨ। ਕਿਹਾ ਜਾਂਦਾ ਹੈ ਕਿ ਮੌਤ, ਅਫ਼ਸਰ ਅਤੇ ਗਾਹਕ ਦੇ ਆਉਣ ਦਾ ਕੋਈ ਪੱਕਾ ਸਮਾਂ ਨਹੀਂ ਹੁੰਦਾ। ਜ਼ਰੂਰੀ ਹੈ ਕਿ ਇਨ੍ਹਾਂ ਨੂੰ ਆਪਣੇ ਦਿਮਾਗ਼ ਰੱਖਦੇ ਹੋਏ ਆਪਣੀ ਡਿਊਟੀ 'ਤੇ ਸਮੇਂ 'ਤੇ ਪਹੁੰਚੀਏ ਅਤੇ ਹਰੇਕ ਕੰਮ ਸਮੇਂ ਸਿਰ ਕਰੀਏ। ਦਿਨ-ਰਾਤ, ਰੁੱਤਾਂ ਦਾ ਬਦਲਣਾ, ਧਰਤੀ ਦਾ ਘੁੰਮਣਾ, ਸੂਰਜ ਦਾ ਚੜ੍ਹਨਾ ਤੇ ਡੁੱਬਣਾ ਕੁਦਰਤ ਵਲੋਂ ਕੀਤੀ ਗਈ ਸਮੇਂ ਦੀ ਕਦਰ ਦੀ ਇਕ ਉਦਾਹਰਨ ਹੈ। ਪਰ ਮਨੁੱਖ ਦੀ ਬਦਕਿਸਮਤੀ ਇਸ ਗੱਲ ਵਿਚ ਵੀ ਹੈ ਕਿ ਇਹ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਲੜਾਈਆਂ-ਝਗੜਿਆਂ, ਈਰਖਾ, ਨਫ਼ਰਤ ਵਿਚ ਬਤੀਤ ਕਰ ਦਿੰਦਾ ਹੈ। ਜਦ ਕਿ ਜ਼ਰੂਰੀ ਇਹ ਹੈ ਕਿ ਸਮੇਂ ਦੇ ਹਰ ਮਿੰਟ ਦੀ ਸਹੀ ਵਰਤੋਂ ਕਰਦੇ ਹੋਏ ਸਹੀ ਖੇਤਰ ਵਿਚ ਮਿਹਨਤ ਕੀਤੀ ਜਾਵੇ, ਜਿਸ ਦਾ ਨਤੀਜਾ ਕਾਮਯਾਬੀ ਹੀ ਨਿਕਲੇਗਾ।

ਗੁਰਿੰਦਰ ਕਲੇਰ

# ਧੀਆਂ: ਵਿਰਾਸਤ ਨਹੀਂ, ਸਗੋਂ ਭਾਵਨਾਵਾਂ ਦੀ ਸੱਚਾਈ

ਸਦੀਆਂ ਤੋਂ, ਭਾਰਤੀ ਸਮਾਜ ਵਿੱਚ ਇਹ ਵਿਸਵਾਸ ਰਿਹਾ ਹੈ ਕਿ ਸਿਰਫ ਪੁੱਤਰ ਹੀ ਵੰਸ ਨੂੰ ਅੱਗੇ ਵਧਾਏਗਾ, ਸਿਰਫ ਪੁੱਤਰ ਹੀ ਅਰਥੀ ਚੁੱਕੇਗਾ, ਸਿਰਫ ਪੁੱਤਰ ਹੀ ਜਾਇਦਾਦ ਦਾ ਵਾਰਸ ਹੋਵੇਗਾ। ਇਹ ਸੋਚ ਨਾ ਸਿਰਫ ਧੀਆਂ ਨੂੰ ਦੂਜੇ ਦਰਜੇ ਦੇ ਦਰਜੇ ਵਿੱਚ ਧੱਕਦੀ ਹੈ, ਸਗੋਂ ਮਨੁੱਖੀ ਸੰਵੇਦਨਾਵਾਂ ਨੂੰ ਵੀ ਠੇਸ ਪਹੁੰਚਾਉਂਦੀ ਹੈ। ਪਰ ਸਮੇਂ ਨੇ ਵਾਰ-ਵਾਰ ਸਾਬਤ ਕੀਤਾ ਹੈ ਕਿ ਵੰਸ ਸਿਰਫ ਇੱਕ ਨਾਮ ਨਹੀਂ ਹੈ, ਵੰਸ ਇੱਕ ਭਾਵਨਾ ਹੈ ਜਿਸਨੂੰ ਕੋਈ ਵੀ ਅੱਗੇ ਵਧਾ ਸਕਦਾ ਹੈ। ਬਹੁਤ ਸਾਰੀਆਂ ਧੀਆਂ ਹਨ ਜੋ ਆਪਣੇ ਬੁੱਢੇ ਮਾਪਿਆਂ ਦੀ ਸੇਵਾ ਕਰਦੀਆਂ ਹਨ, ਉਨ੍ਹਾਂ ਦਾ ਸਮਰਥਨ ਕਰਦੀਆਂ ਹਨ ਅਤੇ ਉਨ੍ਹਾਂ ਦੀ ਆਖਰੀ ਇੱਛਾ ਪੂਰੀ ਕਰਦੀਆਂ ਹਨ।

ਅੱਜ, ਜਦੋਂ ਸਾਂਝੇ ਪਰਿਵਾਰ ਟੁੱਟ ਰਹੇ ਹਨ, ਜਦੋਂ ਪੁੱਤਰ ਵੱਡੇ ਸਹਿਰਾਂ ਵਿੱਚ ਆਪਣੇ ਕਰੀਅਰ ਵਿੱਚ ਰੁੱਝੇ ਹੋਏ ਹਨ, ਧੀਆਂ ਆਪਣੇ ਮਾਪਿਆਂ ਨਾਲ ਰਹਿ ਰਹੀਆਂ ਹਨ ਅਤੇ ਉਨ੍ਹਾਂ ਨੂੰ ਮਾਨਸਿਕ, ਭਾਵਨਾਤਮਕ ਅਤੇ ਕਈ ਵਾਰ ਵਿੱਤੀ ਸਹਾਇਤਾ ਵੀ ਪ੍ਰਦਾਨ ਕਰ ਰਹੀਆਂ ਹਨ।

ਹੰਝੂਆਂ ਦਾ ਵੀ ਇਹੀ ਪ੍ਰਭਾਵ ਕਿਉਂ ਹੁੰਦਾ ਹੈ?

ਜਦੋਂ ਘਰ ਵਿੱਚ ਦੁੱਖ ਆਉਂਦਾ ਹੈ, ਤਾਂ ਹੰਝੂ ਕਿਸੇ ਰਿਸਤੇ, ਲਿੰਗ ਜਾਂ ਵਰਗ ਨੂੰ ਨਹੀਂ ਦੇਖਦੇ। ਮਾਂ ਦਾ ਪਿਆਰ ਅਤੇ ਧੀ ਦਾ ਪਿਆਰ - ਦੋਵਾਂ ਵਿੱਚ ਦਰਦ ਦੀ ਭਾਸਾ ਇੱਕੋ ਜਿਹੀ ਹੈ। ਮੌਤ ਇੱਕ ਅਜਿਹਾ ਸੱਚ ਹੈ ਜੋ ਸਾਰਿਆਂ ਨੂੰ ਇੱਕ ਛੱਤਰੀ ਹੇਠ ਇਕੱਠਾ ਕਰਦਾ ਹੈ। ਉਸ ਪਲ ਨਾ ਤਾਂ ਪੁੱਤਰ ਵੱਡਾ ਹੁੰਦਾ ਹੈ ਅਤੇ ਨਾ ਹੀ ਧੀ ਛੋਟੀ ਹੁੰਦੀ ਹੈ। ਉਸ ਪਲ ਸਿਰਫ ਇੱਕ ਮਨੁੱਖ ਹੁੰਦਾ ਹੈ - ਸਮਰਪਿਤ, ਭਾਵੁਕ, ਟੁੱਟਿਆ ਹੋਇਆ।

ਸਾਡੇ ਸਮਾਜ ਵਿੱਚ, ਮੌਤ ਤੋਂ ਬਾਅਦ ਦੀਆਂ ਰਸਮਾਂ ਪੁੱਤਰ ਦੀ ਜਿੰਮੇਵਾਰੀ ਹੁੰਦੀਆਂ ਹਨ। ਪਰ ਕੀ ਭਾਵਨਾਤਮਕ ਜਿੰਮੇਵਾਰੀ ਸਿਰਫ ਇੱਕ ਲਿੰਗ 'ਤੇ ਪਾਉਣਾ ਉਚਿਤ ਹੈ? ਜਦੋਂ ਧੀ ਵੀ ਉਹੀ ਦਰਦ ਸਹਿੰਦੀ ਹੈ, ਉਹੀ ਹੰਝੂ ਵਹਾਉਂਦੀ ਹੈ, ਤਾਂ ਫਿਰ ਉਹ ਹੱਕਾਂ ਦੀ ਘੱਟ ਹੱਕਦਾਰ ਕਿਉਂ ਹੈ?

ਬਦਲਦੇ ਸਮਾਜਿਕ ਸਮੀਕਰਨ

ਅੱਜ ਦਾ ਭਾਰਤ ਇੱਕ ਤਬਦੀਲੀ ਦੇ ਦੌਰ ਵਿੱਚੋਂ ਗੁਜਰ ਰਿਹਾ ਹੈ, ਜਿੱਥੇ ਧੀਆਂ ਨੂੰ ਪੜ੍ਹਾਇਆ ਜਾ ਰਿਹਾ ਹੈ ਅਤੇ ਆਤਮਨਿਰਭਰ ਬਣਾਇਆ ਜਾ ਰਿਹਾ ਹੈ, ਪਰ ਮਾਨਸਿਕਤਾ ਵਿੱਚ ਤਬਦੀਲੀ ਅਜੇ ਵੀ ਅਧੂਰੀ ਹੈ। 'ਧੀਆਂ ਬਚਾਓ, ਧੀਆਂ ਪੜ੍ਹਾਓ' ਦਾ ਨਾਅਰਾ ਹੈ, ਪਰ ਕੀ ਅਸੀਂ ਜਿੰਦਗੀ ਦੇ ਹਰ ਹੱਕ ਵਿੱਚ ਧੀਆਂ ਨੂੰ ਬਰਾਬਰ ਦਾ ਦਰਜਾ ਦੇ ਸਕਦੇ ਹਾਂ? ਕੀ ਉਨ੍ਹਾਂ ਨੂੰ ਜਾਇਦਾਦ, ਪਰੰਪਰਾ ਅਤੇ ਫੈਸਲਿਆਂ ਵਿੱਚ ਬਰਾਬਰ ਦਾ ਦਰਜਾ ਮਿਲ ਰਿਹਾ ਹੈ?



ਸਿਰਫ ਸਿੱਖਿਆ ਹੀ ਨਹੀਂ, ਧੀਆਂ ਨੂੰ ਜਾਇਦਾਦ ਦੇ ਅਧਿਕਾਰ, ਪਰਿਵਾਰਕ ਫੈਸਲਿਆਂ ਵਿੱਚ ਭਾਗੀਦਾਰੀ ਅਤੇ ਸਮਾਜਿਕ ਸਨਮਾਨ ਦੀ ਵੀ ਲੋੜ ਹੁੰਦੀ ਹੈ। ਇਹ ਬਦਲਾਅ ਸਿਰਫ ਕਾਨੂੰਨਾਂ ਨਾਲ ਨਹੀਂ, ਸਗੋਂ ਵਿਚਾਰਾਂ ਨਾਲ ਆਵੇਗਾ।

ਅਨੁਭਵਾਂ ਦੀਆਂ ਕਹਾਣੀਆਂ: ਧੀਆਂ ਜਿਨ੍ਹਾਂ ਨੇ ਸਮਾਜ ਬਦਲਿਆ

ਰਾਜਸਥਾਨ ਦੇ ਛੋਟੇ ਪਿੰਡਾਂ ਤੋਂ ਲੈ ਕੇ ਵੱਡੇ ਸਹਿਰਾਂ ਤੱਕ, ਹਜਾਰਾਂ ਧੀਆਂ ਆਪਣੇ ਮਾਪਿਆਂ ਲਈ ਉਹ ਸਹਾਰਾ ਬਣ ਗਈਆਂ ਹਨ ਜਿਸਦੀ ਸਮਾਜ ਪੁੱਤਰਾਂ ਤੋਂ ਉਮੀਦ ਕਰਦਾ ਸੀ। ਇੱਕ ਉਦਾਹਰਣ ਮਹਾਰਾਸਟਰ ਦੀ ਪ੍ਰਿਯੰਕਾ ਦੀ ਹੈ, ਜਿਸਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਅੰਤਿਮ ਸੰਸਕਾਰ ਕੀਤੇ; ਪਿੰਡ ਨੇ ਵਿਰੋਧ ਕੀਤਾ, ਪਰ ਉਹ ਆਪਣੀ ਗੱਲ 'ਤੇ ਅੜੀ ਰਹੀ। ਅੱਜ ਪਿੰਡ ਦੀਆਂ ਹੋਰ ਕੁੜੀਆਂ ਉਸਨੂੰ ਆਪਣਾ ਰੋਲ ਮਾਡਲ ਮੰਨਦੀਆਂ ਹਨ।

ਇੱਕ ਹੋਰ ਕਹਾਣੀ ਉੱਤਰ ਪ੍ਰਦੇਸ ਦੀ ਸੀਮਾ ਦੀ ਹੈ, ਜਿਸਨੇ ਆਪਣੇ ਪਿਤਾ ਦੇ ਬਿਮਾਰ ਹੋਣ 'ਤੇ ਨੌਕਰੀ ਛੱਡ ਦਿੱਤੀ ਅਤੇ ਤਿੰਨ ਸਾਲ ਦਿਨ ਰਾਤ ਸੇਵਾ ਕੀਤੀ। ਅੰਤ ਵਿੱਚ, ਜਦੋਂ ਉਸਦੇ ਪਿਤਾ ਦਾ ਦੇਹਾਂਤ ਹੋ ਗਿਆ, ਸੀਮਾ ਨੇ ਸਾਰੀਆਂ ਰਸਮਾਂ ਇਕੱਲੇ ਹੀ ਨਿਭਾਈਆਂ।

ਕੀ ਇਹ ਪਿਆਰ, ਇਹ ਸਰਧਾ ਵਿਰਾਸਤ ਦਾ ਹਿੱਸਾ ਨਹੀਂ ਹੈ?

ਕਾਨੂੰਨ ਕੀ ਕਹਿੰਦਾ ਹੈ?

ਭਾਰਤੀ ਉੱਤਰਾਧਿਕਾਰ ਐਕਟ, 2005 ਵਿੱਚ ਸੋਧ ਤੋਂ ਬਾਅਦ, ਧੀਆਂ ਨੂੰ ਜਾਇਦਾਦ ਵਿੱਚ ਬਰਾਬਰ ਅਧਿਕਾਰ ਮਿਲਿਆ ਹੈ। ਪਰ ਸਮਾਜਿਕ ਪੱਧਰ 'ਤੇ ਇਸ ਅਧਿਕਾਰ ਨੂੰ ਕਿੰਨੀ ਵਾਰ ਸਵੀਕਾਰ ਕੀਤਾ ਗਿਆ ਹੈ? ਭਾਵੇਂ ਅਦਾਲਤਾਂ ਧੀਆਂ ਨੂੰ ਸਮਾਨਤਾ ਦਿੰਦੀਆਂ ਹਨ, ਪਰ ਸਮਾਜ ਅਜੇ ਵੀ ਇਸ ਤਬਦੀਲੀ ਨੂੰ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਅਪਣਾ ਨਹੀਂ ਸਕਿਆ ਹੈ। ਕਈ ਵਾਰ ਧੀਆਂ ਨੂੰ ਆਪਣੀ ਮਰਜੀ ਨਾਲ ਆਪਣੇ ਹੱਕ 'ਛੱਡਣ' ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਜੋ ਪੁੱਤਰ ਆਪਣਾ ਹਿੱਸਾ ਬਰਕਰਾਰ ਰੱਖ ਸਕਣ। ਇਹ 'ਬਲੀਦਾਨ' ਨਹੀਂ ਹੈ ਸਗੋਂ ਇੱਕ ਯੋਜਨਾਬੱਧ ਸਮਾਜਿਕ ਦਬਾਅ ਹੈ।

ਧੀਆਂ ਨੂੰ ਕਮਜੋਰ ਕਿਉਂ ਮੰਨਿਆ ਜਾਂਦਾ ਹੈ?

ਸੰਵੇਦਨਸੀਲ ਹੋਣਾ ਕੋਈ ਕਮਜੋਰੀ ਨਹੀਂ ਹੈ। ਅਸੀਂ ਸਹਿਣਸੀਲਤਾ ਨੂੰ ਕਮਜੋਰੀ ਸਮਝਿਆ ਹੈ। ਧੀਆਂ ਘਰ ਦੀ ਸਾਂਤੀ, ਪਿਆਰ ਦਾ ਪ੍ਰਵਾਹ ਅਤੇ ਦੁੱਖ ਦੀ ਪਹਿਲੀ ਸਾਥੀ ਹੁੰਦੀਆਂ ਹਨ। ਜੇਕਰ ਪੁੱਤਰਾਂ ਵਿੱਚ ਇਹ ਗੁਣ ਹਨ, ਤਾਂ ਉਨ੍ਹਾਂ ਨੂੰ 'ਬੁੱਧੀਮਾਨ' ਕਿਹਾ ਜਾਂਦਾ ਹੈ, ਤਾਂ ਧੀਆਂ ਨੂੰ 'ਕਮਜੋਰ' ਕਿਉਂ ਕਿਹਾ ਜਾਂਦਾ ਹੈ?

ਧੀਆਂ ਅਕਸਰ ਪਰਿਵਾਰ ਦੀ ਭਾਵਨਾਤਮਕ ਰੀੜ੍ਹ ਦੀ ਹੱਡੀ ਹੁੰਦੀਆਂ ਹਨ। ਉਹ ਚੁੱਪਚਾਪ ਸੰਘਰਸਾਂ ਨੂੰ ਸਹਿ ਲੈਂਦੀ ਹੈ ਅਤੇ ਫਿਰ ਵੀ ਮੁਸਕਰਾਉਂਦੀ ਹੈ। ਕੀ ਇਹ ਸਕਤੀ ਨਹੀਂ ਹੈ?

ਪੀੜ੍ਹੀਆਂ ਦੀ ਮਾਨਸਿਕਤਾ ਬਦਲਣ ਦੀ ਲੋੜ ਹੈ।

ਇਹ ਸੋਚ ਕਿ ਪੁੱਤਰ ਜਰੂਰੀ ਹੈ, ਇੱਕ ਸਮਾਜਿਕ ਭਰਮ ਹੈ। ਵੰਸ ਸਿਰਫ ਉੱਥੇ ਹੀ ਜਾਰੀ ਰਹਿੰਦਾ ਹੈ ਜਿੱਥੇ ਕਦਰਾਂ-ਕੀਮਤਾਂ ਹੁੰਦੀਆਂ ਹਨ, ਅਤੇ ਕਦਰਾਂ-ਕੀਮਤਾਂ ਪੁੱਤਰ ਜਾਂ ਧੀ ਵਿੱਚ ਨਹੀਂ ਸਗੋਂ ਪਾਲਣ-ਪੋਸਣ ਅਤੇ ਰਿਸਤਿਆਂ ਵਿੱਚ ਹੁੰਦੀਆਂ ਹਨ। ਕੀ ਉਹ ਧੀ ਜੋ ਆਪਣੇ ਪਿਤਾ ਦੀ ਚਿਤਾ ਨੂੰ ਅਗਨੀ ਦਿੰਦੀ ਹੈ, ਉਹ ਉਸ ਧੀ ਨਾਲੋਂ ਘੱਟ ਹੈ ਜੋ ਆਪਣੇ ਪਿਤਾ ਦੀ ਫੋਟੋ 'ਤੇ ਹਾਰ ਚੜ੍ਹਾਉਂਦੀ ਹੈ? ਨਵੀਂ ਪੀੜ੍ਹੀ ਨੂੰ ਇਹ ਸਮਝਣਾ ਪਵੇਗਾ ਕਿ ਪਰਿਵਾਰਕ ਜਿੰਮੇਵਾਰੀਆਂ ਸਿਰਫ ਪੁੱਤਰਾਂ ਦੀਆਂ ਨਹੀਂ ਹਨ। ਧੀਆਂ ਆਪਣੇ ਬੁਢਾਪੇ ਵਿੱਚ ਆਪਣੇ ਮਾਪਿਆਂ ਦਾ ਸਹਾਰਾ ਵੀ ਬਣ ਸਕਦੀਆਂ ਹਨ, ਜੇਕਰ ਸਮਾਜ ਉਨ੍ਹਾਂ ਨੂੰ ਇਹ ਮੌਕਾ ਅਤੇ ਹੱਕ ਦੇਵੇ।

ਵਿਰਾਸਤ ਸਿਰਫ ਜਮੀਨ ਜਾਂ ਨਾਮ ਨਹੀਂ ਹੁੰਦੀ।

ਵਿਰਾਸਤ ਉਹ ਵੀ ਹੈ ਜੋ ਹੰਝੂਆਂ ਵਿੱਚ ਝਲਕਦੀ ਹੈ, ਜੋ ਭਾਵਨਾਵਾਂ ਵਿੱਚ ਵਹਿੰਦੀ ਹੈ, ਜੋ ਰਸਮਾਂ ਵਿੱਚ ਰਹਿੰਦੀ ਹੈ। ਧੀਆਂ ਉਹ ਵਿਰਾਸਤ ਹਨ ਜੋ ਸਿਰਫ ਖੂਨ ਦੇ ਰਿਸਤੇ ਨੂੰ ਹੀ ਨਹੀਂ, ਸਗੋਂ ਪਿਆਰ ਅਤੇ ਸੇਵਾ ਦੇ ਬੰਧਨ ਨੂੰ ਅੱਗੇ ਵਧਾਉਂਦੀਆਂ ਹਨ। ਅੱਜਕੱਲ੍ਹ ਪਰਿਵਾਰਾਂ ਵਿੱਚ ਇਹ ਦੇਖਿਆ ਗਿਆ ਹੈ ਕਿ ਧੀਆਂ ਆਪਣੇ ਮਾਪਿਆਂ ਦੇ ਖਰਚਿਆਂ ਦਾ ਭਾਰ ਵੀ ਚੁੱਕਦੀਆਂ ਹਨ, ਉਹ ਦਵਾਈ ਤੋਂ ਲੈ ਕੇ ਬਿਮਾਰੀ ਦੌਰਾਨ ਉਨ੍ਹਾਂ ਦੀ ਦੇਖਭਾਲ ਤੱਕ ਸਭ ਕੁਝ ਕਰਦੀਆਂ ਹਨ।

ਜਦੋਂ ਇੱਕ ਧੀ ਆਪਣੇ ਪਿਤਾ ਨੂੰ ਬਿਸਤਰੇ 'ਤੇ ਦੇਖਦੀ ਹੈ, ਤਾਂ ਉਹ ਸਿਰਫ ਇੱਕ ਮਰੀਜ ਨੂੰ ਨਹੀਂ ਦੇਖਦੀ, ਸਗੋਂ ਉਹ ਆਪਣੀ ਜਿੰਦਗੀ ਦੇ ਥੰਮ੍ਹ ਨੂੰ ਡਿੱਗਦੇ ਹੋਏ ਵੀ ਦੇਖਦੀ ਹੈ। ਉਸਦਾ ਦਰਦ, ਉਸਦੀ ਸੇਵਾ ਕਿਸੇ ਵੀ ਪੁੱਤਰ ਤੋਂ ਘੱਟ ਨਹੀਂ ਹੈ।

ਮੀਡੀਆ ਅਤੇ ਪ੍ਰਸਿੱਧ ਸੱਭਿਆਚਾਰ ਵਿੱਚ ਬਦਲਾਅ ਦੀ ਲੋੜ ਹੈ

ਸਾਡੇ ਟੈਲੀਵਿਜਨ ਸੀਰੀਅਲਾਂ ਅਤੇ ਫਿਲਮਾਂ ਵਿੱਚ, ਧੀਆਂ ਨੂੰ ਜਾਂ ਤਾਂ ਇੱਕ ਬੋਝ ਵਜੋਂ ਜਾਂ ਕੁਰਬਾਨੀ ਦੀ ਦੇਵੀ ਵਜੋਂ ਦਿਖਾਇਆ ਜਾਂਦਾ ਹੈ। ਇਹ ਅਤਿਅੰਤ ਹਨ। ਸਾਨੂੰ ਅਜਿਹੀਆਂ ਕਹਾਣੀਆਂ ਦੀ ਲੋੜ ਹੈ ਜੋ ਧੀਆਂ ਨੂੰ ਅਸਲੀ, ਮਜਬੂਤ ਅਤੇ ਕੁਦਰਤੀ ਰੂਪ ਵਿੱਚ ਪੇਸ ਕਰਨ। ਜਦੋਂ ਸਮਾਜ ਦਾ ਸੱਭਿਆਚਾਰਕ ਪ੍ਰਤੀਬਿੰਬ ਬਦਲਦਾ ਹੈ, ਤਾਂ ਮਾਨਸਿਕਤਾ ਵੀ ਬਦਲ ਜਾਂਦੀ ਹੈ।

ਸਾਡੀ ਜਿੰਮੇਵਾਰੀ

ਸਮਾਜ ਨੂੰ ਧੀਆਂ ਨੂੰ ਸਿਰਫ ਇੱਕ ਵਿਕਲਪ ਵਜੋਂ ਨਹੀਂ ਸਗੋਂ ਇੱਕ ਸੰਪੂਰਨ, ਸਮਰੱਥ ਉੱਤਰਾਧਿਕਾਰੀ ਵਜੋਂ ਦੇਖਣਾ ਚਾਹੀਦਾ ਹੈ। ਧੀਆਂ ਦੀ ਸਿੱਖਿਆ, ਸੁਰੱਖਿਆ ਅਤੇ ਸਤਿਕਾਰ ਸਿਰਫ ਨਾਅਰੇ ਨਹੀਂ ਹਨ, ਇਹ ਇੱਕ ਡੂੰਘੀ ਸਮਾਜਿਕ ਕ੍ਰਾਂਤੀ ਦੀ ਸੁਰੂਆਤ ਹਨ। ਸਕੂਲਾਂ ਵਿੱਚ ਬਰਾਬਰ ਸਿੱਖਿਆ ਹੋਣੀ ਚਾਹੀਦੀ ਹੈ, ਧੀਆਂ ਨੂੰ ਪੰਚਾਇਤਾਂ ਵਿੱਚ ਸਾਮਲ ਕੀਤਾ ਜਾਣਾ ਚਾਹੀਦਾ ਹੈ, ਅਤੇ ਘਰਾਂ ਵਿੱਚ ਉਨ੍ਹਾਂ ਦੇ ਫੈਸਲਿਆਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ - ਤਾਂ ਹੀ ਇਹ ਤਬਦੀਲੀ ਸਥਾਈ ਹੋਵੇਗੀ।

ਧੀਆਂ ਦੀ ਪਰਵਰਿਸ ਕਰਦੇ ਸਮੇਂ, ਇਹ ਨਾ ਸੋਚੋ ਕਿ "ਕੱਲ੍ਹ ਉਹ ਅਜਨਬੀ ਬਣ ਜਾਣਗੀਆਂ," ਸਗੋਂ ਇਹ ਸੋਚੋ ਕਿ "ਇਹ ਅੱਜ ਮੇਰੀ ਤਾਕਤ ਹੈ।"

ਅੱਜ ਦੇ ਸਮੇਂ ਵਿੱਚ, ਜਦੋਂ ਪਰਿਵਾਰ, ਰਿਸਤਿਆਂ ਅਤੇ ਕਦਰਾਂ-ਕੀਮਤਾਂ ਦੀਆਂ ਪਰਿਭਾਸਾਵਾਂ ਬਦਲ ਰਹੀਆਂ ਹਨ, ਧੀਆਂ ਦੀ ਭੂਮਿਕਾ ਨੂੰ ਇੱਕ ਵਾਰ ਫਿਰ ਨਵੇਂ ਦ੍ਰਿਸਟੀਕੋਣ ਤੋਂ ਸਮਝਣਾ ਜਰੂਰੀ ਹੈ। ਉਹ ਸਿਰਫ ਸਹਾਰਾ ਨਹੀਂ ਹਨ, ਉਹ ਤਾਕਤ ਹਨ। ਉਹ ਸਿਰਫ ਹਮਦਰਦੀ ਦੇ ਹੀ ਨਹੀਂ ਸਗੋਂ ਵਿਰਾਸਤ ਦੇ ਵੀ ਹੱਕਦਾਰ ਹਨ।

ਧੀਆਂ ਸਿਰਫ ਰਿਸਤਿਆਂ ਦੀ ਗਾਰੰਟੀ ਹੀ ਨਹੀਂ ਹੁੰਦੀਆਂ, ਸਗੋਂ ਸਮਾਜ ਦੀ ਰੀੜ੍ਹ ਦੀ ਹੱਡੀ ਵੀ ਹੁੰਦੀਆਂ ਹਨ। ਉਸਦੀਆਂ ਅੱਖਾਂ ਵਿੱਚ ਉਹੀ ਚਿੰਤਾ, ਉਹੀ ਪਿਆਰ, ਉਹੀ ਬੇਅੰਤ ਪਿਆਰ ਹੈ ਜੋ ਕਿਸੇ ਵੀ ਪੁੱਤਰ ਨੂੰ ਹੁੰਦਾ ਹੈ - ਕਈ ਵਾਰ ਇਸ ਤੋਂ ਵੀ ਵੱਧ। ਉਨ੍ਹਾਂ ਨੂੰ ਹਾਸੀਏ ਤੋਂ ਕੇਂਦਰ ਵਿੱਚ ਲਿਆਉਣਾ, ਉਨ੍ਹਾਂ ਨਾਲ ਸਿਰਫ 'ਧੀਆਂ' ਵਾਂਗ ਨਹੀਂ ਸਗੋਂ 'ਵਾਰਸਾਂ' ਵਾਂਗ ਪੇਸ ਆਉਣਾ ਹੀ ਸੱਚੀ ਸਮਾਜਿਕ ਤਰੱਕੀ ਹੋਵੇਗੀ।

"ਮੈਂ ਬਹੁਤ ਸਮਝਾਉਣ ਦੀ ਕੋਸਿਸ ਕਰਦਾ ਹਾਂ, ਪਰ ਕੋਈ ਨਹੀਂ ਸਮਝਦਾ, ਮੇਰਾ ਦਿਲ ਅਨਪੜ੍ਹ ਹੈ... ਇਸਦਾ ਦਿਮਾਗ ਨਹੀਂ ਹੈ...!"

ਜਦੋਂ ਤੁਸੀਂ ਆਪਣੇ ਦਿਲ ਤੋਂ ਸੋਚੋਗੇ, ਤਾਂ ਹੀ ਤੁਹਾਨੂੰ ਸਮਝ ਆਵੇਗੀ ਕਿ ਧੀਆਂ ਨਾਜੁਕ ਨਹੀਂ ਹੁੰਦੀਆਂ, ਉਹ ਕਿਸਮਤ ਹੁੰਦੀਆਂ ਹਨ।

ਪ੍ਰਿਯੰਕਾ ਸੌਰਭ



ਦਾ ਪੰਜਾਬ ਹੈਰਲਡ
ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।
ਸੰਪਰਕ 0437641033 | thepunjabherald1@gmail.com

# ਪਸੀਨੇ ਦੀ ਬਦਬੂ ਕਿਸ ਤਰ੍ਹਾਂ ਦੂਰ ਕਰੀਏ?



ਜਦੋਂ ਪਸੀਨਾ ਸਾਡੀ ਚਮੜੀ ਦੇ ਰੋਮਾਂ 'ਚੋਂ ਨਿਕਲਦਾ ਹੈ ਤਾਂ ਉਸ ਵਿਚ ਕੋਈ ਬਦਬੂ ਨਹੀਂ ਹੁੰਦੀ। ਆਮ ਤੌਰ 'ਤੇ ਪਸੀਨੇ ਦੇ ਨਾਲ ਨਮਕ, ਪ੍ਰੋਟੀਨ, ਯੂਰੀਆ, ਚਰਬੀ ਆਦਿ ਨਿਕਲਦੇ ਹਨ ਪਰ ਜਦੋਂ ਪਸੀਨੇ ਦਾ ਵਾਸ਼ਪੀਕਰਨ ਨਹੀਂ ਹੁੰਦਾ ਤਾਂ ਪਸੀਨੇ ਵਿਚ ਤੇਜ਼ ਬਦਬੂ ਪੈਦਾ ਹੁੰਦੀ ਹੈ।

ਪਸੀਨਾ ਆਉਣਾ ਸਾਡੀ ਸਿਹਤ ਲਈ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਪਸੀਨੇ ਨਾਲ ਸਾਡੇ ਸਰੀਰ ਦਾ ਤਾਪਮਾਨ ਕੰਟਰੋਲ 'ਚ ਰਹਿੰਦਾ ਹੈ। ਜਿੰਨੀ ਜ਼ਿਆਦਾ ਗਰਮੀ ਪਵੇਗੀ, ਓਨਾ ਹੀ ਜ਼ਿਆਦਾ ਸਾਨੂੰ ਪਸੀਨਾ ਆਵੇਗਾ। ਇਸੇ ਪਸੀਨੇ ਦੇ ਵਾਸ਼ਪੀਕਰਨ ਨਾਲ ਸਾਡੀ ਚਮੜੀ ਨੂੰ ਠੰਢਕ ਮਿਲਦੀ ਰਹਿੰਦੀ ਹੈ ਅਤੇ ਸਰੀਰ ਦਾ ਤਾਪਮਾਨ ਸਥਿਰ ਰਹਿੰਦਾ ਹੈ।

ਬਦਬੂ ਤੋਂ ਬਚਣ ਦੇ ਉਪਾਅ : ਸਾਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਕਿ ਭਾਵੇਂ 2 ਘੰਟੇ ਕੱਪੜੇ ਪਾਓ ਪਰ ਅਲਮਾਰੀ ਵਿਚ ਰੱਖਣ ਤੋਂ ਪਹਿਲਾਂ ਉਨ੍ਹਾਂ ਨੂੰ ਧੋਣਾ ਕਦੀ ਨਾ ਭੁੱਲੋ।

ਇਸ ਦੇ ਨਾਲ ਹੀ ਸਾਨੂੰ ਆਪਣੇ ਸਰੀਰ ਦੀ ਸਫ਼ਾਈ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਬਾਹਰੀ ਜੀਵਾਣੂਆਂ ਦਾ ਹਮਲਾ ਨਾ ਹੋਵੇ, ਇਸ ਲਈ ਸਾਨੂੰ ਗਰਮੀਆਂ ਵਿਚ ਖ਼ਾਸ ਕਰਕੇ ਦਿਨ ਵਿਚ ਦੋ ਵਾਰ ਇਸ਼ਨਾਨ ਕਰਨਾ ਚਾਹੀਦਾ ਹੈ। ਨਹਾਉਣ ਸਮੇਂ ਸਾਬਣ ਦੀ ਵਰਤੋਂ ਜ਼ਰੂਰ ਕਰੋ। ਜੇਕਰ ਸਾਬਣ ਡਿਟੋਲ ਵਾਲਾ ਜਾਂ ਨਿੰਮ ਵਾਲਾ ਹੋਵੇ ਤਾਂ ਬਹੁਤ ਵਧੀਆ। ਜੇਕਰ ਤੁਹਾਡੇ ਪਸੀਨੇ ਵਿਚੋਂ ਜ਼ਿਆਦਾ ਬਦਬੂ ਆਉਂਦੀ ਹੋਵੇ ਤਾਂ ਨਹਾਉਣ ਤੋਂ ਬਾਅਦ ਪਾਣੀ ਵਿਚ ਥੋੜ੍ਹਾ ਜਿਹਾ ਸਫ਼ੈਦ ਸਿਰਕਾ ਪਾ ਕੇ ਉਸ ਸਿਰਕੇ ਵਾਲੇ ਪਾਣੀ ਨਾਲ ਨਹਾਓ।

ਨਹਾਉਣ ਤੋਂ ਬਾਅਦ ਟੈਲਕਮ ਪਾਊਡਰ ਦੀ ਵਰਤੋਂ ਕਰੋ। ਇਸ ਨਾਲ ਤੁਹਾਡੇ ਸਰੀਰ ਵਿਚ ਫੁਰਤੀ ਬਣੀ ਰਹੇਗੀ ਅਤੇ ਜ਼ਿਆਦਾ ਪਸੀਨਾ ਆਉਣ 'ਤੇ ਪਾਊਡਰ ਉਸ ਨੂੰ ਸੋਖਦਾ ਵੀ ਰਹੇਗਾ। ਜਿਥੋਂ ਤੱਕ ਹੋ ਸਕੇ ਸਟਾਰਚ ਵਾਲੇ ਪਾਊਡਰ ਦੀ ਵਰਤੋਂ ਕਰਨੀ ਠੀਕ ਨਹੀਂ ਰਹੇਗੀ।

ਐਂਟੀਪਰਸਪਾਇਰੈਂਟ ਅਤੇ ਡਿਓਡਰੈਂਟ ਦੀ ਵਰਤੋਂ : ਅੱਜਕਲ੍ਹ ਬਾਜ਼ਾਰ ਵਿਚ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਮਿਲਦੀਆਂ ਹਨ, ਜਿਨ੍ਹਾਂ ਨਾਲ ਪਸੀਨੇ ਦੀ ਬਦਬੂ ਤੋਂ ਮੁਕਤੀ ਪਾਈ ਜਾ ਸਕਦੀ ਹੈ। ਡਿਓਡਰੈਂਟ ਵਿਚ ਇਸ ਤਰ੍ਹਾਂ ਦੇ ਤੱਤ ਹੁੰਦੇ ਹਨ ਜੋ ਜੀਵਾਣੂਆਂ ਨੂੰ ਖ਼ਤਮ ਤਾਂ ਨਹੀਂ ਕਰਦੇ ਪਰ ਉਨ੍ਹਾਂ ਦੇ ਵਾਧੇ ਨੂੰ ਜ਼ਰੂਰ ਰੋਕਦੇ ਹਨ। ਡਿਓਡਰੈਂਟ ਨਹਾਉਣ ਤੋਂ ਤੁਰੰਤ ਬਾਅਦ ਵਰਤਣਾ ਚਾਹੀਦਾ ਹੈ। ਉਂਝ ਤਾਂ ਡਿਓਡੋਰੈਂਟ ਅੱਜਕਲ੍ਹ ਸਾਬਣ ਦੇ ਰੂਪ ਵਿਚ ਵੀ ਬਾਜ਼ਾਰ ਵਿਚ ਉਪਲਬਧ ਹੈ। ਐਂਟੀਪਰਸਪਾਇਰੈਂਟ ਨਾ ਸਿਰਫ਼ ਚਮੜੀ ਦੀ ਪਰਤ 'ਤੇ ਪਸੀਨੇ ਨੂੰ ਜਮ੍ਹਾਂ ਹੋਣ ਤੋਂ ਰੋਕਦਾ ਹੈ ਸਗੋਂ ਪਸੀਨੇ ਵਿਚ ਮਿਲੇ ਜੀਵਾਣੂਆਂ ਦਾ ਖ਼ਾਤਮਾ ਵੀ ਕਰਦਾ ਹੈ।

ਐਂਟੀਪਰਸਪਾਇਰੈਂਟ ਦੀ ਵਰਤੋਂ ਹਮੇਸ਼ਾ ਇਸ਼ਨਾਨ ਕਰਨ ਤੋਂ 20-25 ਮਿੰਟ ਬਾਅਦ ਹੀ ਕਰਨੀ ਚਾਹੀਦੀ ਹੈ। ਇਸ ਨੂੰ ਲਗਾਉਣ ਤੋਂ ਪਹਿਲਾਂ ਆਪਣੇ ਸਰੀਰ ਨੂੰ ਤੌਲੀਏ ਨਾਲ ਰਗੜ ਕੇ ਚੰਗੀ ਤਰ੍ਹਾਂ ਸੁਕਾ ਲੈਣਾ ਚਾਹੀਦਾ ਹੈ। ਜੇਕਰ ਤੁਹਾਡੇ ਪਸੀਨੇ ਵਿਚੋਂ ਜ਼ਿਆਦਾ ਬਦਬੂ ਆਉਂਦੀ ਹੈ ਤਾਂ ਤੁਸੀਂ ਇਸ ਨੂੰ ਦਿਨ ਵਿਚ 2 ਵਾਰ ਵਰਤ ਸਕਦੇ ਹੋ

ਅੱਜਕਲ੍ਹ ਬਾਜ਼ਾਰ ਵਿਚ ਯੂਡੀਕੋਲੋਨ ਬਹੁਤ ਸੌਖਿਆਂ ਹੀ ਮਿਲ ਜਾਂਦਾ ਹੈ। ਬਸ ਇਸ ਦੀਆਂ ਨਹਾਉਣ ਦੇ ਪਾਣੀ ਵਿਚ ਕੁਝ ਬੂੰਦਾਂ ਪਾ ਕੇ ਨਹਾਓ। ਫਿਰ ਪਰਫਿਊਮ ਦੀ ਵਰਤੋਂ ਕਰਨ ਵਿਚ ਹਿਚਕਿਚਾਹਟ ਨਹੀਂ ਕਰਨੀ ਚਾਹੀਦੀ।

ਧੁੱਪ ਤੋਂ ਬਚੋ : ਜਿਥੋਂ ਤੱਕ ਹੋ ਸਕੇ, ਗਰਮੀਆਂ ਦੇ ਦਿਨਾਂ ਵਿਚ ਸਖ਼ਤ ਧੁੱਪ ਤੋਂ ਬਚਣਾ ਚਾਹੀਦਾ ਹੈ ਪਰ ਕੰਮਕਾਜੀ ਮਰਦਾਂ ਅਤੇ ਔਰਤਾਂ ਲਈ ਇਹ ਇਕਦਮ ਸੰਭਵ ਨਹੀਂ ਹੈ। ਫਿਰ ਵੀ ਅਸੀਂ ਧੁੱਪ ਤੋਂ ਬਚਣ ਲਈ ਛਤਰੀ ਦੀ ਵਰਤੋਂ ਕਰ ਸਕਦੇ ਹਾਂ।

ਖਾਣ-ਪੀਣ : ਗਰਮੀਆਂ ਦੇ ਦਿਨਾਂ ਵਿਚ ਜਿਥੋਂ ਤੱਕ ਹੋ ਸਕੇ ਇਸ ਤਰ੍ਹਾਂ ਦੇ ਭੋਜਨ ਖਾਓ ਜੋ ਸਰੀਰ ਨੂੰ ਠੰਢਕ ਪਹੁੰਚਾਉਣ। ਜਿਵੇਂ ਮੌਸਮੀ ਫਲਾਂ ਦਾ ਰਸ, ਦਹੀਂ, ਸਲਾਦ ਆਦਿ ਦੀ ਵਰਤੋਂ ਕਰੋ। ਤਲੀਆਂ, ਭੁੰਨੀਆਂ ਚੀਜ਼ਾਂ ਅਤੇ ਮਿਰਚ ਮਸਾਲੇ ਵਾਲੇ ਭੋਜਨ ਘੱਟ ਖਾਓ। ਇਸ ਲਈ ਪਾਣੀ ਵਿਚ ਨਿੰਬੂ ਤੇ ਨਮਕ ਪਾ ਕੇ ਪੀਓ। ਗਰਮੀਆਂ ਦੇ ਦਿਨਾਂ ਵਿਚ ਸਾਨੂੰ ਪਾਣੀ ਵੀ ਘੱਟ ਤੋਂ ਘੱਟ 10-12 ਗਿਲਾਸ ਤੱਕ ਇਕ ਦਿਨ ਵਿਚ ਜ਼ਰੂਰ ਪੀਣਾ ਚਾਹੀਦਾ ਹੈ।

ਪਹਿਰਾਵਾ : ਗਰਮੀ ਦੇ ਦਿਨਾਂ ਵਿਚ ਢਿੱਲੇ ਤੇ ਸਾਫ਼-ਸੁਥਰੇ ਸੂਤੀ ਕੱਪੜੇ ਪਾਓ।

ਨਵਜੋਤ ਸਿੰਘ ਖੜਤੋਲ

# ਲੰਮੀ ਉਮਰ ਲਈ ਬਹੁਤ ਜ਼ਰੂਰੀ ਹੈ ਆਰਾਮ



ਜੇ ਤੁਸੀਂ 50 ਸਾਲ ਦੀ ਉਮਰ ਪਾਰ ਕਰ ਚੁੱਕੇ ਹੋ ਤਾਂ ਜ਼ਿਆਦਾ ਕੰਮ ਕਰਨਾ ਛੱਡ ਕੇ ਆਰਾਮ ਕਰੋ। ਲੰਮੀ ਉਮਰ ਸੰਬੰਧੀ ਕੀਤੀ ਗਈ ਖੋਜ ਵਿਚ ਇਕ ਮਾਹਰ ਦਾ ਕਹਿਣਾ ਹੈ ਕਿ ਲੰਮੀ ਦੂਰੀ ਤੱਕ ਦੌੜਨ ਵਾਲਿਆਂ ਦੀ ਬਜਾਏ ਘਰ ਵਿਚ ਬੈਠ ਕੇ ਆਰਾਮ ਕਰਨ ਵਾਲੇ ਅਤੇ ਸਕਵੈਸ਼ ਖੇਡਣ ਦੀ ਬਜਾਏ ਦੁਪਹਿਰ ਦੀ ਨੀਂਦ ਲੈਣ ਵਾਲੇ ਵਿਅਕਤੀਆਂ ਦੇ ਲੰਮੇ ਸਮੇਂ ਤੱਕ ਜਿਊਂਦੇ ਰਹਿਣ ਦੀ ਵਧੇਰੇ ਸੰਭਾਵਨਾ ਰਹਿੰਦੀ ਹੈ। ਖਾਲੀ ਸਮੇਂ 'ਚ ਹੌਲੀ-ਹੌਲੀ ਘੁੰਮਣਾ-ਫਿਰਨਾ ਅਤੇ ਭੁੱਖ ਨਾਲੋਂ ਘੱਟ ਖਾਣਾ ਵੀ ਚੰਗੀ ਸਿਹਤ ਦੀ ਨਿਸ਼ਾਨੀ ਹੁੰਦੀ ਹੈ ਪਰ ਬਹੁਤ ਤੇਜ਼-ਤੇਜ਼ ਤੁਰਨਾ ਸਿਹਤ ਲਈ ਨੁਕਸਾਨਦੇਹ ਹੋ ਸਕਦਾ ਹੈ।

50 ਸਾਲ ਦੀ ਉਮਰ ਪਾਰ ਕਰ ਚੁੱਕੇ ਵਿਅਕਤੀ ਦੂਜੇ ਕੰਮਾਂ ਲਈ ਜਮ੍ਹਾਂ ਕੀਤੀ ਊਰਜਾ ਦੀ ਵਰਤੋਂ ਕਰਕੇ ਲੰਮੀ ਦੂਰੀ ਤੱਕ ਦੌੜ ਲਗਾਉਂਦੇ ਹਨ ਅਤੇ ਇਹੀ ਕਾਰਨ ਹੈ ਕਿ ਉਨ੍ਹਾਂ ਦੀ ਯਾਦ ਸ਼ਕਤੀ ਇਸ ਉਮਰ ਵਿਚ ਅਕਸਰ ਕਮਜ਼ੋਰ ਹੋ ਜਾਂਦੀ ਹੈ ਅਤੇ ਸਮੇਂ ਤੋਂ ਕਾਫੀ ਪਹਿਲਾਂ ਹੀ ਉਨ੍ਹਾਂ ਦੇ ਸੁਭਾਅ ਵਿਚ ਤਬਦੀਲੀ ਆ ਜਾਂਦੀ ਹੈ, ਜਿਸ ਕਾਰਨ ਉਨ੍ਹਾਂ ਵਿਚ ਚਿੜਚਿੜਾਪਨ, ਬੜਬੋਲਾਪਨ ਆਦਿ ਕਈ ਗ਼ਲਤ ਆਦਤਾਂ ਦਾ ਜਨਮ ਹੁੰਦਾ ਹੈ।

ਸਿਰਫ ਏਨਾ ਹੀ ਨਹੀਂ, ਸਵੇਰੇ ਜਲਦੀ ਉੱਠਣ ਨੂੰ ਦਿਨ ਭਰ ਦੀ ਸੁਸਤੀ ਦਾ ਮੁੱਖ ਕਾਰਨ ਦੱਸਦੇ ਹੋਏ ਸੂਰਜ ਨਿਕਲਣ ਤੋਂ ਬਾਅਦ ਤੱਕ ਸੌਣ ਦੀ ਸਲਾਹ ਵੀ ਦਿੱਤੀ ਜਾਂਦੀ ਹੈ। ਉਂਝ ਵੀ ਉਮਰ ਵਧਣ ਕਾਰਨ ਵਿਅਕਤੀਆਂ ਦੀ ਕਾਰਜ ਸਮਰੱਥਾ ਘਟਦੀ ਜਾਂਦੀ ਹੈ। ਨਤੀਜੇ ਵਜੋਂ ਆਰਾਮ ਕਰਨਾ ਸਰੀਰ ਲਈ ਵਧੇਰੇ ਫਾਇਦੇਮੰਦ ਹੁੰਦਾ ਹੈ।

ਕੁੱਲ ਮਿਲਾ ਕੇ ਇਸ ਨਵੀਂ ਖੋਜ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਜੇ ਲੰਮੀ ਉਮਰ ਦਾ ਜੀਵਨ ਬਤੀਤ ਕਰਨਾ ਹੈ ਤੇ ਖ਼ਾਸ ਕਰਕੇ ਵੱਡੀ ਉਮਰ ਵਿਚ, ਤਾਂ ਕਾਫੀ ਹੱਦ ਤੱਕ ਆਰਾਮ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।

ਵਿਨੋਦ ਕੁਮਾਰ ਪਾਂਡੇ

# ਬੱਚਿਆਂ ਨੂੰ ਵੀ ਹੁੰਦੀਆਂ ਹਨ ਦੰਦਾਂ ਦੀਆਂ ਬਿਮਾਰੀਆਂ



ਦੰਦਾਂ ਦਾ ਸਿਹਤ ਨਾਲ ਡੂੰਘਾ ਸੰਬੰਧ ਹੈ। ਦੰਦਾਂ ਦੇ ਰੋਗਗ੍ਰਸਤ ਹੋਣ ਨਾਲ ਸਿਹਤ ਵੀ ਪ੍ਰਭਾਵਿਤ ਹੁੰਦੀ ਹੈ। ਇਸ ਲਈ ਬੱਚਿਆਂ ਦੀ ਸਿਹਤ ਲਈ ਸਹੀ ਖਾਣ-ਪੀਣ ਤੋਂ ਵੱਧ ਦੰਦਾਂ ਦੀ ਸਹੀ ਦੇਖ-ਭਾਲ ਜ਼ਰੂਰੀ ਹੁੰਦੀ ਹੈ। ਸਹੀ ਦੇਖ-ਭਾਲ ਵੱਲ ਧਿਆਨ ਨਾ ਦੇਣ ਕਾਰਨ ਬੱਚਿਆਂ ਦੇ ਦੰਦਾਂ ਨੂੰ ਕੀੜਾ ਲੱਗ ਜਾਂਦਾ ਹੈ ਜੋ ਹੌਲੀ-ਹੌਲੀ ਦੰਦਾਂ ਨੂੰ ਨਸ਼ਟ ਕਰ ਦਿੰਦਾ ਹੈ।

ਬਹੁਤੀਆਂ ਮਾਵਾਂ ਆਪਣੇ ਬੱਚਿਆਂ ਨੂੰ ਹੁਣ ਬੋਤਲ ਨਾਲ ਦੁੱਧ ਪਿਲਾਉਣ ਲੱਗ ਪਈਆਂ ਹਨ। ਇਸ ਨਾਲ ਦੰਦਾਂ ਨੂੰ ਕੀੜਾ ਲੱਗ ਸਕਦਾ ਹੈ। ਦੁੱਧ ਪਿਲਾਉਣ ਤੋਂ ਬਾਅਦ ਪਾਣੀ ਜ਼ਰੂਰ ਪਿਲਾਉਣਾ ਚਾਹੀਦਾ ਹੈ।

ਬੱਚਿਆਂ ਨੂੰ ਬੋਤਲ ਦੀ ਬਜਾਏ ਚਮਚੇ ਜਾਂ ਕੌਲੀ ਨਾਲ ਦੁੱਧ ਪਿਲਾਉਣਾ ਠੀਕ ਰਹਿੰਦਾ ਹੈ। ਮਾਹਰਾਂ ਅਨੁਸਾਰ ਡੇਢ ਸਾਲ ਦੀ ਉਮਰ ਤੱਕ ਬੱਚੇ ਨੂੰ ਜ਼ਰੂਰ ਮਾਂ ਦਾ ਦੁੱਧ ਪਿਲਾਉਣਾ ਚਾਹੀਦਾ ਹੈ। ਇਸ ਨਾਲ ਦੰਦ ਅਤੇ ਜਬਾੜੇ ਚੰਗੀ ਤਰ੍ਹਾਂ ਵਿਕਸਿਤ ਹੁੰਦੇ ਹਨ ਅਤੇ ਛੇਤੀ ਰੋਗਗ੍ਰਸਤ ਨਹੀਂ ਹੁੰਦੇ।

ਆਮ ਤੌਰ 'ਤੇ ਬੱਚਿਆਂ 'ਚ ਦੁੱਧ ਵਾਲੇ ਦੰਦ 6 ਮਹੀਨਿਆਂ 'ਚ ਆਉਣ ਲੱਗਦੇ ਹਨ ਅਤੇ 11-12 ਸਾਲ ਦੀ ਉਮਰ ਤੱਕ ਰਹਿੰਦੇ ਹਨ। ਇਸ ਦਰਮਿਆਨ 6 ਸਾਲ ਦੀ ਉਮਰ ਵਿਚ ਪੱਕੇ ਦੰਦ ਨਿਕਲਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਸਭ ਤੋਂ ਪਹਿਲਾਂ ਇਕ ਪੱਕੀ ਦਾੜ੍ਹ ਨਿਕਲਦੀ ਹੈ।

ਦੁੱਧ ਵਾਲੇ ਦੰਦ ਨਿਕਲਣ ਸਮੇਂ ਇਨ੍ਹਾਂ ਦੀ ਸਹੀ ਦੇਖ-ਭਾਲ ਕਰਨੀ ਜ਼ਰੂਰੀ ਹੁੰਦੀ ਹੈ। ਅਜਿਹਾ ਨਾ ਕਰਨ ਕਰਕੇ ਦੰਦ ਰੋਗਗ੍ਰਸਤ ਹੋ ਜਾਂਦੇ ਹਨ, ਜਿਨ੍ਹਾਂ ਦਾ ਸਰੀਰ ਦੇ ਕਈ ਹਿੱਸਿਆਂ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਦੰਦਾਂ ਨੂੰ ਸਿਹਤਮੰਦ ਰੱਖਣ ਲਈ ਬੱਚਿਆਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਸਵੇਰੇ ਜਾਗਣ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਦੰਦਾਂ ਨੂੰ ਬਰੁਸ਼ ਨਾਲ ਜ਼ਰੂਰ ਸਾਫ਼ ਕਰਵਾਓ। ਖਾਣਾ ਖਾਣ ਤੋਂ ਬਾਅਦ ਚੰਗੀ ਤਰ੍ਹਾਂ ਕੁਰਲੀ ਜ਼ਰੂਰ ਕਰਾਉਣੀ ਚਾਹੀਦੀ ਹੈ। ਮਿੱਠੀਆਂ ਚੀਜ਼ਾਂ ਜ਼ਿਆਦਾ ਨਹੀਂ ਖਿਲਾਉਣੀਆਂ ਚਾਹੀਦੀਆਂ ਹਨ। ਇਸ ਨਾਲ ਦੰਦਾਂ ਨੂੰ ਕੀੜਾ ਲੱਗ ਸਕਦਾ ਹੈ। ਬੱਚਿਆਂ ਨੂੰ ਪੌਸ਼ਟਿਕ ਖੁਰਾਕ ਕਾਫੀ ਮਾਤਰਾ ਵਿਚ ਖਿਲਾਉਣੀ ਚਾਹੀਦੀ ਹੈ। ਸਾਲ 'ਚ ਇਕ ਵਾਰ ਕਿਸੇ ਵੀ ਮਾਹਰ ਦੰਦਾਂ ਵਾਲੇ ਡਾਕਟਰ ਤੋਂ ਦੰਦਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

ਬੱਚਿਆਂ ਨੂੰ ਚਾਕਲੇਟ ਆਦਿ ਮਿੱਠੀਆਂ ਚੀਜ਼ਾਂ ਵਾਰ-ਵਾਰ ਨਹੀਂ ਖਵਾਉਣੀਆਂ ਚਾਹੀਦੀਆਂ। ਇਸ ਨਾਲ ਉਨ੍ਹਾਂ ਦੇ ਦੰਦ ਰੋਗਗ੍ਰਸਤ ਹੋ ਜਾਂਦੇ ਹਨ। ਮਿੱਠੀਆਂ ਚੀਜ਼ਾਂ ਵਾਰ-ਵਾਰ ਖਾਣ ਨਾਲ ਮੂੰਹ 'ਚ ਕੀਟਾਣੂ ਜ਼ਿਆਦਾ ਐਸਿਡ ਪੈਦਾ ਕਰਦੇ ਹਨ ਜੋ ਦੰਦਾਂ ਨੂੰ ਪ੍ਰਭਾਵਿਤ ਕਰਦਾ ਹੈ। ਜ਼ਿਆਦਾ ਮਿੱਠੀਆਂ ਚੀਜ਼ਾਂ ਖਾਣ ਨਾਲ ਲਾਰ ਦੀ ਸਮਰੱਥਾ ਘੱਟ ਹੋ ਜਾਂਦੀ ਹੈ, ਜਿਸ ਕਾਰਨ ਅਕਲ ਦਾ ਦੰਦਾਂ 'ਤੇ ਮਾੜਾ ਪ੍ਰਭਾਵ ਪੈਣ ਲੱਗਦਾ ਹੈ। ਗਰਭਵਤੀ ਔਰਤਾਂ ਵਲੋਂ ਖਾਧੀ ਗਈ ਖੁਰਾਕ ਦਾ ਅਸਰ ਪੈਦਾ ਹੋਣ ਵਾਲੇ ਬੱਚੇ 'ਤੇ ਪੈਂਦਾ ਹੈ। ਇਸ ਲਈ ਗਰਭਵਤੀ ਔਰਤਾਂ ਨੂੰ ਪ੍ਰੋਟੀਨ, ਵਿਟਾਮਿਨ ਅਤੇ ਕੈਲਸ਼ੀਅਮ ਭਰਪੂਰ ਸੰਤੁਲਿਤ ਖੁਰਾਕ ਪੂਰੀ ਮਾਤਰਾ ਵਿਚ ਖਾਣੀ ਚਾਹੀਦੀ ਹੈ।

ਸਾਵਧਾਨੀਆਂ

ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਆਪਣੇ ਬੱਚੇ ਨੂੰ ਉਸ ਸਮੇਂ ਕੈਲਸ਼ੀਅਮ ਭਰਪੂਰ ਖੁਰਾਕ ਪੂਰੀ ਮਾਤਰਾ ਵਿਚ ਦੇਣ ਜਦੋਂ ਬੱਚੇ ਦੇ ਦੰਦ ਨਿਕਲ ਰਹੇ ਹੋਣ। ਖੁਰਾਕ 'ਚ ਕੈਲਸ਼ੀਅਮ ਦੀ ਘਾਟ ਹੋਣ 'ਤੇ ਦੰਦ ਕਮਜ਼ੋਰ ਹੋ ਸਕਦੇ ਹਨ। ਦੁੱਧ ਅਤੇ ਫਲ ਕੈਲਸ਼ੀਅਮ ਦੇ ਚੰਗੇ ਸਰੋਤ ਹਨ। ਇਸ ਲਈ ਇਨ੍ਹਾਂ ਨੂੰ ਖੁਰਾਕ ਵਿਚ ਜ਼ਰੂਰੀ ਖਵਾਓ। ਵੈਸੇ ਤਾਂ ਡੱਬਾਬੰਦ ਦੁੱਧ ਦੇ ਪਾਊਡਰ ਵਿਚ ਕੈਲਸ਼ੀਅਮ ਸਹੀ ਮਾਤਰਾ ਵਿਚ ਹੁੰਦਾ ਹੈ ਪਰ ਬੱਚੇ ਲਈ ਮਾਂ ਦਾ ਦੁੱਧ ਸਰਬੋਤਮ ਖੁਰਾਕ ਹੈ। ਇਸ ਲਈ ਬੱਚੇ ਨੂੰ ਮਾਵਾਂ ਨੂੰ ਦੁੱਧ ਪਿਆਉਣ ਤੋਂ ਕਦੀ ਵੀ ਆਨਾ-ਕਾਨੀ ਨਹੀਂ ਕਰਨੀ ਚਾਹੀਦੀ। ਉਸ ਨੂੰ ਗਾਂ ਦਾ ਦੁੱਧ ਪਿਲਾਇਆ ਜਾ ਸਕਦਾ ਹੈ। ਦੁੱਧ ਵਾਲੇ ਦੰਦ ਡਿਗਣ ਤੋਂ ਬਾਅਦ ਪੱਕੇ ਦੰਦ ਨਿਕਲਦੇ ਹਨ। ਇਸ ਸਮੇਂ ਸੁਚੇਤ ਰਹਿਣਾ ਜ਼ਰੂਰੀ ਹੁੰਦਾ ਹੈ। ਕਦੀ-ਕਦੀ ਦੁੱਧ ਵਾਲੇ ਦੰਦ ਡਿਗ ਜਾਣ ਤੋਂ ਬਾਅਦ ਪੱਕੇ ਦੰਦ ਦੇਰ ਨਾਲ ਨਿਕਲਦੇ ਹਨ। ਇਸ ਸਮੇਂ ਉਥੇ ਤਾਰ ਲਗਾ ਕੇ ਉਸ ਜਗ੍ਹਾ ਨੂੰ ਬਚਾਉਣਾ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਨਿਕਲਣ ਵਾਲੇ ਦੰਦ ਲਈ ਸਹੀ ਜਗ੍ਹਾ ਨਹੀਂ ਬਚਦੀ ਅਤੇ ਦੰਦ ਟੇਢੇ-ਮੇਢੇ ਹੋ ਜਾਂਦੇ ਹਨ। ਬੱਚਿਆਂ ਨੂੰ ਮਿੱਠੀਆਂ ਚੀਜ਼ਾਂ ਜ਼ਿਆਦਾ ਖਾਣ ਲਈ ਨਾ ਦਿਓ। ਮਿੱਠੀਆਂ ਚੀਜ਼ਾਂ ਖਿਲਾਉਣ ਤੋਂ ਬਾਅਦ ਥੋੜ੍ਹਾ ਜਿਹਾ ਪਾਣੀ ਜ਼ਰੂਰ ਪਿਲਾਓ। ਇਸ ਨਾਲ ਬੱਚੇ ਦੇ ਦੰਦ 'ਚ ਕੀੜਾ ਨਹੀਂ ਲੱਗੇਗਾ। ਜੇਕਰ ਦੰਦ ਤੰਦਰੁਸਤ ਰਹਿਣਗੇ ਤਾਂ ਬੱਚਾ ਵੀ ਸਿਹਤਮੰਦ ਰਹੇਗਾ।

ਰਾਜਾ ਤਾਲੁਕਦਾਰ

# ਅੰਗ ਸੜਨ 'ਤੇ ਕੀ ਕਰੀਏ

* ਸਰੀਰ ਦੇ ਕਿਸੇ ਅੰਗ ਦੇ ਸੜ ਜਾਣ (ਜਲਣ) 'ਤੇ ਉਸ ਜਗ੍ਹਾ 'ਤੇ ਪਾਣੀ ਪਾਓ ਜਾਂ ਟੂਟੀ ਹੇਠਾਂ 15 ਮਿੰਟ ਤੱਕ ਰੱਖੋ, ਉਂਜ ਤਾਂ ਪਾਣੀ ਹੇਠਾਂ ਉਦੋਂ ਤੱਕ ਰੱਖੋ ਜਦੋਂ ਤੱਕ ਸੜਨ ਵਾਲੀ ਜਗ੍ਹਾ 'ਤੇ ਸਾੜ ਪੈਣਾ ਘੱਟ ਨਾ ਹੋ ਜਾਵੇ।
* ਪੇਟ ਜਾਂ ਛਾਤੀ ਦਾ ਕੋਈ ਹਿੱਸਾ ਸੜ ਜਾਵੇ ਤਾਂ ਗਿੱਲੇ ਕੱਪੜੇ ਨਾਲ ਉਸ ਨੂੰ ਠੰਢਾ ਕਰੋ। ਜਦੋਂ ਕੱਪੜੇ ਦੀ ਠੰਢ ਘੱਟ ਜਾਵੇ ਤਾਂ ਉਸ ਨੂੰ ਦੁਬਾਰਾ ਭਿਉਂ ਲਓ।
* ਛੋਟੇ ਬੱਚੇ ਦਾ ਕੋਈ ਅੰਗ ਸੜ ਜਾਣ 'ਤੇ ਧਿਆਨ ਨਾਲ ਉਸ ਅੰਗ ਨੂੰ ਪਾਣੀ ਦੇ ਟੱਬ ਵਿਚ ਡੁਬੋ ਦਿਓ।
* ਅੱਖ 'ਚ ਕੋਈ ਚਿੰਗਾਰੀ ਪਵੇ ਤਾਂ ਅੱਖਾਂ 'ਚ ਪਾਣੀ ਦੇ ਛਿੱਟੇ ਮਾਰੋ। ਉਦੋਂ ਤੱਕ ਛਿੱਟੇ ਮਾਰੋ ਜਦੋਂ ਤੱਕ ਅੱਖ ਦਾ ਸਾੜ ਘੱਟ ਨਾ ਹੋ ਜਾਵੇ।
* ਛਾਲੇ ਹੋਣ 'ਤੇ ਉਨ੍ਹਾਂ ਨੂੰ ਛਿੱਲੋ ਨਾ। ਡਾਕਟਰ ਖੁਦ ਡਿਸਪੋਜ਼ੇਬਲ ਸੂਈ ਨਾਲ ਉਸ 'ਚੋਂ ਪਾਣੀ ਕੱਢ ਦੇਵੇਗਾ ਤੇ ਉਸ ਦੀ ਚਮੜੀ ਢਿੱਲੀ ਪੈਣ 'ਤੇ ਉਸ ਨੂੰ ਖਿੱਚੋ ਨਾ।
* ਰੋਗੀ ਨੂੰ ਖੁੱਲ੍ਹੇ ਕੱਪੜੇ ਪਵਾਓ। ਚੂੜੀ, ਕੰਗਣ, ਛਾਪ ਜਾਂ ਛੱਲਾ ਆਦਿ ਹੌਲੀ-ਹੌਲੀ ਉਤਾਰ ਲਓ। ਸੜੀ ਹੋਈ ਜਗ੍ਹਾ 'ਤੇ ਤੇਲ ਜਾਂ ਕੋਈ ਕ੍ਰੀਮ ਨਾ ਲਗਾਓ ਕਿਉਂਕਿ ਡਾਕਟਰ ਨੂੰ ਜਾਂਚ ਕਰਨ ਅਤੇ ਸਫ਼ਾਈ ਕਰਨ 'ਚ ਪ੍ਰੇਸ਼ਾਨੀ ਹੋ ਸਕਦੀ ਹੈ।
* ਸੜੀ ਹੋਈ ਜਗ੍ਹਾ 'ਤੇ ਛੋਟੇ ਜਾਂ ਵੱਡੇ ਜ਼ਖ਼ਮਾਂ 'ਤੇ ਪੱਟੀ ਦੀ ਜ਼ਰੂਰਤ ਨਹੀਂ ਹੈ। ਉਸ 'ਤੇ ਐਂਟੀਸੈਪਟਿਕ ਕ੍ਰੀਮ ਲਗਾ ਕੇ ਖੁੱਲ੍ਹਾ ਛੱਡ ਦੇਵੋ। ਬਹੁਤ ਵੱਡੇ ਜ਼ਖ਼ਮਾਂ 'ਤੇ ਜ਼ਰੂਰਤ ਪੈਣ 'ਤੇ ਮਰ੍ਹਮ ਪੱਟੀ ਕਰੋ।
* ਛੋਟੇ ਜ਼ਖ਼ਮਾਂ 'ਤੇ ਦਵਾ ਲਗਾਉਣ ਦੇ ਬਾਅਦ ਜੇਕਰ ਮੱਖੀਆਂ ਤੰਗ ਕਰ ਰਹੀਆਂ ਹਨ ਤਾਂ ਪਤਲੇ ਸੂਤੀ ਕੱਪੜੇ ਨਾਲ ਢਕ ਦਿਓ।
* ਐਂਟੀਸੈਪਟਿਕ ਕ੍ਰੀਮ ਉਦੋਂ ਤੱਕ ਲਗਾਓ ਜਦੋਂ ਤੱਕ ਜ਼ਖ਼ਮ ਠੀਕ ਨਾ ਹੋ ਜਾਵੇ।
* ਬਰਫ਼ ਦਾ ਪਾਣੀ ਵਰਤੋਂ 'ਚ ਨਾ ਲਿਆਓ ਕਿਉਂਕਿ ਉਸ ਨਾਲ ਦਰਦ ਵਧ ਸਕਦਾ ਹੈ।

-ਸੁਨੀਤਾ ਗਾਬਾ

# ਮਲੇਰੀਆ ਅਤੇ ਟਾਈਫਾਈਡ ਦੇ ਲੱਛਣ ਅਤੇ ਇਲਾਜ



ਮੌਸਮ ਵਿਚ ਬਦਲਾਅ ਆਉਂਦਿਆਂ ਹੀ ਬੁਖਾਰ ਦਾ ਵਾਇਰਸ ਆਪਣੇ ਪੈਰ ਫੈਲਾਉਣੇ ਸ਼ੁਰੂ ਕਰ ਦਿੰਦਾ ਹੈ। ਕਦੇ ਤੇਜ਼ ਬੁਖਾਰ, ਕਦੇ ਸਰੀਰ ਤੋੜਦਾ ਬੁਖਾਰ ਤੇ ਕਦੇ ਸਿਰ ਦਰਦ ਦੇ ਨਾਲ ਖਾਂਸੀ, ਜ਼ੁਕਾਮ, ਬੁਖਾਰ ਵਾਂਗ ਸਰੀਰ ਭਖਣਾ, ਕਦੇ ਪੇਟ ਦੀ ਗੜਬੜੀ ਦੇ ਨਾਲ ਬੁਖਾਰ ਆਉਣਾ, ਫਲੂ (ਵਾਇਰਲ) ਟਾਈਫਾਈਡ, ਮਲੇਰੀਆ, ਡੇਂਗੂ ਆਦਿ। ਹਰ ਬੁਖਾਰ ਦੇ ਲੱਛਣ ਵੱਖਰੇ ਹੁੰਦੇ ਹਨ, ਜਿਨ੍ਹਾਂ ਨੂੰ ਸਾਧਾਰਨ ਰੂਪ ਵਿਚ ਜਾਣਨਾ ਆਮ ਇਨਸਾਨ ਲਈ ਮੁਸ਼ਕਿਲ ਹੁੰਦਾ ਹੈ। ਆਓ, ਜਾਣੀਏ ਕੁਝ ਆਮ ਬੁਖਾਰਾਂ ਦੇ ਲੱਛਣ ਜੋ ਹਰ ਸਾਲ ਮੌਸਮ ਦੇ ਬਦਲਾਅ ਸਮੇਂ ਸਾਨੂੰ ਘੇਰ ਲੈਂਦੇ ਹਨ।

*ਮਲੇਰੀਆ ਬੁਖਾਰ*

ਇਹ ਬੁਖਾਰ ਮੱਛਰ ਰਾਹੀਂ ਇਨਸਾਨਾਂ ਵਿਚ ਫੈਲਦਾ ਹੈ। ਪਹਿਲਾਂ ਮਲੇਰੀਆ ਹੋਣ 'ਤੇ ਬੁਖਾਰ ਇਕ ਦਿਨ ਛੱਡ ਕੇ ਆਉਂਦਾ ਸੀ ਪਰ ਹੁਣ ਦੇਖਿਆ ਗਿਆ ਹੈ ਕਿ ਲਗਾਤਾਰ ਬੁਖਾਰ ਬਣਿਆ ਰਹਿੰਦਾ ਹੈ। ਮਲੇਰੀਆ ਦਾ ਬੁਖਾਰ 'ਐਨੋਫਿਲੀਜ' ਮਾਦਾ ਮੱਛਰ ਦੇ ਲੜਣ ਨਾਲ ਹੁੰਦਾ ਹੈ। ਇਹ ਮੱਛਰ ਗੰਦੇ ਪਾਣੀ ਵਿਚ ਪੈਦਾ ਹੁੰਦਾ ਹੈ ਅਤੇ ਅਕਸਰ ਸ਼ਾਮ ਨੂੰ ਇਹ ਮੱਛਰ ਲੜਦੇ ਹਨ। ਮਲੇਰੀਆ ਬੁਖਾਰ ਅਕਸਰ ਇਕ ਹਫ਼ਤੇ ਤੱਕ ਰਹਿੰਦਾ ਹੈ ਪਰ ਸਹੀ ਇਲਾਜ ਨਾ ਹੋਣ 'ਤੇ ਇਹ ਬੁਖਾਰ ਇਕ ਹਫ਼ਤੇ ਤੋਂ ਵੱਧ ਵੀ ਜਾਂਦਾ ਹੈ। ਅਕਸਰ ਠੰਢ ਨਾਲ ਤੇਜ਼ ਬੁਖਾਰ ਚੜ੍ਹਦਾ ਹੈ। ਸਿਰ ਦਰਦ, ਸਰੀਰ ਦਰਦ, ਕੰਬਣੀ ਛਿੜਣਾ, ਉਲਟੀ ਆਉਣਾ ਜਾਂ ਜੀਅ ਖ਼ਰਾਬ ਹੋਣਾ, ਕਮਜ਼ੋਰੀ ਹੋਣਾ, ਇਸ ਦੇ ਆਮ ਲੱਛਣ ਹਨ। ਕਦੇ-ਕਦੇ ਮਰੀਜ਼ ਬੇਹੋਸ਼ ਵੀ ਹੋ ਜਾਂਦਾ ਹੈ। ਇਸ ਵਿਚ ਖ਼ੂਨ ਟੈਸਟ ਕਰਵਾ ਕੇ ਇਸ ਬਾਰੇ ਪਤਾ ਲਗਦਾ ਹੈ। ਜਾਂਚ ਕਰਾਉਣ ਲਈ ਡਾਕਟਰ ਕੋਲ ਜ਼ਰੂਰ ਜਾਓ ਤਾਂ ਕਿ ਉਹ ਸਹੀ ਇਲਾਜ ਕਰ ਸਕੇ। ਆਰਾਮ ਵੀ ਜ਼ਰੂਰੀ ਹੁੰਦਾ ਹੈ। ਬਿਨਾਂ ਡਾਕਟਰ ਦੀ ਸਲਾਹ ਤੋਂ ਖ਼ੁਦ ਐਂਟੀ ਮਲੇਰੀਆ ਦਵਾਈ ਨਾ ਲਓ।

*ਟਾਈਫਾਈਡ*

ਟਾਈਫਾਈਡ ਦਾ ਬੁਖਾਰ ਪਹਿਲੇ ਦਿਨ ਘੱਟ, ਫਿਰ ਹੌਲ-ਹੌਲੀ ਵਧਦਾ ਹੈ। ਟਾਈਫਾਈਡ ਦਾ ਬੁਖਾਰ ਸੈਲਮੋਨੇਲਾ ਬੈਕਟੀਰੀਆ ਕਾਰਨ ਹੁੰਦਾ ਹੈ, ਜਿਸ ਨਾਲ ਅੰਤੜੀਆਂ ਵਿਚ ਜ਼ਖ਼ਮ ਹੋ ਜਾਂਦਾ ਹੈ ਜੋ ਬੁਖਾਰ ਦਾ ਕਾਰਨ ਬਣਦਾ ਹੈ। ਟਾਈਫਾਈਡ ਗੰਦੇ ਪਾਣੀ ਦੀ ਵਰਤੋਂ ਕਾਰਨ ਫੈਲਦਾ ਹੈ। ਉਂਝ ਟਾਈਫਾਈਡ ਦਾ ਟੀਕਾ ਵੀ ਹੈ ਪਰ ਸੌ ਫ਼ੀਸਦੀ ਪ੍ਰਭਾਵੀ ਨਹੀਂ ਹੈ। ਟੀਕਾ ਲਗਵਾਉਣ ਦੇ ਬਾਵਜੂਦ ਮੁੜ ਬੁਖਾਰ ਹੋ ਜਾਂਦਾ ਹੈ। ਫਿਰ ਵੀ ਟੀਕਾ ਲਗਵਾਉਣਾ ਚਾਹੀਦਾ ਹੈ। ਇਸ ਨਾਲ ਕਾਫੀ ਹੱਦ ਤੱਕ ਬਚਾਅ ਰਹਿੰਦਾ ਹੈ। ਟਾਈਫਾਈਡ ਬੁਖਾਰ ਦਾ ਸਹੀ ਇਲਾਜ ਨਾ ਹੋਣ ਕਾਰਨ ਇਹ ਜ਼ਿਆਦਾ ਵੱਧ ਵੀ ਸਕਦਾ ਹੈ। ਟਾਈਫਾਈਡ ਬੁਖਾਰ ਤੇਜ਼ ਚੜ੍ਹਦਾ ਹੈ। ਸਿਰ ਦਰਦ, ਸਰੀਰ ਦਰਦ, ਉਲਟੀ ਹੋਣਾ, ਦਿਲ ਖ਼ਰਾਬ ਹੋਣਾ, ਕਦੇ-ਕਦੇ ਪਾਖਾਨੇ ਵਿਚ ਖ਼ੂਨ ਆਉਣਾ ਇਸ ਦੇ ਮੁੱਖ ਲੱਛਣ ਹਨ। ਟਾਈਫਾਈਡ ਦਾ ਪਤਾ ਲਗਾਉਣ ਲਈ ਖ਼ੂਨ ਦੀ ਜਾਂਚ ਕਰਵਾਉਣੀ ਜ਼ਰੂਰੀ ਹੁੰਦੀ ਹੈ। ਡਾਕਟਰ ਵਿਡਾਲ ਟੈਸਟ ਜਾਂ ਬਲੱਡ ਕਲਚਰ ਟੈਸਟ ਕਰਾਉਣ ਲਈ ਕਹਿੰਦੇ ਹਨ। ਪਤਾ ਲੱਗਣ 'ਤੇ ਐਂਟੀਬਾਓਟਿਕ ਦਾ ਕੋਰਸ ਦਿੱਤਾ ਜਾਂਦਾ ਹੈ। ਬੁਖਾਰ ਉਤਰਨ ਲਈ 5 ਤੋਂ 7 ਦਿਨ ਲੱਗ ਜਾਂਦੇ ਹਨ ਪਰ ਘਬਰਾਓ ਨਾ। ਹੱਥਾਂ ਨੂੰ ਸਾਫ਼ ਰੱਖੋ, ਪਾਣੀ ਉਬਾਲ ਕੇ ਪੀਓ।

ਨੀਤੂ ਗੁਪਤਾ

# ਬੰਗਲਾਦੇਸ਼ ਨੂੰ ਮੋਹਰਾ ਬਣਾ ਸਕਦਾ ਹੈ ਪਾਕਿਸਤਾਨ

ਜਦ ਤੋਂ ਸ਼ੇਖ ਹਸੀਨਾ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਈ ਗਈ ਹੈ, ਤਦ ਤੋਂ ਬੰਗਲਾਦੇਸ਼ ਦੇ ਅੰਦਰੂਨੀ ਹਾਲਾਤ ਬਹੁਤ ਨਾਜ਼ੁਕ ਬਣੇ ਹੋਏ ਹਨ। ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਨਾ ਤਾਂ ਰਾਜਨੀਤਕ ਸਥਿਰਤਾ ਬਹਾਲ ਕਰ ਸਕੀ ਹੈ ਅਤੇ ਨਾ ਹੀ ਹਿੰਦੂ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਨਾਲ ਸਬੰਧਤ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕੀ ਹੈ। ਵਿਦੇਸ਼ ਨੀਤੀ ਦੇ ਮੁਹਾਜ 'ਤੇ ਯੂਨਸ ਅਤੇ ਉਨ੍ਹਾਂ ਦੀ ਟੀਮ ਸੱਤਾ ਵਿਚ ਬਣੇ ਰਹਿਣ ਲਈ ਬੰਗਲਾਦੇਸ਼ ਨੂੰ ਚੀਨੀ ਤੇ ਅਮਰੀਕੀ ਹਿੱਤਾਂ ਵਿਚਾਲੇ ਵੱਡੇ ਭੂ-ਰਾਜਨੀਤਕ ਟਕਰਾਅ ਦਾ ਮੰਚ ਬਣਾਉਣ ਵਿਚ ਲੱਗੀ ਹੋਈ ਹੈ।

ਜਦ ਯੂਨਸ ਨੇ ਸੱਤਾ ਸੰਭਾਲੀ ਸੀ ਤਦ ਇਹੀ ਆਮ ਧਾਰਨਾ ਬਣੀ ਸੀ ਕਿ ਅਮਰੀਕਾ ਦੀ ਸ਼ਹਿ 'ਤੇ ਅਜਿਹਾ ਸੰਭਵ ਹੋਇਆ ਹੈ। ਯੂਨਸ ਉਸ ਸਮੇਂ ਅਮਰੀਕਾ ਦੀ ਡੈਮੋਕ੍ਰੇਟਿਕ ਸਰਕਾਰ ਦੇ ਚਹੇਤੇ ਸਮਝੇ ਜਾਂਦੇ ਸਨ ਅਤੇ ਕੌਮਾਂਤਰੀ ਵਿੱਤੀ ਨੈੱਟਵਰਕ ਵਿਚ ਆਪਣੀ ਪੈਂਠ ਦੇ ਬਲਬੂਤੇ ਉਨ੍ਹਾਂ ਨੇ ਜੋਅ ਬਾਇਡਨ ਦੀ ਡੋਨਾਲਡ ਟਰੰਪ ਵਿਰੁੱਧ ਚੋਣਾਂ ਵਿਚ ਵਿੱਤੀ ਸਹਾਇਤਾ ਵੀ ਕੀਤੀ ਸੀ। ਇਸ ਨੂੰ ਲੈ ਕੇ ਟਰੰਪ ਨੇ ਜਨਤਕ ਤੌਰ 'ਤੇ ਨਾਰਾਜ਼ਗੀ ਪ੍ਰਗਟਾਈ ਸੀ। ਜਦ ਟਰੰਪ ਸੱਤਾ ਵਿਚ ਪਰਤੇ ਤਾਂ ਯੂਨਸ ਨੇ ਖ਼ੁਦ ਦੀ ਅਣਦੇਖੀ ਮਹਿਸੂਸ ਕੀਤੀ। ਭਾਰਤ ਨਾਲ ਉਹ ਪਹਿਲਾਂ ਹੀ ਤਨਾਤਨੀ ਵਧਾ ਚੁੱਕੇ ਸਨ। ਹਾਲਾਤ ਭਾਂਪ ਕੇ ਆਪਣੀ ਸੱਤਾ ਕਾਇਮ ਰੱਖਣ ਲਈ ਯੂਨਸ ਨੇ ਚੀਨ ਦਾ ਸਹਾਰਾ ਲਿਆ ਅਤੇ ਬੰਗਲਾਦੇਸ਼ ਦੇ ਇਤਿਹਾਸ ਵਿਚ ਉਹ ਪਹਿਲੇ ਰਾਸ਼ਟਰ ਮੁਖੀ ਬਣੇ ਜਿਸ ਨੇ ਆਪਣੀ ਪਹਿਲੀ ਵਿਦੇਸ਼ ਯਾਤਰਾ ਲਈ ਭਾਰਤ ਨੂੰ ਨਾ ਚੁਣ ਕੇ ਚੀਨ ਨੂੰ ਚੁਣਿਆ। ਚੀਨ ਦੌਰੇ 'ਤੇ ਯੂਨਸ ਨੇ ਉਹ ਸਭ ਕੁਝ ਕਿਹਾ ਜਿਸ ਨਾਲ ਚੀਨ ਖ਼ੁਸ਼ ਹੋਵੇ ਅਤੇ ਭਾਰਤ ਅਸੁਰੱਖਿਅਤ ਮਹਿਸੂਸ ਕਰੇ। ਉਨ੍ਹਾਂ ਨੇ ਇਸ਼ਾਰਿਆਂ ਵਿਚ ਇੱਥੋਂ ਤੱਕ ਕਿਹਾ ਕਿ ਬੰਗਲਾਦੇਸ਼ ਇਸ ਸਥਿਤੀ ਵਿਚ ਹੈ ਕਿ ਉੱਤਰ-ਪੂਰਬੀ ਭਾਰਤ ਦਾ ਸੰਪਰਕ ਬਾਕੀ ਭਾਰਤ ਨਾਲੋਂ ਕੱਟ ਸਕਦਾ ਹੈ ਅਤੇ ਇਸ ਖੇਤਰ ਵਿਚ ਉਹ ਸਮੁੰਦਰ ਦਾ ਇਕੱਲਾ ਪਹਿਰੇਦਾਰ ਹੈ।

ਉਨ੍ਹਾਂ ਦਾ ਇਸ਼ਾਰਾ ਸੰਵੇਦਨਸ਼ੀਲ ਚਿਕਨ ਨੈਕ ਜਾਂ ਸਿਲੀਗੁੜੀ ਕੋਰੀਡੋਰ ਨੂੰ ਲੈ ਕੇ ਸੀ। ਇਹ ਪੱਟੀ ਉੱਤਰ-ਪੂਰਬ ਨੂੰ ਬਾਕੀ ਭਾਰਤੀ ਨਾਲ ਜੋੜਦੀ ਹੈ। ਇਸ ਕੋਰੀਡੋਰ ਦੇ ਉੱਤਰ ਵਿਚ ਚੀਨ ਨੇ ਵੱਡੇ ਪੈਮਾਨੇ 'ਤੇ ਫ਼ੌਜ ਤਾਇਨਾਤ ਕੀਤੀ ਹੋਈ ਹੈ। ਯੂਨਸ ਚੀਨ ਨੂੰ ਇਹ ਸੰਦੇਸ਼ ਦੇ ਕੇ ਵੀ ਆਏ ਕਿ ਭਾਰਤ-ਚੀਨ ਫ਼ੌਜੀ ਟਕਰਾਅ ਦੀ ਹਾਲਤ ਵਿਚ ਬੰਗਲਾਦੇਸ਼ ਉਸ ਦੀ ਮਦਦ ਕਰਨ ਵਾਸਤੇ ਤਿਆਰ ਹੈ। ਇਸ ਤੋਂ ਬਾਅਦ ਖ਼ਬਰਾਂ ਆਈਆਂ ਕਿ ਬੰਗਲਾਦੇਸ਼ ਅਤੇ ਚੀਨ ਸਿਲੀਗੁੜੀ ਕੋਰੀਡੋਰ ਦੇ ਸੌ ਕਿੱਲੋਮੀਟਰ ਦੱਖਣ ਵਿਚ ਸਥਿਤ ਹਵਾਈ ਫ਼ੌਜ ਦੇ ਇਕ ਅੱਡੇ ਦਾ ਨਵੀਨੀਕਰਨ ਕਰਨ ਜਾ ਰਹੇ ਹਨ।

ਇਸ 'ਤੇ ਭਾਰਤੀ ਫ਼ੌਜ ਨੇ ਬੰਗਲਾਦੇਸ਼ ਨੂੰ ਸਖ਼ਤ ਸੰਦੇਸ਼ ਦੇਣ ਲਈ ਸਿਲੀਗੁੜੀ ਕੋਰੀਡੋਰ ਦੇ ਕੋਲ 'ਤੀਸਤਾ ਪ੍ਰਹਾਰ' ਨਾਂ ਨਾਲ ਇਕ ਵੱਡੀ ਜੰਗੀ ਮਸ਼ਕ ਕੀਤੀ। ਚੀਨ ਪ੍ਰਤੀ ਝੁਕਾਅ ਦਿਖਾਉਣ ਦੇ ਪਿੱਛੇ ਯੂਨਸ ਦਾ ਇਕ ਮਕਸਦ ਇਹ ਵੀ ਸੀ ਕਿ ਅਮਰੀਕਾ ਉਨ੍ਹਾਂ ਦੀ ਸਾਰ ਲਵੇ। ਕੁਝ ਸਮੇਂ ਬਾਅਦ ਅਜਿਹਾ ਹੋਇਆ ਵੀ। ਅਮਰੀਕਾ ਨੇ ਬੰਗਲਾਦੇਸ਼ ਦੇ ਫ਼ੌਜ ਮੁਖੀ ਵੱਕਾਰ-ਉਜ-ਜਮਾਂ ਤੋਂ ਜਵਾਬ ਤਲਬ ਕੀਤਾ।



ਉਸੇ ਦੌਰਾਨ ਅਜਿਹੀਆਂ ਵੀ ਖ਼ਬਰਾਂ ਆਈਆਂ ਕਿ ਯੂਨਸ ਸਰਕਾਰ ਨੇ ਅਮਰੀਕਾ ਨੂੰ ਮਿਆਂਮਾਰ ਦੇ ਰਖਾਇਨ ਪ੍ਰਾਂਤ ਤੱਕ ਬੰਗਲਾਦੇਸ਼ ਦੀ ਜ਼ਮੀਨ 'ਤੇ ਇਕ ਕੋਰੀਡੋਰ ਬਣਾਉਣ ਦੀ ਆਗਿਆ ਦਿੱਤੀ ਹੈ ਤਾਂ ਕਿ ਮਿਆਂਮਾਰ ਦੀ ਚੀਨ ਸਮਰਥਕ ਫ਼ੌਜੀ ਸਰਕਾਰ ਵਿਰੁੱਧ ਅਰਾਕਾਨ ਆਰਮੀ ਅਤੇ ਕਚਿਨ-ਕੁਕੀ ਹਥਿਆਰਬੰਦ ਸਮੂਹਾਂ ਨੂੰ ਨਿਰੰਤਰ ਸਹਾਇਤਾ ਪਹੁੰਚਾਈ ਜਾ ਸਕੇ। ਇਸ ਦਾ ਮਕਸਦ ਚੀਨ ਅਤੇ ਮਿਆਂਮਾਰ ਦੀ ਫ਼ੌਜੀ ਸਰਕਾਰ ਦਾ ਪ੍ਰਭਾਵ ਬੰਗਾਲ ਦੀ ਖਾੜੀ ਨਾਲ ਲੱਗਣ ਵਾਲੇ ਇਲਾਕਿਆਂ ਤੋਂ ਸਮਾਪਤ ਕਰਨਾ ਮੰਨਿਆ ਗਿਆ। ਇਸ ਲਈ ਕਾਕਸ ਬਾਜ਼ਾਰ ਦੇ ਹਵਾਈ ਅੱਡੇ 'ਤੇ ਇਕ ਡ੍ਰੋਨ ਬੇਸ ਬਣਾਏ ਜਾਣ ਦੀ ਚਰਚਾ ਵੀ ਤੇਜ਼ੀ ਨਾਲ ਚੱਲੀ। ਇਸ ਨੂੰ ਲੈ ਕੇ ਬੰਗਲਾਦੇਸ਼ ਵਿਚ ਫ਼ੌਜ ਰੱਖਿਆ ਸਬੰਧੀ ਚਿੰਤਾਵਾਂ ਵਧ ਗਈਆਂ ਕਿਉਂਕਿ ਅਰਾਕਾਨ ਆਰਮੀ ਬੋਧੀ ਗੁੱਟ ਹੈ ਅਤੇ ਚਟਗਾਂਵ ਖੇਤਰ ਦੇ ਚਕਮਾ ਬੋਧੀ ਉਸ ਨਾਲ ਜਾ ਸਕਦੇ ਹਨ ਕਿਉਂਕਿ ਬੰਗਲਾਦੇਸ਼ ਦੇ ਇਸਲਾਮੀ ਕੱਟੜਪੰਥੀ ਉਨ੍ਹਾਂ 'ਤੇ ਜ਼ੁਲਮੋ-ਸਿਤਮ ਕਰਦੇ ਆਏ ਹਨ।

ਆਖ਼ਰਕਾਰ ਜਨਰਲ ਵੱਕਾਰ ਨੂੰ ਇਹ ਸੰਕੇਤ ਦੇਣਾ ਪਿਆ ਕਿ ਅਜਿਹਾ ਕੋਈ ਕੋਰੀਡੋਰ ਬਣਨ ਨਹੀਂ ਜਾ ਰਿਹਾ ਹੈ। ਜਲਾਵਤਨੀ ਵਿਚ ਭਾਰਤ ਵਿਚ ਰਹਿ ਰਹੀ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦਾ ਕਹਿਣਾ ਹੈ ਕਿ ਯੂਨਸ ਨੇ ਦੇਸ਼ ਨੂੰ ਅਮਰੀਕਾ ਦੇ ਹੱਥੀਂ ਵੇਚ ਦਿੱਤਾ ਹੈ। ਜਨਰਲ ਵੱਕਾਰ ਦੀ ਸਥਿਤੀ ਪੇਚੀਦਾ ਹੋ ਗਈ ਹੈ।

ਅਗਲੇ ਮਹੀਨੇ ਉਨ੍ਹਾਂ ਨੇ ਬੀਜਿੰਗ ਜਾਣਾ ਹੈ ਜਿੱਥੇ ਉਨ੍ਹਾਂ ਤੋਂ ਪੁੱਛਿਆ ਜਾ ਸਕਦਾ ਹੈ ਕਿ ਉਹ ਚੀਨ ਦੇ ਨਾਲ ਹਨ ਜਾਂ ਅਮਰੀਕਾ ਦੇ ? ਇਹ ਸਭ ਭਾਰਤ ਨਾਲ ਭੂ-ਰਾਜਨੀਤਕ ਰਿਸ਼ਤੇ ਤੋੜ ਕੇ ਚੀਨ ਅਤੇ ਅਮਰੀਕਾ ਵਿਚਾਲੇ ਖੇਡੀ ਜਾ ਰਹੀ ਖੇਡ ਵਿਚ ਦੋਹਰੀ ਚਾਲ ਚੱਲਣ ਦੀ ਯੂਨਸ ਦੀ ਨੀਤੀ ਦਾ ਹੀ ਨਤੀਜਾ ਹੈ। ਜਨਰਲ ਵੱਕਾਰ ਦਾ ਰੁਖ਼ ਹਾਲੇ ਸਪਸ਼ਟ ਨਹੀਂ। ਉਨ੍ਹਾਂ ਨੇ ਯੂਨਸ 'ਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਇਸੇ ਸਾਲ ਦਸੰਬਰ ਤੱਕ ਚੋਣਾਂ ਕਰਵਾਈਆਂ ਜਾਣ। ਯੂਨਸ ਇਸ ਵਾਸਤੇ ਤਿਆਰ ਨਹੀਂ ਦਿਸਦੇ। ਉਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਜ਼ਿਆਦਾ ਦਬਾਅ ਪਾਇਆ ਗਿਆ ਤਾਂ ਉਹ ਅਸਤੀਫ਼ਾ ਦੇ ਦੇਣਗੇ। ਯੂਨਸ ਦੀ ਇਹ ਧਮਕੀ ਰੰਗ ਲਿਆ ਸਕਦੀ ਹੈ ਕਿਉਂਕਿ ਬੰਗਲਾਦੇਸ਼ੀ ਫ਼ੌਜ ਕੌਮਾਂਤਰੀ ਪੱਧਰ 'ਤੇ ਅਜਿਹਾ ਕੋਈ ਸੰਦੇਸ਼ ਨਹੀਂ ਦੇਣਾ ਚਾਹੁੰਦੀ ਕਿ ਇੱਥੇ ਲੋਕਤੰਤਰ ਨੂੰ ਕੋਈ ਖ਼ਤਰਾ ਹੈ। ਅਜਿਹਾ ਕਰਨ ਲਈ ਇਸ ਲਈ ਮਜਬੂਰ ਹੈ ਕਿਉਂਕਿ ਲੋਕਤੰਤਰ ਨੂੰ ਖ਼ਤਰਾ ਹੋਣ 'ਤੇ ਬੰਗਲਾਦੇਸ਼ ਦੇ ਹਿੱਤਾਂ ਨੂੰ ਢਾਹ ਲੱਗ ਸਕਦੀ ਹੈ ਤੇ ਉਸ 'ਤੇ ਅਮਰੀਕਾ ਤੇ ਕਈ ਕੌਮਾਂਤਰੀ ਸੰਸਥਾਵਾਂ ਵਿੱਤੀ ਪਾਬੰਦੀਆਂ ਲਗਾ ਸਕਦੀਆਂ ਹਨ। ਪਤਾ ਨਹੀਂ, ਦੋਵਾਂ ਵਿਚਾਲੇ ਕਿੰਨੇ ਮਤਭੇਦ ਹਨ ਪਰ ਇਸ ਤੋਂ ਇਨਕਾਰ ਨਹੀਂ ਕਿ ਜਨਰਲ ਵੱਕਾਰ ਆਪਣੇ ਲਈ ਕੋਈ ਮੌਕਾ ਦੇਖ ਰਹੇ ਹੋਣ।

ਸ਼ੇਖ ਹਸੀਨਾ ਦਾ ਬੰਗਲਾਦੇਸ਼ ਆਉਣਾ ਸੰਭਵ ਨਹੀਂ ਦਿਸਦਾ ਅਤੇ ਵਿਰੋਧੀ ਨੇਤਾ ਖਾਲਿਦਾ ਜ਼ਿਆ ਬਿਰਧ ਤੇ ਬਿਮਾਰ ਹਨ। ਯੂਨਸ ਵੀ 85 ਸਾਲ ਦੇ ਹਨ ਅਤੇ ਆਪਣੀ ਸਰਕਾਰ ਦੀ ਸਲਾਮਤੀ ਲਈ ਫ਼ੌਜ 'ਤੇ ਹੀ ਨਿਰਭਰ ਹਨ। ਕਿਉਂਕਿ ਸ਼ੇਖ ਮੁਜੀਬੁਰ-ਰਹਿਮਾਨ ਦੀ ਹੱਤਿਆ ਤੋਂ ਬਾਅਦ ਬੰਗਲਾਦੇਸ਼ ਵਿਚ ਦਹਾਕਿਆਂ ਤੱਕ ਫ਼ੌਜ ਨੇ ਹਕੂਮਤ ਦੀ ਵਾਗਡੋਰ ਸੰਭਾਲੀ ਰੱਖੀ, ਇਸ ਲਈ ਸੰਭਵ ਹੈ ਕਿ ਸੈਨਾ ਹੀ ਦੇਰ-ਸਵੇਰ ਦੇਸ਼ ਦੀ ਕਮਾਨ ਸੰਭਾਲ ਲਵੇ। ਇਸ ਅਸਥਿਰ ਦੌਰ ਵਿਚ ਬੰਗਲਾਦੇਸ਼ ਦੇ ਪਾਕਿਸਤਾਨ-ਪ੍ਰਸਤ ਕੱਟੜਪੰਥੀਆਂ ਅਤੇ ਹੋਰ ਕੱਟੜ ਇਸਲਾਮੀ ਤਾਕਤਾਂ ਨੂੰ ਮਜ਼ਬੂਤ ਹੋਣ ਦਾ ਪੂਰਾ ਮੌਕਾ ਮਿਲ ਰਿਹਾ ਹੈ।

ਉਹ ਮਹਿਲਾਵਾਂ ਨੂੰ ਅਧਿਕਾਰ ਦੇਣ ਦਾ ਖੁੱਲ੍ਹ ਕੇ ਵਿਰੋਧ ਕਰ ਰਹੇ ਹਨ। ਇਸ ਤੋਂ ਇਲਾਵਾ ਕੁਝ ਜਹਾਦੀ ਧੜੇ ਭਾਰਤ ਨੂੰ ਧਮਕਾਉਣ ਵਿਚ ਲੱਗੇ ਹੋਏ ਹਨ। ਭਾਰਤ ਨੂੰ ਪਾਕਿਸਤਾਨ ਦੇ ਨਾਲ ਹੀ ਬੰਗਲਾਦੇਸ਼ ਤੋਂ ਵੀ ਬੇਹੱਦ ਚੌਕਸ ਰਹਿਣਾ ਹੋਵੇਗਾ ਕਿਉਂਕਿ ਜਿਵੇਂ ਪਹਿਲਗਾਮ ਹਮਲੇ ਤੋਂ ਪਹਿਲਾਂ ਹਮਾਸ ਅੱਤਵਾਦੀ ਪਾਕਿਸਤਾਨ ਗਏ ਸਨ, ਤਿਵੇਂ ਹੀ ਬੰਗਲਾਦੇਸ਼ ਵਿਚ ਹਮਾਸ ਅਤੇ ਅਲਕਾਇਦਾ ਵਰਗੇ ਅੱਤਵਾਦੀ ਧੜੇ ਸਰਗਰਮ ਹਨ।

ਸੰਨ 2016 ਵਿਚ ਢਾਕਾ ਦੇ ਇਕ ਕੈਫੇ ਵਿਚ ਅੱਤਵਾਦੀਆਂ ਨੇ ਲੋਕਾਂ ਨੂੰ ਉਨ੍ਹਾਂ ਦਾ ਮਜ਼ਹਬ ਪੁੱਛ ਕੇ ਮਾਰਿਆ ਸੀ। ਮਾਰੇ ਜਾਣ ਵਾਲਿਆਂ ਵਿਚ ਇਕ ਭਾਰਤੀ ਲੜਕੀ ਸਮੇਤ ਜ਼ਿਆਦਾਤਰ ਵਿਦੇਸ਼ੀ ਸਨ। ਬੀਤੇ ਕੁਝ ਸਮੇਂ ਤੋਂ ਤੁਰਕੀ ਦੇ ਇਕ ਐੱਨਜੀਓ ਸਮਰਥਤ ਇਸਲਾਮੀ ਕੱਟੜਪੰਥੀ ਗ੍ਰੇਟਰ ਬੰਗਲਾਦੇਸ਼ ਦਾ ਪ੍ਰਚਾਰ ਕਰ ਰਹੇ ਹਨ ਜਿਸ ਦੇ ਨਕਸ਼ੇ ਵਿਚ ਬੰਗਾਲ, ਓਡੀਸ਼ਾ ਆਦਿ ਦਰਸਾਏ ਗਏ ਹਨ। ਹੈਰਾਨੀ ਨਹੀਂ ਕਿ ਆਪ੍ਰੇਸ਼ਨ ਸਿੰਧੂਰ ਵਿਚ ਭਾਰਤੀ ਫ਼ੌਜਾਂ ਤੋਂ ਮਾਤ ਖਾਣ ਅਤੇ ਪ੍ਰਧਾਨ ਮੰਤਰੀ ਮੋਦੀ ਦੇ ਇਹ ਸਪਸ਼ਟ ਕਹਿਣ ਤੋਂ ਬਾਅਦ ਕਿ ਭਾਰਤ ਪਾਕਿਸਤਾਨ ਹਮਾਇਤੀ ਅੱਤਵਾਦੀ ਹਮਲਾ ਸਹਿਣ ਨਹੀਂ ਕਰੇਗਾ, ਪਾਕਿਸਤਾਨ ਬੰਗਲਾਦੇਸ਼ ਨੂੰ ਮੋਹਰਾ ਬਣਾਉਣ ਦੀ ਪੂਰੀ ਕੋਸ਼ਿਸ਼ ਕਰੇ।

ਆਈਐੱਸਆਈ ਭਾਰਤ 'ਤੇ ਅਗਲਾ ਅੱਤਵਾਦੀ ਹਮਲਾ ਕਰਵਾਉਣ ਲਈ ਬੰਗਲਾਦੇਸ਼ੀ ਜਾਂ ਰੋਹਿੰਗਿਆ ਇਸਲਾਮਿਕ ਧੜਿਆਂ ਦੀ ਵਰਤੋਂ ਕਰ ਸਕਦੀ ਹੈ ਤਾਂ ਕਿ ਆਪਣਾ ਪੱਲਾ ਝਾੜਿਆ ਜਾ ਸਕੇ। ਜੇ ਉਹ ਅਜਿਹਾ ਕਰਦੀ ਹੈ ਤਾਂ ਯਕੀਨਨ ਭਾਰਤ ਲਈ ਚੁਣੌਤੀਆਂ ਵਧਣਗੀਆਂ। ਬੰਗਲਾਦੇਸ਼ ਭਾਵੇਂ ਚੀਨ ਵੱਲ ਝੁਕੇ ਜਾਂ ਅਮਰੀਕਾ ਵੱਲ, ਭਾਰਤ ਦੇ ਹਿੱਤਾਂ ਨੂੰ ਹੀ ਨੁਕਸਾਨ ਹੋਵੇਗਾ।

ਦਿੱਵਿਆ ਕੁਮਾਰ ਸੋਤੀ

# ਬਰਖਾਸਤ ਕਾਂਸਟੇਬਲ ਅਮਨਦੀਪ ਕੌਰ 'ਤੇ ਮੁੜ ਕੱਸਿਆ ਸ਼ਿਕੰਜਾ

ਪੰਜਾਬ ਪੁਲਿਸ ਦੀ ਬਰਖ਼ਾਸਤ ਮਹਿਲਾ ਕਾਂਸਟੇਬਲ ਤੇ 'ਇੰਸਟਾ ਕੁਈਨ' ਨਾਲ ਸੋਸ਼ਲ ਮੀਡੀਆ 'ਤੇ ਬਦਨਾਮ ਅਮਨਦੀਪ ਕੌਰ 'ਤੇ ਹੁਣ ਵਿਜੀਲੈਂਸ ਨੇ ਸ਼ਿਕੰਜਾ ਕੱਸ ਦਿੱਤਾ ਹੈ। ਇਸ ਵਿਵਾਦਤ ਪੁਲਿਸ ਮੁਲਾਜ਼ਮ ਨੂੰ ਅਪ੍ਰੈਲ ਦੇ ਪਹਿਲੇ ਹਫ਼ਤੇ ਬਠਿੰਡਾ ਜ਼ਿਲ੍ਹੇ ਦੀ ਪੁਲਿਸ ਤੇ ਐਂਟੀ ਨਾਰਕੋਟਿਕਸ ਟਾਸਕ ਫੋਰਸ ਨੇ ਇਕ ਸਾਂਝੇ ਆਪ੍ਰੇਸ਼ਨ ਦੌਰਾਨ ਗ੍ਰਿਫ਼ਤਾਰ ਕੀਤਾ ਸੀ। ਇਸ ਗ੍ਰਿਫ਼ਤਾਰੀ ਤੋਂ ਪਹਿਲਾਂ ਵੀ ਉਹ ਕਈ ਵਾਰ ਵਿਵਾਦਾਂ 'ਚ ਘਿਰੀ ਰਹੀ।



ਸੋਸ਼ਲ ਮੀਡੀਆ 'ਤੇ ਪੁਲਿਸ ਦੀ ਵਰਦੀ 'ਚ ਭੜਕਾਊ ਗਾਣਿਆਂ 'ਤੇ ਰੀਲ੍ਹਾਂ ਬਣਾ ਕੇ ਪੋਸਟ ਕਰਨ ਕਰਕੇ ਵੀ ਉਹ ਸਵਾਲਾਂ 'ਚ ਘਿਰਦੀ ਰਹੀ ਹੈ। ਹੁਣ ਉਸ 'ਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਤੇ ਖ਼ਰਚ ਕਰਨ ਦੇ ਇਲਜ਼ਾਮਾਂ 'ਚ ਵਿਜੀਲੈਂਸ ਨੇ ਜਾਂਚ ਖੋਲ੍ਹ ਦਿੱਤੀ ਹੈ। ਵਿਜੀਲੈਂਸ ਮੁਤਾਬਕ ਇਸ ਮੁਲਾਜ਼ਮ ਦੀ ਤਨਖ਼ਾਹ, ਬੈਂਕ ਖਾਤਿਆਂ ਤੇ ਕਰਜ਼ੇ ਦੇ ਰਿਕਾਰਡ ਨੂੰ ਜੇਕਰ ਦੇਖਿਆ ਜਾਵੇ ਤਾਂ ਉਸ ਨੇ ਸਾਲ 2018 ਤੇ 2025 ਦਰਮਿਆਨ ਜੋ ਚੱਲ ਤੇ ਅਚੱਲ ਜਾਇਦਾਦਾਂ ਬਣਾਈਆਂ ਹਨ, ਉਹ ਇੰਨੀ ਕੁ ਤਨਖ਼ਾਹ ਨਾਲ ਕਿਸੇ ਵੀ ਰੂਪ 'ਚ ਨਹੀਂ ਬਣ ਸਕਦੀਆਂ।

ਜਾਂਚ ਮੁਤਾਬਕ ਉਸ ਦੀ ਕੁੱਲ ਆਮਦਨ 1,08,37,550 ਰੁਪਏ ਦੇ ਮੁਕਾਬਲੇ ਉਸ ਦਾ ਖ਼ਰਚ 1,39,64,802 ਰੁਪਏ ਮਿਲਿਆ ਹੈ। ਉਸ ਦੀ ਆਮਦਨ ਦੇ ਸਰੋਤਾਂ ਤੋਂ 31,27,252 ਰੁਪਏ ਤੇ ਉਸ ਦੀ ਜਾਇਜ਼ ਕਮਾਈ ਤੋਂ 28.85 ਫ਼ੀਸਦ ਵੱਧ ਹੈ। ਅਦਾਲਤ ਤੋਂ ਜ਼ਮਾਨਤ ਮਿਲਣ ਤੋਂ ਮਗਰੋਂ ਅਮਨਦੀਪ ਕੌਰ ਦੀਆਂ ਕੁਝ ਚੈਨਲਾਂ 'ਤੇ ਵਿਸ਼ੇਸ਼ ਇੰਟਰਵਿਊਜ਼ ਵੀ ਕਈ ਇਸ਼ਾਰੇ ਕਰਦੀਆਂ ਹਨ। ਇਨ੍ਹਾਂ ਵਿਚ ਅਮਨਦੀਪ ਕੌਰ ਨੇ ਬਹੁਤ ਬੇਬਾਕੀ ਨਾਲ ਸਵਾਲਾਂ ਦੇ ਜਵਾਬ ਦਿੱਤੇ ਹਨ ਤੇ ਇਸ ਗੱਲ ਦਾ ਦਾਅਵਾ ਕੀਤਾ ਹੈ ਕਿ ਉਸ ਦੇ ਮਾਮਲੇ ਵਿਚ 'ਦਾਲ 'ਚ ਕੁਝ ਵੀ ਕਾਲਾ ਨਹੀਂ' ਹੈ।

'ਵੱਡੇ ਅਫ਼ਸਰਾਂ' ਨਾਲ ਕਿਸੇ ਵੀ ਤਰ੍ਹਾਂ ਦੇ 'ਸਬੰਧਾਂ' ਦੀਆਂ ਗੱਲਾਂ ਨੂੰ ਵੀ ਉਸ ਨੇ ਸਿਰੇ ਤੋਂ ਨਕਾਰਿਆ ਹੈ। ਉਸ ਦਾ ਕਹਿਣਾ ਹੈ ਕਿ ਉਸ ਨੂੰ ਫਸਾਇਆ ਜਾ ਰਿਹਾ ਹੈ। ਚਰਚਾ ਇਹ ਵੀ ਛਿੜੀ ਹੋਈ ਹੈ ਕਿ ਉਸ ਨੂੰ ਮੀਡੀਆ ਤੋਂ ਦੂਰ ਕਰਨ ਲਈ ਹੀ ਉਸ ਨੂੰ ਮੁੜ ਹਿਰਾਸਤ 'ਚ ਲਿਆ ਗਿਆ ਹੈ ਪਰ ਵਿਜੀਲੈਂਸ ਦੀਆਂ ਫਾਈਲਾਂ ਮੁਤਾਬਕ ਅਮਨਦੀਪ 'ਤੇ ਕਾਰਵਾਈ ਹੋਣੀ ਤੈਅ ਹੈ।

ਇੱਥੋਂ ਤੱਕ ਕਿ ਉਸ ਦੀ ਜਾਇਦਾਦ, ਬੈਂਕ ਖਾਤੇ ਤੇ ਲੈਣ-ਦੇਣ ਦੇ ਹੋਰ ਮਾਧਿਅਮਾਂ ਨੂੰ ਵੀ ਫਰੀਜ਼ ਕਰਨ ਦੇ ਹੁਕਮ ਜਾਰੀ ਹੋ ਚੁੱਕੇ ਹਨ। ਉਹ ਪਹਿਲੀ ਪੁਲਿਸ ਮੁਲਾਜ਼ਮ ਨਹੀਂ ਹੈ ਜਿਸ 'ਤੇ ਨਸ਼ਾ ਤਸਕਰੀ ਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਇਲਜ਼ਾਮ ਲੱਗੇ ਹੋਣ। ਇਸ ਤੋਂ ਪਹਿਲਾਂ ਪੀਪੀਐੱਸ ਅਧਿਕਾਰੀ ਤੇ ਸਾਬਕਾ ਐੱਸਐੱਸਪੀ ਰਾਜਜੀਤ ਸਿੰਘ ਹੁੰਦਲ ਨੂੰ ਵੀ ਨਸ਼ਿਆਂ ਦੀ ਤਸਕਰੀ ਦੇ ਮਾਮਲੇ 'ਚ ਬਰਖ਼ਾਸਤ ਕਰ ਦਿੱਤਾ ਗਿਆ ਸੀ।

ਇਸ ਵਿਵਾਦਤ ਪੁਲਿਸ ਅਧਿਕਾਰੀ ਨੇ ਵੀ ਨੌਕਰੀ 'ਤੇ ਹੁੰਦੇ ਹੋਏ ਜਾਇਦਾਦਾਂ ਦੀ ਖ਼ਰੀਦ ਦੇ ਮਾਮਲੇ 'ਚ ਵੱਡੀ ਖੇਡ ਖੇਡੀ ਸੀ ਤੇ ਉਸ ਦੀ ਸਰੋਤਾਂ ਤੋਂ ਵੱਧ ਆਮਦਨ ਸੀ। ਨਸ਼ਾ ਤਸਕਰੀ ਮਾਮਲੇ 'ਚ ਨਸ਼ਰ ਹੋਈਆਂ ਜਾਂਚ ਰਿਪੋਰਟਾਂ 'ਚ ਰਾਜਜੀਤ ਸਿੰਘ ਦੀ ਜਾਇਦਾਦ 'ਚ 2013-14 ਦੌਰਾਨ ਵੱਡੇ ਪੱਧਰ 'ਤੇ ਵਾਧਾ ਹੋਇਆ ਸੀ। ਇਸੇ ਕੜੀ 'ਚ ਪੰਜਾਬ ਪੁਲਿਸ ਦੇ ਬਰਖ਼ਾਸਤ ਡੀਐੱਸਪੀ ਤੇ ਨਸ਼ਾ ਤਸਕਰੀ ਤੇ ਹਵਾਲਾ ਰਾਸ਼ੀ ਮਾਮਲਿਆਂ 'ਚ ਦੋਸ਼ੀ ਜਗਦੀਸ਼ ਭੋਲਾ ਦੇ ਮਾਮਲੇ ਨੇ ਵੀ ਪੁਲਿਸ ਪ੍ਰਸ਼ਾਸਨ ਨੂੰ ਸਵਾਲਾਂ ਦੇ ਘੇਰੇ 'ਚ ਖੜ੍ਹਾ ਕੀਤਾ ਸੀ। ਅਮਨਦੀਪ ਕੌਰ ਦੇ ਮਾਮਲੇ ਦੀ ਜਾਂਚ ਇਸ ਲਈ ਵੀ ਨਿਰਪੱਖ ਹੋਣੀ ਚਾਹੀਦੀ ਹੈ ਕਿਉਂਕਿ ਇਹ ਸੂਬੇ ਦੀ ਪੁਲਿਸ ਦੀ ਸਾਖ ਦਾ ਸਵਾਲ ਹੈ। ਜੇ ਪੁਲਿਸ ਦੀ ਵਰਦੀ ਪਾ ਕੇ ਅਜਿਹੇ ਲੋਕ ਇਸ ਤਰੀਕੇ ਦੇ ਕਾਂਡ ਕਰਨਗੇ ਤਾਂ ਆਮ ਲੋਕਾਂ ਦਾ ਭਰੋਸਾ ਟੁੱਟਣ ਤੋਂ ਕੋਈ ਨਹੀਂ ਰੋਕ ਸਕਦਾ।

# ਲਿਖਣ ਵਾਲੇ ਦਾ ਸਨਮਾਨ ਜ਼ਰੂਰੀ ਹੈ

ਸਮਾਜ ਦੀ ਤਰੱਕੀ ਅਤੇ ਸਚਾਈ ਦੀ ਪਹਿਚਾਣ ਲਈ ਜਿੱਥੇ ਕਈ ਰੂਹਾਂ ਆਪਣੀ ਮਿਹਨਤ ਦੇ ਰਾਹੀਂ ਹਿੱਸਾ ਪਾਉਂਦੀਆਂ ਹਨ, ਉਥੇ ਲੇਖਕ ਜਾਂ ਲਿਖਣ ਵਾਲਾ ਵਿਅਕਤੀ ਵੀ ਇਕ ਅਹੰਕਾਰ ਰਹਿਤ ਪਰ ਬਹੁਤ ਹੀ ਮੂਲਭੂਤ ਕਿਰਦਾਰ ਨਿਭਾਉਂਦਾ ਹੈ। ਲੇਖਕ, ਕਵਿ ਜਾਂ ਕੋਈ ਵੀ ਲਿਖਾਰੀ ਜਦ ਸਮਾਜਿਕ ਮੁੱਦਿਆਂ ਨੂੰ ਆਪਣੀ ਲਿਖਤ ਰਾਹੀਂ ਪੇਸ ਕਰਦਾ ਹੈ, ਤਾਂ ਉਹ ਸਿਰਫ ਸਬਦ ਨਹੀਂ ਰਚ ਰਿਹਾ ਹੁੰਦਾ, ਬਲਕਿ ਸਮਾਜ ਨੂੰ ਇੱਕ ਦਰਪਣ ਦੇ ਰੂਪ ਵਿੱਚ ਸੱਚਾਈ ਵਿਖਾ ਰਿਹਾ ਹੁੰਦਾ ਹੈ। ਇਸ ਕਰਕੇ, ਅਜਿਹੇ ਲਿਖਣ ਵਾਲਿਆਂ ਦਾ ਸਨਮਾਨ ਕਰਨਾ ਨਾ ਸਿਰਫ ਉਨ੍ਹਾਂ ਲਈ ਹੌਂਸਲੇ ਦੀ ਗੱਲ ਹੈ, ਬਲਕਿ ਸਮਾਜ ਦੀ ਅੰਦਰੂਨੀ ਸਿਹਤ ਅਤੇ ਹੋਸਿਆਰੀ ਦਾ ਵੀ ਪ੍ਰਤੀਕ ਹੁੰਦਾ ਹੈ। ਲਿਖਣ ਵਾਲਾ ਵਿਅਕਤੀ ਆਪਣੇ ਮਨ ਦੀਆਂ ਕਲਪਨਾਵਾਂ, ਅਨੁਭਵਾਂ ਅਤੇ ਸਮਾਜਿਕ ਦਰਦ ਨੂੰ ਸਬਦਾਂ ਦੇ ਰੂਪ ਵਿੱਚ ਜਿਵੇਂ ਗਿਆਨ ਨੂੰ ਸਮਾਜ ਵਿੱਚ ਪੇਸ਼ ਕਰਦਾ ਹੈ। ਉਹ ਕਿਸੇ ਮਸਲੇ ਦੀ ਗਹਿਰਾਈ ਵਿੱਚ ਜਾ ਕੇ ਉਸਦਾ ਨਿਚੋੜ ਪੇਸ ਕਰਦਾ ਹੈ। ਇੱਕ ਲਿਖਤ ਪਿਛੇ ਇੱਕ ਲੰਬੀ ਵਿਚਾਰਧਾਰਾ, ਸੋਚ ਅਤੇ ਸਮਝ ਲੁਕੀ ਹੋਈ ਹੁੰਦੀ ਹੈ, ਚਾਹੇ ਉਹ ਲੇਖ ਹੋਵੇ, ਕਵਿਤਾ ਹੋਵੇ, ਨਿਬੰਧ ਹੋਵੇ ਜਾਂ ਕਹਾਣੀ ਹੋਵੇ। ਇਹ ਲਿਖਤਾਂ ਕਈ ਵਾਰੀ ਲੋਕਾਂ ਨੂੰ ਉਹ ਸੱਚ ਦਿਖਾਉਂਦੀਆਂ ਹਨ ਜੋ ਉਹ ਆਪਣੀਆਂ ਅੱਖਾਂ ਨਾਲ ਨਹੀਂ ਵੇਖਦੇ, ਜਾਂ ਜਿਸ ਵੱਲ ਸਮਾਜ ਜਾਣ ਬੁੱਝ ਕੇ ਅੱਖਾਂ ਬੰਦ ਕਰ ਲੈਂਦਾ ਹੈ। ਲਿਖਾਰੀ ਦੀ ਕੋਸਿਸ ਹੁੰਦੀ ਹੈ ਕਿ ਉਹ ਆਪਣੇ ਪਾਠਕ ਨੂੰ ਘੱਟ ਸਬਦਾਂ ਵਿੱਚ ਵੱਧ ਤੋਂ ਵੱਧ ਗਿਆਨ, ਸੂਝ-ਸਮਝ ਅਤੇ ਸੋਚਣ ਦੀ ਸਮਰਥਾ ਦੇ ਸਕੇ। ਉਨ੍ਹਾਂ ਦੀ ਲਿਖਤ ਪਾਠਕ ਦੇ ਮਨ ਵਿੱਚ ਚਾਨਣ ਪੈਦਾ ਕਰਦੀ ਹੈ, ਸੰਵੇਦਨਸੀਲਤਾ ਨੂੰ ਉਭਾਰਦੀ ਹੈ ਅਤੇ ਸਮਾਜਕ ਤਬਦੀਲੀਆਂ ਲਈ ਰਸਤਾ ਤੈਅ ਕਰਦੀ ਹੈ। ਪਰ, ਦੁੱਖ ਦੀ ਗੱਲ ਇਹ ਹੈ ਕਿ ਅੱਜ ਦੇ ਸਮਾਜ ਵਿੱਚ ਅਜਿਹੇ ਲਿਖਣ ਵਾਲਿਆਂ ਦੀ ਕਦਰ ਨਾ ਦੇ ਬਰਾਬਰ ਹੈ। ਕਿਸੇ ਸਮਾਗਮ ਵਿੱਚ ਜਾਂ ਕਿਸੇ ਫੰਕਸਨ ਵਿੱਚ ਸਨਮਾਨ ਦੇਣ ਦੀ ਗੱਲ ਆਉਂਦੀ ਹੈ, ਤਾਂ ਜਿਆਦਾਤਰ ਮੰਚਾਂ 'ਤੇ ਅਦਾਕਾਰ, ਗਾਇਕ, ਸੋਸਲ ਮੀਡੀਆ ਇੰਫਲੂਐਂਸਰ ਜਾਂ ਹੋਰ ਮਸਹੂਰ ਹਸਤੀਆਂ ਨੂੰ ਹੀ ਸਨਮਾਨਿਤ ਕੀਤਾ ਜਾਂਦਾ ਹੈ। ਇਹ ਗੱਲ ਆਪਣੇ ਆਪ ਵਿੱਚ ਤਿਕੜਮੀ ਅਤੇ ਦੁਖਦਾਈ ਹੈ ਕਿ ਜਿਸ ਲਿਖਾਰੀ ਨੇ ਉਨ੍ਹਾਂ ਹਸਤੀਆਂ ਦੇ ਪਿੱਛੇ ਲਫਜਾਂ ਦਾ ਜਾਦੂ ਰਚਿਆ ਹੋਵੇ, ਉਸਨੂੰ ਹੀ ਭੁਲਾ ਦਿੱਤਾ ਜਾਂਦਾ ਹੈ। ਲਿਖਣ ਵਾਲਾ ਅਕਸਰ ਪਰਦੇ ਪਿੱਛੇ ਰਹਿ ਜਾਂਦਾ ਹੈ। ਉਸਦੇ ਦੁਆਰਾ ਕੀਤੇ ਗਏ ਭਰਪੂਰ ਕੰਮ ਨੂੰ ਨਾ ਤਾਂ ਪਛਾਣ ਮਿਲਦੀ ਹੈ, ਨਾ ਹੀ ਉਸਦੀ ਹਿੰਮਤ ਵਧਾਉਣ ਲਈ ਕੋਈ ਮੰਚ ਮਿਲਦਾ ਹੈ।



ਸੱਚ ਪੁੱਛੋ ਤਾਂ ਲੇਖਕ ਦਾ ਸਨਮਾਨ ਕਰਨਾ ਉਸ ਦੀ ਲਿਖਤ ਨੂੰ ਸਿਰਫ ਇਨਾਮ ਦੇਣਾ ਨਹੀਂ, ਬਲਕਿ ਉਸਦੇ ਵਿਚਾਰਾਂ ਅਤੇ ਕੋਸ਼ਿਸ਼ਾਂ ਦੀ ਪੂਰੀ ਤਰ੍ਹਾਂ ਕਦਰ ਕਰਨਾ ਹੈ। ਲੇਖਕ ਨੂੰ ਪੈਸਿਆਂ ਦਾ ਲਾਲਚ ਨਹੀਂ ਹੁੰਦਾ। ਉਹ ਚਾਹੁੰਦਾ ਹੈ ਕਿ ਉਸਦੀ ਲਿਖਤ ਪੜ੍ਹੀ ਜਾਵੇ, ਸਮਝੀ ਜਾਵੇ ਅਤੇ ਉਸਦੇ ਵਿਚਾਰਾਂ ਨੂੰ ਸਨਮਾਨ ਮਿਲੇ। ਜਦ ਲੇਖਕ ਨੂੰ ਉਸਦੀ ਲਿਖਤ ਲਈ ਮਾਨਤਾ ਮਿਲਦੀ ਹੈ, ਤਾਂ ਉਹ ਹੋਰ ਨਵੀਨ ਲਿਖਤਾਂ ਲਿਖਣ ਲਈ ਉਤਸਾਹਤ ਹੁੰਦਾ ਹੈ। ਇਹ ਉਸਦੇ ਮਨੋਬਲ ਨੂੰ ਉੱਚਾ ਕਰਦਾ ਹੈ ਅਤੇ ਉਸਨੂੰ ਹੋਰ ਜਿੰਮੇਵਾਰੀ ਨਾਲ ਲਿਖਣ ਵੱਲ ਮੋੜਦਾ ਹੈ। ਅੱਜ ਦੇ ਡਿਜੀਟਲ ਯੁੱਗ ਵਿੱਚ ਸਨਮਾਨ ਦੇਣ ਦੇ ਢੰਗ ਬਦਲ ਗਏ ਹਨ। ਜਿੱਥੇ ਪਹਿਲਾਂ ਕਿਸੇ ਨੂੰ ਸਨਮਾਨਿਤ ਕਰਨ ਲਈ ਇੱਕ ਮੰਚ ਅਤੇ ਜਨਤਾ ਦੀ ਹਾਜਰੀ ਲਾਜਮੀ ਸਮਝੀ ਜਾਂਦੀ ਸੀ, ਉਥੇ ਅੱਜ ਇੰਟਰਨੈੱਟ, ਸੋਸਲ ਮੀਡੀਆ, ਈ-ਮੇਲ ਜਾਂ ਹੋਰ ਡਿਜੀਟਲ ਪਲੇਟਫਾਰਮ ਰਾਹੀਂ ਵੀ ਕਿਸੇ ਲਿਖਣ ਵਾਲੇ ਲਿਖਾਰੀ ਨੂੰ ਉਸਦੇ ਕੰਮ ਲਈ ਸਨਮਾਨਿਤ ਕੀਤਾ ਜਾ ਸਕਦਾ ਹੈ। ਇਲੈਕਟ੍ਰਾਨਿਕ ਤਰੀਕੇ ਨਾਲ ਦਿੱਤਾ ਗਿਆ ਸਨਮਾਨ ਪੱਤਰ ਵੀ ਲਿਖਾਰੀ ਲਈ ਵੱਡੀ ਮਾਣਤਾ ਹੋ ਸਕਦੀ ਹੈ। ਇਹ ਨਵੀਂ ਸੋਚ ਹੈ ਜਿਸ ਰਾਹੀਂ ਅਸੀਂ ਉਹਨਾਂ ਲੋਕਾਂ ਤੱਕ ਵੀ ਪਹੁੰਚ ਸਕਦੇ ਹਾਂ ਜੋ ਕਿਸੇ ਵੀ ਕਾਰਨ ਕਰਕੇ ਸਰਵਜਨਿਕ ਸਮਾਰੋਹਾਂ ਵਿੱਚ ਸਾਮਿਲ ਨਹੀਂ ਹੋ ਸਕਦੇ।

ਸਮਾਜ ਵਿੱਚ ਅਜਿਹੀਆਂ ਕਈ ਹਸਤੀਆਂ ਹੁੰਦੀਆਂ ਹਨ ਜੋ ਲਿਖਣ ਦੇ ਰਾਹੀਂ ਸਮਾਜਕ ਬਦਲਾਵ ਲਿਆਉਣ ਦੀ ਕੋਸਿਸ ਕਰਦੀਆਂ ਹਨ। ਉਹ ਆਪਣੇ ਸਬਦਾਂ ਰਾਹੀਂ ਸਮਾਜਿਕ ਮੁੱਦਿਆਂ ਦੀ ਗੱਲ ਕਰਦੇ ਹਨ, ਔਰਤਾਂ ਦੇ ਹੱਕਾਂ ਦੀ ਵਕਾਲਤ ਕਰਦੇ ਹਨ, ਭੈਣ-ਭਰਾਵਾਂ ਨੂੰ ਜਾਗਰੂਕ ਕਰਦੇ ਹਨ, ਨਸਿਆਂ ਵਿਰੁੱਧ ਲਿਖਦੇ ਹਨ, ਵਿਦਿਆਰਥੀਆਂ ਨੂੰ ਪ੍ਰੇਰਣਾ ਦਿੰਦੇ ਹੋਏ, ਕਈ ਹੋਰ ਗੰਭੀਰ ਮੁੱਦਿਆਂ ਉੱਤੇ ਲਿਖਦੇ ਹਨ। ਇਨ੍ਹਾਂ ਲਿਖਤਾਂ ਪਿਛੇ ਨਾ ਕੋਈ ਮਾਇਆ ਦਾ ਲਾਲਚ ਹੁੰਦਾ ਹੈ, ਨਾ ਕੋਈ ਪ੍ਰਸਿੱਧੀ ਦੀ ਭੁੱਖ ਹੁੰਦੀ ਹੈ, ਹੁੰਦੀ ਹੈ ਤਾਂ ਸਿਰਫ ਇਹ ਖਾਹਿਸ਼ ਕਿ ਕੋਈ ਉਨ੍ਹਾਂ ਦੀ ਲਿਖਤ ਪੜ੍ਹੇ, ਸੋਚੇ, ਸਮਝੇ ਅਤੇ ਆਪਣੇ ਆਪ ਨੂੰ ਚੰਗੇ ਆਚਰਨ ਵਾਲਾ ਇਨਸਾਨ ਬਣਾਉਣ ਦੀ ਕੋਸ਼ਿਸ਼ ਜਰੂਰ ਕਰੇ। ਜਦ ਕੋਈ ਲੇਖਕ ਸਨਮਾਨਿਤ ਹੁੰਦਾ ਹੈ, ਤਾਂ ਉਹ ਸਿਰਫ ਇੱਕ ਵਿਅਕਤੀ ਨਹੀਂ, ਬਲਕਿ ਲਿਖਣ ਦੇ ਪੂਰੇ ਪੇਸੇ ਨੂੰ ਸਨਮਾਨ ਮਿਲਦਾ ਹੈ। ਇਸਦੇ ਨਤੀਜੇ ਵਜੋਂ ਹੋਰ ਨਵੇਂ ਲਿਖਣ ਵਾਲੇ ਉਤਸਾਹਤ ਹੁੰਦੇ ਹਨ। ਉਨ੍ਹਾਂ ਵਿੱਚ ਲਿਖਣ ਦਾ ਜੋਸ ਪੈਦਾ ਹੁੰਦਾ ਹੈ ਅਤੇ ਉਹ ਸਮਾਜਿਕ ਮਸਲਿਆਂ ਉੱਤੇ ਆਪਣੇ ਵਿਚਾਰ ਪੇਸ ਕਰਨ ਲਈ ਤਤਪਰ ਹੋ ਜਾਂਦੇ ਹਨ। ਇਸ ਤਰ੍ਹਾਂ ਲਿਖਣ ਦਾ ਸੰਸਕਾਰ, ਜੋ ਅੱਜ ਦੀ ਪੀੜੀ ਅਤੇ ਰੀਲਾਂ ਦੀ ਦੁਨੀਆਂ ਵਿੱਚ ਘੱਟਦਾ ਜਾ ਰਿਹਾ ਹੈ, ਉਹ ਮੁੜ ਉਤਸਾਹਤ ਹੋ ਕੇ ਉਭਰ ਸਕਦਾ ਹੈ।

ਸੋਚਣ ਵਾਲੀ ਗੱਲ ਇਹ ਵੀ ਹੈ ਕਿ ਜੇਕਰ ਅਸੀਂ ਗਾਇਕ, ਅਦਾਕਾਰ, ਨੱਚਣ ਵਾਲਿਆਂ ਨੂੰ ਲਾਈਮਲਾਈਟ ਵਿੱਚ ਰੱਖ ਸਕਦੇ ਹਾਂ, ਉਨ੍ਹਾਂ ਦੇ ਫੋਟੋਆਂ ਨੂੰ ਸਾਂਝਾ ਕਰਕੇ ਉਨ੍ਹਾਂ ਦੀ ਮਿਹਨਤ ਦੀ ਤਾਰੀਫ ਕਰ ਸਕਦੇ ਹਾਂ, ਤਾਂ ਲੇਖਕਾਂ ਲਈ ਇਹ ਕੰਮ ਕਿਉਂ ਨਹੀਂ ਹੋ ਸਕਦਾ? ਕੀ ਸਿਰਫ ਇਸ ਲਈ ਕਿ ਉਨ੍ਹਾਂ ਦੀ ਲਿਖਤ ਸੋਸ਼ਲ ਮੀਡੀਆ ਉੱਤੇ ਵਾਇਰਲ ਨਹੀਂ ਹੁੰਦੀ? ਜਾਂ ਇਸ ਲਈ ਕਿ ਉਹ ਪਰਦੇ ਪਿੱਛੇ ਕੰਮ ਕਰਦੇ ਹਨ? ਅਸਲ ਵਿੱਚ, ਲਿਖਣ ਵਾਲਾ ਇੱਕ ਅਜਿਹਾ ਇਨਸਾਨ ਹੁੰਦਾ ਹੈ ਜੋ ਬਿਨਾਂ ਕਿਸੇ ਸੋਰ-ਸਰਾਬੇ ਦੇ, ਆਪਣਾ ਕੰਮ ਚੁੱਪਚਾਪ ਕਰ ਰਿਹਾ ਹੁੰਦਾ ਹੈ। ਉਹ ਨਾ ਕਿਸੇ ਮਾਣ ਦੀ ਉਮੀਦ ਰੱਖਦਾ ਹੈ, ਨਾ ਕਿਸੇ ਇਨਾਮ ਦੀ ਉਮੀਦ ਰੱਖਦਾ ਹੈ। ਪਰ ਜਦ ਉਸਦੀ ਥੋੜ੍ਹੀ ਜਿਹੀ ਵੀ ਕਦਰ ਕੀਤੀ ਜਾਂਦੀ ਹੈ, ਤਾਂ ਉਹ ਉਸ ਲਈ ਅਣਮੋਲ ਹੋ ਜਾਂਦੀ ਹੈ। ਲੇਖਕ ਦੇ ਮਨ ਵਿੱਚ ਉਤਸਾਹ ਪੈਦਾ ਹੁੰਦਾ ਹੈ ਅਤੇ ਉਹ ਹੋਰ ਉਚੀਆਂ ਲਿਖਤਾਂ ਲਿਖਣ ਦੀ ਕੋਸਿਸ ਕਰਦਾ ਹੈ।

ਸਮਾਪਤੀ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਲਿਖਣ ਵਾਲੇ ਦਾ ਸਨਮਾਨ ਕਰਨਾ, ਸਿਰਫ ਇੱਕ ਵਿਅਕਤੀ ਨੂੰ ਨਹੀਂ, ਬਲਕਿ ਇੱਕ ਸੰਸਕਾਰ, ਇੱਕ ਸੋਚ ਅਤੇ ਇੱਕ ਸੰਘਰਸ ਨੂੰ ਸਨਮਾਨਿਤ ਕਰਨਾ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਮਾਜ ਵਿੱਚ ਚੰਗੇ ਵਿਚਾਰਾਂ ਦੀ ਰੌਸਨੀ ਰਹੇ, ਤਾਂ ਇਹ ਜਰੂਰੀ ਹੈ ਕਿ ਅਸੀਂ ਉਹਨਾਂ ਹਸਤੀਆਂ ਦੀ ਕਦਰ ਕਰੀਏ ਜੋ ਇਹ ਰੌਸਨੀ ਜਗਾਉਂਦੇ ਹਨ। ਲੇਖਕ ਦੀ ਪਹਿਚਾਣ ਅਤੇ ਉਸਦੇ ਕੰਮ ਨੂੰ ਮਾਨਤਾ ਦੇਣਾ, ਇੱਕ ਸਿਹਤਮੰਦ ਅਤੇ ਸੱਚਮੁੱਚ ਸੋਚਵਾਨ ਸਮਾਜ ਬਣਾਉਣ ਵੱਲ ਪਹਿਲਾ ਕਦਮ ਹੋ ਸਕਦਾ ਹੈ।

ਸੰਦੀਪ ਕੁਮਾਰ

# ਪੈਦਲ ਤੋਂ ਜਹਾਜ ਤੱਕ ਦਾ ਸਫਰ



ਕੈਨੇਡਾ ਜਾਣ ਲਈ ਜਦੋਂ ਮੈਂ ਜਹਾਜ ਵਿਚ ਬੈਠਾ ਹਵਾ ਵਿਚ ਉੱਡ ਰਿਹਾ ਸੀ ਤਾਂ ਮੇਰੀ ਸੁਰਤੀ ਕੋਈ ਲਗਪਗ 55 ਸਾਲ ਪਿੱਛੇ ਚਲੀ ਗਈ ਜਦੋਂ ਮੈਂ ਸਰਕਾਰੀ ਪ੍ਰਾਇਮਰੀ ਸਕੂਲ ਭੱਟੀਆਂ ਖੰਨਾ ਤੋਂ ਆਪਣੀ ਚੌਥੀ ਕਲਾਸ ਪਾਸ ਕਰ ਕੇ ਆਰੀਆ ਸਕੂਲ ਖੰਨੇ 'ਚ ਦਾਖਲ ਹੋਇਆ ਸੀ। ਨਵੇਂ ਸਕੂਲ ਜਾਣ ਦਾ ਬੜਾ ਚਾਅ ਸੀ। ਸਵੇਰੇ ਹੀ ਤਿਆਰ ਹੋ ਕੇ ਭਾਰੀ ਬਸਤਾ ਚੁੱਕ ਕੇ ਪੈਦਲ ਹੀ ਸਕੂਲ ਨੂੰ ਚੱਲ ਪੈਣਾ। ਮੈਂ ਅਤੇ ਮੇਰੇ ਸਾਥੀ ਪੈਦਲ ਹੀ ਜਾਂਦੇ ਸੀ।

ਦੂਰ ਨੇੜੇ ਜਾਣ ਲਈ ਲੋਕ ਪੈਦਲ ਹੀ ਜਾਂਦੇ ਸਨ। ਜੇਕਰ ਕਿਤੇ ਦੂਰ-ਦੁਰਾਡੇ ਜਾਣਾ ਹੁੰਦਾ ਸੀ ਤਾਂ ਲੋਕ ਸਵੇਰੇ ਸਾਝਰੇ ਤੁਰ ਪੈਂਦੇ ਸਨ ਤੇ ਸਾਮ ਤੱਕ ਆਪਣੀ ਮੰਜਿਲ 'ਤੇ ਜਾ ਅੱਪੜਦੇ ਸਨ। ਮੇਰੇ ਪੈਦਲ ਜਾਣ-ਆਉਣ ਦਾ ਸਿਲਸਿਲਾ ਪੰਜਵੀਂ ਤੋਂ 11ਵੀਂ ਤੱਕ ਚਲਦਾ ਰਿਹਾ। ਗਰਮੀ, ਸਰਦੀ ਵਿਚ ਸਕੂਲ ਜਾਣਾ ਹੀ ਪੈਂਦਾ ਸੀ। ਆਮ ਤੌਰ 'ਤੇ ਲੋਕ ਪੈਦਲ ਜਾਂ ਬੱਸਾਂ ਵਿਚ ਸਫਰ ਕਰਦੇ ਸਨ। ਕਿਸੇ-ਕਿਸੇ ਕੋਲ ਸਾਈਕਲ ਹੁੰਦਾ ਸੀ। ਲੋਕਾਂ ਦੇ ਸਾਈਕਲ ਦੇਖ ਕੇ ਅਸੀਂ ਕਈ ਵਾਰੀ ਸੋਚਣਾ ਕਿ ਕਾਸ਼ ਸਾਡੇ ਕੋਲ ਵੀ ਸਾਈਕਲ ਹੋਵੇ। ਸਾਈਕਲ ਲੈਣ ਦੀ ਪੰਹੁਚ ਨਹੀਂ ਸੀ।

ਉਨ੍ਹਾਂ ਦਿਨਾਂ ਵਿਚ ਸਾਈਕਲ ਵੀ ਇਕ ਸੁਪਨਾ ਹੁੰਦਾ ਸੀ। ਜਦੋਂ 11ਵੀਂ ਪਾਸ ਹੋਈ ਤਾਂ ਮੈਂ ਏਐੱਸ ਕਾਲਜ 'ਚ ਦਾਖਲਾ ਲੈਣਾ ਸੀ, ਜੋ ਮੇਰੇ ਘਰ ਤੋਂ ਪੰਜ ਕਿਲੋਮੀਟਰ ਦੂਰ ਸੀ। ਮੇਰੇ ਪਿਤਾ ਜੀ ਨੇ ਮੈਨੂੰ 80 ਰੁਪਏ ਵਿਚ ਇਕ ਪੁਰਾਣਾ ਸਾਈਕਲ ਲੈ ਕੇ ਦਿੱਤਾ। ਹੁਣ ਮੈਨੂੰ ਬੜਾ ਚਾਅ ਚੜ੍ਹਿਆ। ਕਾਲਜ ਜਾਣ ਆਉਣ ਲਈ ਸਾਈਕਲ ਮੇਰੀ ਜਰੂਰਤ ਬਣ ਗਿਆ। ਉਸੇ ਸਾਈਕਲ ਦੀ ਸਹਾਇਤਾ ਸਦਕਾ ਮੈਂ ਬੀਏ ,ਐੱਮਏ, ਬੀਐੱਡ ਪਾਸ ਕੀਤੀ। ਸੰਨ 1978 'ਚ ਮੈਂ ਖੰਨੇ ਖਾਲਸਾ ਸਕੂਲ 'ਚ ਮਾਸਟਰ ਲੱਗ ਗਿਆ। ਹੁਣ ਮੈਂ ਆਪਣੇ ਸਾਈਕਲ 'ਤੇ ਘਰੋਂ ਸਕੂਲ ਜਾਣਾ-ਆਉਣਾ ਅਤੇ ਹੋਰ ਜਿਹੜੇ ਕੰਮਕਾਰ ਸੀ, ਉਹ ਵੀ ਕਰਨੇ। ਸੰਨ 1981 ਵਿਚ ਮੇਰੀ ਭੈਣ ਦਾ ਵਿਆਹ ਨਾਭੇ ਦੇ ਕੋਲ ਇਕ ਪਿੰਡ ਵਿਚ ਹੋ ਗਿਆ। ਇਹ ਨਾਭੇ ਤੋਂ 7 ਕਿੱਲੋਮੀਟਰ ਦੀ ਵਿੱਥ 'ਤੇ ਸੀ, ਜਿੱਥੇ ਜਾਣਾ ਬੜਾ ਔਖਾ ਸੀ। ਹੁਣ ਵਾਂਗ ਆਵਾਜਾਈ ਦੇ ਸਾਧਨ ਨਹੀਂ ਸਨ। ਇਸ ਕਰਕੇ ਕਈ ਵਾਰ ਮੈਂ ਆਪਣਾ ਸਾਈਕਲ ਖੰਨੇ ਤੋਂ ਬਸ 'ਤੇ ਚਾੜ੍ਹ ਲੈਣਾ ਤੇ ਨਾਭੇ ਜਾ ਕੇ ਥੱਲੇ ਲਾਉਣਾ। ਇਹ ਬਹੁਤ ਔਖਾ ਕੰਮ ਸੀ। ਫਿਰ ਮੈਂ ਸਾਈਕਲ ਲਿਜਾਣਾ ਛੱਡ ਦਿੱਤਾ।

ਕਈ ਵਾਰ ਨਾਭੇ ਤੋਂ ਕਿਸੇ ਟਾਂਗੇ 'ਚ ਜਾਂ ਪੈਦਲ ਵੀ ਜਾਣਾ। ਮੈਂ ਸੋਚਦਾ ਹੁੰਦਾ ਸੀ ਕਿ ਕਾਸ਼ ਮੋਟਰਸਾਈਕਲ ਜਾਂ ਸਕੂਟਰ ਹੋਵੇ। ਇਹ ਖਿਆਲੀ ਪਲਾਓ ਹੀ ਸਨ, ਉਨ੍ਹਾਂ ਦਿਨਾਂ 'ਚ ਕਿਸੇ ਕੋਲ ਹੀ ਸਕੂਟਰ ਹੁੰਦਾ ਸੀ। ਉਦੋਂ ਸਕੂਟਰ ਵੀ ਇਕ ਸੁਪਨਾ ਸੀ। ਪੁਰਾਣੇ ਸਕੂਟਰ ਵੀ ਕਈ ਹਜਾਰ ਦੇ ਮਿਲਦੇ ਸਨ। ਤਨਖਾਹ ਸੈਂਕੜਿਆਂ 'ਚ ਹੁੰਦੀ ਸੀ। ਮੈਂ ਲਗਪਗ ਛੇ ਸਾਲ ਤੱਕ ਮਾਸਟਰ ਲੱਗ ਕੇ ਸਾਈਕਲ 'ਤੇ ਹੀ ਆਉਂਦਾ-ਜਾਂਦਾ ਰਿਹਾ।

ਸੰਨ 1984 'ਚ ਮੇਰੇ ਇਕ ਦੋਸਤ ਨੇ ਮੈਨੂੰ ਕਿਸੇ ਕੋਲੋਂ 15 ਸਾਲ ਪੁਰਾਣਾ ਸਕੂਟਰ ਦਿਵਾ ਦਿੱਤਾ। ਸਕੂਟਰ ਲੈ ਕੇ ਮੈਨੂੰ ਬੜਾ ਮਾਣ ਮਹਿਸੂਸ ਹੋਇਆ। ਉਹ ਸਕੂਟਰ ਵੇਚ ਕੇ ਮੈਂ ਇਕ-ਦੋ ਸਾਲ ਚੱਲਿਆ ਸਕੂਟਰ ਲੈ ਲਿਆ। ਉਸ 'ਤੇ ਵੀ ਮੈਂ ਕਾਫੀ ਸਮਾਂ ਸਫਰ ਕੀਤਾ। ਹੁਣ ਦਿਲ 'ਚ ਤਮੰਨਾ ਸੀ ਨਵਾਂ ਸਕੂਟਰ ਹੋਵੇ। ਡਾ. ਮਨਮੋਹਨ ਸਿੰਘ ਦੀ ਖੁੱਲ੍ਹੀ ਮਾਰਕੀਟ ਨੀਤੀ ਦੀ ਬਦੌਲਤ ਸਕੂਟਰ ਮੋਟਰਸਾਈਕਲ ਆਸਾਨੀ ਨਾਲ ਮਿਲਣ ਲੱਗ ਪਏ। ਮੈਂ ਸੰਨ 1990 'ਚ ਨਿਊ ਬਰਾਂਡ ਚੇਤਕ ਸਕੂਟਰ ਲਿਆ।

ਉਨ੍ਹਾਂ ਦਿਨਾਂ ਵਿਚ ਕਈ ਲੋਕਾਂ ਨੇ ਕਾਰਾਂ ਲੈ ਲਈਆਂ ਸਨ। ਲੋਕਾਂ ਦੀਆਂ ਕਾਰਾਂ ਦੇਖ ਕੇ ਦਿਲ ਵਿਚ ਬੜੀ ਤਮੰਨਾ ਹੁੰਦੀ ਸੀ ਕਿ ਮੇਰੇ ਕੋਲ ਵੀ ਕਾਰ ਹੋਵੇ। ਪਰ ਆਮਦਨ ਇੰਨੀ ਨਹੀਂ ਸੀ ਕਿ ਕਾਰ ਲਈ ਜਾ ਸਕੇ। ਬਹੁਤੇ ਲੋਕਾਂ ਅਤੇ ਕਰਮਚਾਰੀਆਂ ਦੀ ਇਹੀ ਸੋਚ ਹੁੰਦੀ ਸੀ।

ਪੱਚੀ ਸਾਲ ਮੈਂ ਸਕੂਟਰ ਦੀ ਹੀ ਸਵਾਰੀ ਕੀਤੀ ਕਿਉਂਕਿ ਕਾਰ ਲੈਣ ਦੀ ਹੈਸੀਅਤ ਨਹੀਂ ਸੀ। ਇਹ ਸੁਭਾਗਾ ਸਮਾਂ 2009 'ਚ ਆਇਆ ਜਦੋਂ ਮੈਂ ਕਿਸ਼ਤਾਂ 'ਤੇ ਇਕ ਨਵੀਂ ਕਾਰ ਲੈ ਲਈ। ਜਦੋਂ ਮੈਂ ਰਿਟਾਇਰ ਹੋਇਆ ਤਾਂ ਉਨ੍ਹਾਂ ਦਿਨਾਂ 'ਚ ਕੈਨੇਡਾ ਵਿਚ ਮੇਰੇ ਭਰਾ ਦੀ ਬੇਟੀ ਦਾ ਵਿਆਹ ਸੀ ਉਸ ਨੇ ਮੈਨੂੰ ਵਿਆਹ ਦਾ ਕਾਰਡ ਭੇਜਿਆ। ਵਾਹਿਗੁਰੂ ਜੀ ਦੀ ਇਹੋ ਜਿਹੀ ਕਿਰਪਾ ਹੋਈ ਕਿ ਮੇਰਾ ਵੀਜਾ ਲੱਗ ਗਿਆ। ਅੱਜ ਮੈਂ ਜਹਾਜ 'ਚ ਬੈਠਾ ਕੈਨੇਡਾ ਨੂੰ ਜਾ ਰਿਹਾ ਸੀ ਤਾਂ ਮੇਰੇ ਮਨ ਵਿਚ ਪੁਰਾਣੀਆਂ ਯਾਦਾਂ ਆ ਰਹੀਆਂ ਸਨ। ਜਦੋਂ ਸਕੂਲ ਪੈਦਲ ਭਾਰੇ ਬਸਤੇ ਮੋਢੇ 'ਤੇ ਚੁੱਕ ਕੇ ਜਾਣਾ।

ਰਿਸਤੇਦਾਰੀ ਵਿੱਚ ਬੱਸਾਂ ਰਾਹੀਂ ਜਾਂ ਪੈਦਲ ਤੁਰ ਕੇ ਜਾਣਾ। ਜਿਨ੍ਹਾਂ ਕੋਲ ਅੱਜ ਮਹਿੰਗੀਆਂ ਕਾਰਾਂ ਹਨ। ਉਸ ਸਮੇਂ ਇਨ੍ਹਾਂ ਵਿੱਚੋਂ ਬਹੁਤ ਸਾਰਿਆਂ ਕੋਲ ਸਾਈਕਲ ਵੀ ਨਹੀਂ ਹੁੰਦੇ ਸੀ। ਵੱਡੇ ਹੋਏ ਸਾਈਕਲ ਮਿਲਿਆ। ਸਾਈਕਲ ਦਾ ਸੁਪਨਾ ਪੂਰਾ ਹੋਇਆ । ਫਿਰ ਸਕੂਟਰ ਮਿਲ ਗਏ। ਕਾਰ ਵੀ ਮਿਲ ਗਈ। ਜਿੰਦਗੀ ਦਾ ਸਫਰ ਪੈਦਲ ਤੋਂ ਚੱਲਦੇ-ਚੱਲਦੇ ਅੱਜ ਜਹਾਜ ਤੱਕ ਪਹੁੰਚ ਗਿਆ। ਅੱਜ ਮੈਂ ਜਹਾਜ ਵਿਚ ਬੈਠਾ ਤੇ ਸੋਚਦਾ ਹਾਂ ਕਿ ਕਿੱਥੇ ਸਾਈਕਲ ਇਕ ਸੁਪਨਾ ਹੁੰਦਾ ਸੀ ਤੇ ਕਿੱਥੇ ਅੱਜ ਅਸੀਂ ਜਹਾਜਾਂ ਵਿਚ ਸਫਰ ਕਰ ਰਹੇ ਹਾਂ।

ਇਹ ਪੈਦਲ ਤੋਂ ਜਹਾਜ ਤੱਕ ਦਾ ਸਫਰ ਹੈ ਜਿਸ ਦੇ ਪਿੱਛੇ ਸਖਤ ਮਿਹਨਤ, ਇੱਛਾ ਸਕਤੀ ਤੇ ਇਮਾਨਦਾਰੀ ਨਾਲ ਦਿਨ-ਰਾਤ ਦੀ ਘਾਲਣਾ ਹੈ। ਅੱਜ ਤੋਂ ਕੋਈ 55 ਸਾਲ ਪਹਿਲਾਂ ਸਹੂਲਤਾਂ ਨਹੀਂ ਸਨ। ਕਿਸੇ-ਕਿਸੇ ਕੋਲ ਹੀ ਸਾਈਕਲ ਹੁੰਦਾ ਸੀ। ਪੁਲਿਸ ਵੀ ਸਾਈਕਲਾਂ 'ਤੇ ਗਸ਼ਤ ਕਰਦੀ ਹੁੰਦੀ ਸੀ । ਬਹੁਤ ਹੀ ਘੱਟ ਲੋਕਾਂ ਕੋਲ ਮੋਟਰਸਾਈਕਲ ਜਾਂ ਸਕੂਟਰ ਹੁੰਦੇ ਸਨ। ਇਸ ਦੇ ਬਾਵਜੂਦ ਵਿਦਿਆਰਥੀ ਤੇ ਆਮ ਲੋਕਾਂ ਦਾ ਜੀਵਨ ਬੜਾ ਸਾਦਾ ਸੀ।

ਲੋਕਾਂ ਵਿਚ ਬਹੁਤ ਪਿਆਰ, ਸਤਿਕਾਰ, ਆਪਸੀ ਭਾਈਚਾਰਾ ਅਤੇ ਸਾਂਝ ਹੁੰਦੀ ਸੀ। ਲੋਕ ਸ਼ਾਂਤਮਈ ਜੀਵਨ ਬਤੀਤ ਕਰਦੇ ਸਨ। ਅੱਜ ਅਸੀਂ ਇੰਨੀ ਤਰੱਕੀ ਕਰ ਲਈ ਹੈ। ਅੱਜ ਮੋਬਾਈਲ, ਲੈਪਟਾਪ, ਕੰਪਿਊਟਰ ਅਤੇ ਟੈਲੀਵਿਜਨ ਸਾਡੇ ਕੋਲ ਆ ਗਏ ਹਨ। ਅੱਜ ਸੋਸਲ ਮੀਡੀਆ, ਮਲਟੀ ਮੀਡੀਆ ਸਾਡੇ 'ਤੇ ਭਾਰੂ ਹਨ। ਮੋਬਾਈਲ ਵਿਚ ਮਸਤ ਰਹਿਣ ਕਰਕੇ ਕੋਈ ਇਕ-ਦੂਜੇ ਨਾਲ ਗੱਲ ਨਹੀਂ ਕਰਦਾ। ਪਿਆਰ ਸਤਿਕਾਰ, ਭਾਈਚਾਰਾ ਤਾਂ ਬਹੁਤ ਦੂਰ ਦੀ ਗੱਲ ਹੋ ਚੁੱਕੀ । ਭਾਵੇਂ ਕਿ ਅੱਜ ਇਨ੍ਹਾਂ ਦੂਰ ਸੰਚਾਰ ਸਾਧਨਾਂ ਦੇ ਨਾਲ ਅਸੀਂ ਸੰਸਾਰ ਵਿਚ ਇਕ-ਦੂਜੇ ਨਾਲ ਜੁੜ ਗਏ ਹਾਂ, ਭਾਵੇਂ ਕਿ ਸੰਸਾਰ ਸਾਡੇ ਬਹੁਤ ਨੇੜੇ ਹੋ ਗਿਆ ਹੈ, ਪਰ ਅਸੀਂ ਆਪਣਿਆਂ ਅਤੇ ਘਰਦਿਆਂ ਤੋਂ ਬਹੁਤ ਦੂਰ ਹੋ ਗਏ ਹਾਂ। ਅੱਜ ਅਸੀਂ ਘਰ ਦੇ ਮੈਂਬਰ ਇਕੱਠੇ ਹੋ ਕੇ ਆਪਸ 'ਚ ਗੱਲਾਂ ਬਾਤਾਂ ਨਹੀਂ ਕਰਦੇ।

ਅਸੀਂ ਆਪਣੇ ਮੋਬਾਈਲਾਂ 'ਤੇ ਜਾਂ ਕੰਪਿਊਟਰਾਂ 'ਤੇ ਉਂਗਲੀਆਂ ਘਸਾ ਰਹੇ ਹਾਂ। ਮੈਂ ਸੋਚਦਾ ਹਾਂ ਕਿ ਅੱਜ ਦੇ ਜਹਾਜਾਂ 'ਚ ਘੁੰਮਣ ਨਾਲੋਂ ਉਹ ਸਮਾਂ ਕਿੰਨਾ ਵਧੀਆ ਸੀ ਜਦੋਂ ਸਾਡੇ ਕੋਲ ਸਾਈਕਲ ਵੀ ਨਹੀਂ ਹੁੰਦੇ ਸੀ, ਪੈਦਲ ਤੁਰੇ ਫਿਰਦੇ ਸੀ। ਜਦੋਂ ਸਾਡੇ ਕੋਲ ਸਹੂਲਤਾਂ ਨਹੀਂ ਹੁੰਦੀਆਂ ਸੀ ਤਦ ਪਿਆਰ ਸਤਿਕਾਰ ਤੇ ਭਾਈਚਾਰਾ ਕਿੰਨਾ ਵਧੀਆ ਸੀ। ਭਾਵੇਂ ਕਿ ਅਸੀਂ ਪੈਦਲ ਤੋਂ ਜਹਾਜ ਤੱਕ ਦਾ ਸਫਰ ਪੂਰਾ ਕਰ ਲਿਆ ਪਰ ਇੰਜ ਲੱਗਦਾ ਹੈ ਕਿ ਸਾਡਾ ਆਪਸੀ ਪਿਆਰ, ਸਤਿਕਾਰ, ਮਾਨਸਿਕ ਸਾਂਤੀ, ਭਾਈਚਾਰਾ ਅਤੇ ਸਾਂਝ ਕਿਤੇ ਖੰਭ ਲਾ ਕੇ ਉੱਡ-ਪੁੱਡ ਗਈ ਹੈ।

ਪ੍ਰਿੰਸੀਪਲ ਸੁਖਦੇਵ ਸਿੰਘ ਰਾਣਾ

# ਸੂਰਮਗਤੀ ਸਹੀਦੀ ਜਾਮ ਪੀਣ ਵਾਲਾ ਮਹਾਨ ਨਾਇਕ: ਬਾਬਾ ਬੰਦਾ ਸਿੰਘ ਬਹਾਦਰ

## 25 ਜੂਨ ਸ਼ਹੀਦੀ ਦਿਵਸ ਤੇ ਵਿਸ਼ੇਸ਼

ਮੌਤ ਇੱਕ ਅਟੱਲ ਸਚਾਈ ਹੈ। ਬਹੁ ਗਿਣਤੀ ਮੌਤ ਦੇ ਜਬਾੜੇ ਦੀ ਹਨੇਰ ਕੋਠੜੀ ਵਿੱਚ ਗੁੰਮ ਸੁੰਮ ਹੋ ਕੇ ਰਹਿ ਜਾਂਦੀ ਹੈ। ਵਿਰਲੇ ਲੋਕ ਹੀ ਹੁੰਦੇ ਨੇ ਜੋ ਮਜਲੂਮਾਂ ਦੇ ਹੱਕਾਂ ਤੇ ਇਨਸਾਫ ਖਾਤਰ ਸੰਗਰਸਮਈ ਜੀਵਨ ਨੂੰ ਹੰਢਾਉਂਦੇ ਹੋਏ ਹਰ ਕੁਰਬਾਨੀ ਕਰਨ ਲਈ ਹਮੇਸਾਂ ਤਤਪਰ ਰਹਿੰਦੇ ਹਨ ਭਾਵੇਂ ਉਨ੍ਹਾਂ ਦੇ ਜੀਵਨ ਦਾ ਅੰਤ ਕਿੰਨਾ ਵੀ ਭਿਆਨਕ ਤੇ ਦਿਲ ਕੰਬਾਊ ਹੋਵੇ ਪਰ ਫਿਰ ਵੀ ਉਹ ਮੌਤ ਨੂੰ ਇੱਕ ਮਹਾਂ ਅਨੰਦ ਦੇ ਸਹਿਜ ਰੂਪ ਵਿੱਚ ਹੀ ਲੈਂਦੇ ਹੋਏ ਧਰੂ ਤਾਰੇ ਵਾਂਗ ਚਮਕਦੇ ਤੇ ਅਮਰ ਹੋ ਜਾਂਦੇ ਹਨ।

ਅਜਿਹੇ ਮਹਾਂ ਅਨੰਦ ਨੂੰ ਮਾਨਣ ਵਾਲੇ ਲਛਮਣ ਦਾਸ/ਮਾਧੋਦਾਸ (ਬਾਬਾ ਬੰਦਾ ਸਿੰਘ ਬਹਾਦਰ)ਦਾ ਜਨਮ ਰਾਜੌਰੀ(ਜੰਮੂ-ਕਸਮੀਰ) ਵਿਖੇ ਇੱਕ ਹਿੰਦੂ ਪਰਿਵਾਰ ਦੇ ਕਿਸਾਨ ਰਾਮ ਦੇਵ ਦੇ ਘਰ ਵਿੱਚ 27 ਅਕਤੂਬਰ 1670 ਨੂੰ ਹੋਇਆ ਸੀ। ਇਹ ਡੋਗਰਾ ਰਾਜਪੂਤ ਪਰਵਾਰ ਵੈਸਨਵ ਸੰਪ੍ਰਦਾ ਦਾ ਪੈਰੋਕਾਰ ਸੀ, ਜਿਸਨੂੰ ਬੈਰਾਗੀ ਜਾਂ ਵੈਰਾਗੀ ਵੀ ਕਿਹਾ ਜਾਂਦਾ ਹੈ।

ਭਾਵੇਂ ਕਿ ਇੱਕ ਮੌਕੇ ਮੇਲ ਦੌਰਾਨ ਹਿਰਨੀ ਅਤੇ ਉਸਦੇ ਪੇਟ ਵਿੱਚ ਬੱਚਿਆਂ ਦੀ ਤੜਫ ਤੜਫ ਕੇ ਹੋਈ ਮੌਤ ਦੇ ਭਿਆਨਕ ਮੰਜਰ ਨੇ ਮਾਧੋਦਾਸ ਦੇ ਜੀਵਨ ਵਿੱਚ ਇੱਕ ਵੱਡੀ ਉਪਰਾਮਤਾ ਪੈਦਾ ਕਰ ਦਿੱਤੀ। ਜਿਸ ਕਰਕੇ ਅਭਿਆਸੀ ਬੈਰਾਗੀ ਜੀਵਨ ਜੀਊਣ ਲਈ ਉਸ ਨੇ ਨੰਦੇੜ ਦੇ ਜੰਗਲਾਂ ਵਿੱਚ ਗੋਦਾਵਰੀ ਨਦੀ ਕਿਨਾਰੇ ਜਾ ਡੇਰਾ ਕੀਤਾ। ਪਰ ਸੰਨ 1708ਵਿੱਚ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੋਏ ਮਿਲਾਪ ਅਤੇ ਪੰਜਾਬ ਦੀ ਧਰਤੀ ਉਤੇ ਹੋ ਰਹੇ ਜੁਲਮ ਦੇ ਇੰਤਾਹ ਦੀ ਕਹਾਣੀ ਸੁਣ ਕੇ ਅਤਿਆਚਾਰ ਦੇ ਵਿਰੋਧ ਵਿੱਚ ਜੂਝਣ ਲਈ ਉਸ ਦਾ ਖੂਨ ਉਬਾਲੇ ਮਾਰਨ ਲੱਗ ਪਿਆ। ਯਾਨਿ ਉਸ ਵਿੱਚ ਇੱਕ ਜੰਗਜੂ ਯੋਧੇ ਦਾ ਰੂਪ ਸਾਖਸਾਤ ਹੋਣ ਲੱਗਾ। ਉਸ ਨੂੰ ਮਹਿਸੂਸ ਹੋਣ ਲੱਗਾ ਪਿਆ ਕਿ ਇੱਕ ਯੋਧਾ ਮਜਲੂਮਾਂ 'ਤੇ ਹੁੰਦੇ ਜੁਲਮ ਦੇ ਸਿਤਮ ਨੂੰ ਕਿਵੇਂ ਚੁੱਪ ਰਹਿ ਕੇ ਸਹਾਰ ਸਕਦਾ ਹੈ ? ਸੋ ਉਹ ਹਰ ਤਰ੍ਹਾਂ ਦੇ ਜੁਲਮ ਨਾਲ ਲੋਹਾ ਲੈਣ ਲਈ ਇੱਕ ਦਮ ਤਿਆਰ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਰੂਪ ਵਿੱਚ ਥਾਪੜਾ ਤੇ ਕੁਝ ਕੁ ਜਬਾਂਜ ਸਿੱਖ ਯੋਧਿਆਂ ਨੂੰ ਨਾਲ ਲੈ ਕੇ ਮਾਧੋਦਾਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਰੂਪ ਵਿੱਚ ਪੰਜਾਬ ਵਿੱਚ ਜੁਲਮ ਦੇ ਝੁਲ ਰਹੇ ਤੁਫਾਨ ਨੂੰ ਠੱਲ੍ਹਣ ਲਈ ਪੰਜਾਬ ਵੱਲ ਕੂਚ ਕਰ ਦਿੱਤਾ। ਉਸ ਸਮੇਂ ਦੇ ਪੰਜਾਬ ਵਿੱਚ ਦਾਖਲ ਹੁੰਦਿਆਂ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਮੁੱਠੀ ਭਰ ਸਿੱਖ ਫੌਜ ਨੇ ਸੋਨੀਪਤ, ਸਮਾਣਾ ਮੁਸਤਫਾਬਾਦ , ਸਢੌਰਾ, ਮਲੇਰਕੋਟਲਾ ਅਤੇ ਨਾਹਨ ਦੇ ਮੁਗਲ ਜਰਵਾਣਿਆਂ ਨੂੰ ਮਾਤ ਦੇ ਕੇ ਪੰਜਾਬ ਦੇ ਸੀਸ-ਸਤਲੁਜ ਇਲਾਕਿਆਂ ਨੂੰ ਫਤਿਹ ਕਰ ਲਿਆ।ਇਨਸਾਫ ਪਸੰਦ ਲੋਕਾਂ ਦਾ ਸਮੇਂ ਸਮੇਂ ਸਾਮਿਲ ਹੋਣ ਨਾਲ ਸਿੱਖ ਫੌਜ ਵਿਚ ਵਾਧਾ ਹੋਣ ਲੱਗਾ। ਮਨੁੱਖੀ ਦਰਿੰਦਗੀ ਦਾ ਪ੍ਰਤੀਕ 'ਸਾਕਾ ਸਰਹਿੰਦ' ਸਿਰਫ ਸਿੱਖ ਇਤਿਹਾਸ ਦਾ ਹੀ ਨਹੀਂ ਸਗੋਂ ਦੁਨੀਆਂ ਦੇ ਇਤਿਹਾਸ ਦਾ ਹੀ ਇੱਕ ਵੱਡਾ ਕਾਲਾ ਸਿਆਹ ਪੰਨਾ ਹੋ ਨਿਬੜਿਆ ਸੀ ਕਿਉਂਕਿ ਤਤਕਾਲੀ ਮੁਗਲ ਹਕੂਮਤ ਦਾ ਖਾਸਮ ਖਾਸ ਵਜੀਰ ਨਵਾਬ ਵਜੀਰ /ਵਜੀਦ ਖਾਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ ਬਾਬਾ ਜੋਰਾਵਰ ਸਿੰਘ ,ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ (ਗੁਜਰ ਕੌਰ) ਉਪਰ ਢਾਹੇ ਅਕਿਹ ਤੇ ਅਸਿਹ ਕਹਿਰ ਦੀ ਨਿਸਾਨੀ ਕਰਕੇ 'ਗੁਰੂ ਮਾਰੀ ਸਰਹਿੰਦ' ਵਜੋਂ ਜਾਣੇ ਜਾਂਦੇ ਸੂਬੇ ਦੇ ਜਬਰ ਦੇ ਕਿਲ੍ਹੇ ਦੀ ਇੱਟ ਨਾਲ ਇੱਟ ਖੜਕਾਉਣ ਅਤੇ ਦੋਸੀ ਸਾਸਕਾਂ ਨੂੰ ਦੰਡ ਦੇਣ ਲਈ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫਤਿਹ ਕਰਨ ਦੀ ਤਿਆਰੀ ਕਰ ਲਈ ਤਾਂ ਕਿ ਸਿੱਖਾਂ ਦੀ ਤੜਫ ਤੇ ਤਪ ਰਹੀ ਦੁੱਖੀ ਮਾਨਸਿਕਤਾ ਨੂੰ ਸਾਂਤ ਕੀਤਾ ਜਾ ਸਕੇ।12 ਮਈ 1710 ਨੂੰ ਚੱਪੜਚਿੜੀ ਦੇ ਮੈਦਾਨੇ ਜੰਗ ਵਿੱਚ ਸਾਕੇ ਸਰਹਿੰਦ ਦੇ ਮੁੱਖ ਦੋਸੀ ਵਜੀਰ ਖਾਨ ਅਤੇ ਦੀਵਾਨ ਸੁੱਚਾ ਨੰਦ ਨੂੰ ਮਾਰ ਕੇ ਮੁਗਲ ਫੌਜ ਨੂੰ ਮਾਰ ਭਜਾਇਆ।ਦੋ ਦਿਨਾਂ ਬਾਅਦ ਸਿੱਖਾਂ ਨੇ ਸਰਹਿੰਦ ਉੱਤੇ ਕਬਜਾ ਕਰ ਲਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਤਲੁਜ ਤੋਂ ਯਮੁਨਾ ਤੱਕ ਦੇ ਖੇਤਰ ਨੂੰ ਫਤਿਹ ਕਰਨ ਉਪਰੰਤ ਜਿੰਮੀਦਾਰਾਂ ਤੋਂ ਕਿਸਾਨੀ ਮੁਕਤ ਕਰਵਾਉਣ ਲਈ ਇੱਕ ਵਿਸੇਸ ਆਦੇਸ ਜਾਰੀ ਕੀਤਾ ਤਾਂ ਕਿ ਜਮੀਨ ਦੀ ਮਾਲਕੀ ਵਾਹੀਕਾਰ ਕਿਰਤੀ ਕਿਸਾਨਾਂ ਨੂੰ ਸੋਂਪ ਦਿੱਤੀ ਜਾਵੇ । ਜਿਸ ਨਾਲ ਉਹ ਵੀ ਇੱਜਤ ਅਤੇ ਸਵੈ-ਮਾਣ ਦੀ ਰੋਟੀ ਕਮਾਉਂਦੇ ਹੋਏ ਜੀਵਨ ਬਸਰ ਕਰ ਸਕਣ। ਸੋ ਕਿਰਤੀ ਕਿਸਾਨਾਂ ਨੂੰ ਜਮੀਨ ਦਾ ਮਾਲਕਾਨਾ ਹੱਕ ਦਿਵਾਉਣਾ ਅਤੇ ਜਾਤਪਾਤ/ਧਰਮ ਆਦਿ ਦੀ ਦਵੈਤ ਭਾਵਨਾ ਤੋਂ ਉੱਪਰ ਉੱਠ ਕੇ ਲੋਕਾਂ ਨੂੰ ਬਣਦਾ ਇੱਜਤ ਮਾਣ /ਮਾਣ ਤਾਣ ਦੇ ਰਾਖੇ ਵਜੋਂ ਮਹਾਂ ਨਾਇਕ ਦੇ ਤੌਰ'ਤੇ ਵੀ ਜਾਂਦੇ ਬਾਬਾ ਬੰਦਾ ਸਿੰਘ ਬਹਾਦਰ ਦਾ ਇਨਸਾਫ ਪਸੰਦ ਕਿਰਦਾਰ ਉਭਰਨਾ ਵੀ ਇਤਿਹਾਸ ਦੀ ਇੱਕ ਅਹਿਮ ਘਟਨਾ ਮੰਨੀ ਜਾਂਦੀ ਹੈ। ਇਥੇ ਇਹ ਵੀ ਵਰਨਣਯੋਗ ਹ ਕਿ ਬੰਦਾ ਸਿੰਘ ਬਹਾਦਰ ਦੀ ਸੋਚ ਤੇ ਅਮਲ ਫਿਰਕਾਪ੍ਰਸਤੀ ਤੋਂ ਉਪਰ ਹੋਣ ਕਰਕੇ ਅਮਨ ਪਸੰਦ ਹਿੰਦੂਆਂ ਤੇ ਮੁਸਲਮਾਨਾਂ ਦਾ ਤਨੋਂ ਮਨੋਂ ਪੂਰਨ ਸਹਿਯੋਗ /ਸਮੱਰਥਨ ਮਿਲਣ ਲੱਗ ਪਿਆ। ਜਮਨਾ ਗੰਗਾ ਦੁਆਬ ਵਿਚ ਸਹਾਰਨਪੁਰ ਤੇ ਜਲਾਲਾਬਾਦ, ਜਲੰਧਰ, ਬਟਾਲਾ, ਕਲਾਨੌਰ ਤੇ ਅੰਮ੍ਰਿਤਸਰ ਦੇ ਇਲਾਕਿਆਂ ਵਿੱਚ ਵੀ ਖਾਲਸੇ ਜਲੋ ਜਲਾਲ ਦੀ ਗੂੰਜ ਪੈਣ ਲੱਗ ਪਈ।

ਇਥੇ ਇਹ ਵੀ ਵਰਨਣਯੋਗ ਹੈ ਬਾਬਾ ਬੰਦਾ ਸਿੰਘ ਬਹਾਦਰ ਦੇ ਪ੍ਰਭਾਵਸਾਲੀ ਦਿੱਖ , ਉਚੇ ਸੁੱਚੇ ਕਿਰਦਾਰ, ਇਨਸਾਫ ਲਈ ਜੂਝਣ, ਅਤੇ ਜਰਵਾਣਿਆਂ ਨੂੰ ਸੋਧਣ ਦੇ ਮਿਸਨ (ਧਰਮ ਯੁੱਧ )ਦਾ ਲੋਕਾਂ ਉਤੇ ਜਾਦੂਮਈ ਪ੍ਰਭਾਵ ਪੈਣ ਕਾਰਨ ਬਹੁਤ ਸਾਰੇ ਇਨਸਾਫ ਪਸੰਦ ਲੋਕ ਜਿਥੇ ਲੜਨ ਮਰਨ ਲਈ ਤਿਆਰ ਹੋ ਰਹੇ ਸਨ ਉਥੇ ਸਿੱਖਾਂ ਦੀ ਤੁਛ ਜਿਹੀ ਫੌਜ ਦੇ ਜੰਗਜੂ ਜੌਹਰਾਂ ਨਾਲ ਹੋ ਰਹੀਆਂ ਹੈਰਾਨੀ ਜਨਕ ਜਿੱਤਾਂ ਹੋਣ ਲੱਗੀਆਂ। ਇਹ ਸਭ ਕੁਝ ਬਾਬਾ ਬੰਦਾ ਸਿੰਘ ਬਹਾਦਰ ਦੇ ਜਾਦੂਈ ਕਰਾਮਤੀ ਕਾਰਨਾਮੇ ਵਜੋਂ ਜਾਣੇ ਜਾਣ ਲੱਗੇ।

ਸੰਨ 1713ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰਦਾਸ ਨੰਗਲ ਨੂੰ ਆਪਣੀ ਰਾਜਧਾਨੀ ਬਣਾ ਕੇ ਇੱਕ ਕੁਸਲ ਤੇ ਇਨਸਾਫ ਰਾਜ ਦੀ ਨੀਂਹ ਰੱਖਦਿਆਂ ਇੱਕ ਸੁਚੱਜੇ ਲੋਕ ਹਿੱਤੂ ਖਾਲਸਾ ਰਾਜ ਪ੍ਰਬੰਧ ਚਲਾਉਣ ਵੱਲ ਤਵੱਜੋਂ ਦੇਣ ਦੇ ਯਤਨ ਸੁਰੂ ਕਰ ਦਿੱਤੇ। ਬਾਬਾ ਬੰਦਾ ਸਿੰਘ ਬਹਾਦਰ ਦੇ ਲੋਕ ਭਲਾਈ ਯਤਨਾਂ ਨਾਲ ਲੋਕ ਲਹਿਰ ਦਾ ਉਲਾਰ ਧਰਮ ਯੁੱਧ ਵੱਲ ਵੱਧਣ ਲੱਗਾ। ਜਿਸ ਨੇ ਜਰਵਾਣੇ ਸਾਸਕਾਂ ਨੂੰ ਇੱਕ ਧੁੜਕੂ ਲਾ ਦਿੱਤਾ ਕਿ ਉਨਾਂ ਦੁਆਰਾ ਮਜਲੂਮਾਂ ਉਤੇ ਢਾਹੇ ਅਤਿਆਚਾਰਾਂ ਦਾ ਹਿਸਾਬ ਕਿਤਾਬ ਦੇਣ ਦਾ ਸਮਾਂ ਨੇੜੇ ਆਉਂਦਾ (ਯਾਨੀ ਅੱਤ ਦਾ ਅੰਤ ) ਨਜਰ ਆਉਣ ਲੱਗਾ



ਫਿਆ। ਜਖਮੀ ਨਾਗ ਵਾਂਗ ਹੋਰ ਵੀ ਵਿੱਸ ਘੋਲਦੇ ਹੋਏ ਅੱਗ ਬਗੂਲਾ ਹੋ ਉਠੇ ।ਜਿਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਖਾਲਸਾ ਰਾਜ ਸਥਾਪਿਤ ਕਰਨ ਦੇ ਯਤਨਾਂ ਨੂੰ ਕੁਚਲਣ ਲਈ ਮੁਗਲ ਬਾਦਸਾਹ ਫਰੁਖਸੀਅਰ ਤੇ ਉਸ ਦੇ ਅਹਿਲਕਾਰਾਂ ਨੇ ਇੱਕ ਵੱਡਾ ਲਾਮ ਲਸਕਰ ਭੇਜਣ ਦਾ ਫੈਸਲਾ ਕਰ ਲਿਆ। ਲਾਹੌਰ ਦੇ ਸੂਬੇਦਾਰ ਅਬਦੁਲ ਸਮਦ ਖਾਨ ਨੇ ਇਸ ਫੌਜ ਦੀ ਕਮਾਨ ਸੰਭਾਲਦਿਆਂ ਬਾਬਾ ਬੰਦਾ ਸਿੰਘ ਬਹਾਦਰ ਦਾ ਪਿੱਛਾ ਕਰਦਿਆਂ ਗੁਰਦਾਸ ਨੰਗਲ ਉਤੇ ਹਮਲਾ ਕਰ ਦਿੱਤਾ। ਜਦ ਬੰਦਾ ਸਿੰਘ ਬਹਾਦਰ ਦੀ ਸਿੱਖ ਫੌਜ ਵੱਲੋਂ ਅੱਗੋਂ ਡੱਟ ਕੇ ਕੀਤੇ ਜਾ ਰਹੇ ਮੁਕਾਬਲੇ ਕਾਰਨ ਮੁਗਲ ਫੌਜ ਦੀ ਕੋਈ ਵਾਹ ਪੇਸ ਨਾ ਗਈ ਤਾਂ ਫਿਰ ਮੁਗਲਾਂ ਸਾਸਕਾਂ ਨੇ ਕਿਲ੍ਹੇ ਗੁਰਦਾਸ ਨੰਗਲ ਦੀ ਕਰੜੀ ਘੇਰਾ ਬੰਦੀ ਕਰ ਲਈ ਗਈ। ਕਰੀਬ ਦਸ ਮਹੀਨੇ ਦੀ ਇਸ ਸਖਤ ਨਾਕਾਬੰਦੀ ਕਾਰਨ ਕਿਲ੍ਹੇ ਅੰਦਰ ਸਭ ਤਰ੍ਹਾਂ ਦਾ ਜਮਾਂ ਰਾਸਨ ਪਾਣੀ ਖਤਮ ਹੋਣ ਦੇ ਬਾਵਜੂਦ ਘਿਰੀ ਖਾਲਸਾ ਫੌਜ ਵੱਲੋਂ ਆਪਣੇ ਦਮ ਖਮ (ਸਿਦਕ ) ਰੱਖਦਿਆਂ ਧਰਮ ਯੁੱਧ ਜਾਰੀ ਰੱਖ ਕੇ ਵੈਰੀਆਂ ਦਾ ਮੂੰਹ ਬੁਰੀ ਤਰਾਂ ਭੰਨਿਆ ਜਾ ਰਿਹਾ ਸੀ। ਆਖਰ ਵਿੱਚ ਭੁੱਖ ਪਿਆਸ ਕਾਰਨ ਸਰੀਰਕ ਤੌਰ 'ਤੇ ਕਮਜੋਰ ਪੈ ਚੁੱਕੀ ਖਾਲਸਾ ਫੌਜ ਉਪਰ ਮੁਗਲ ਫੌਜ ਭਾਰੀ ਪੈ ਹੀ ਗਈ ਤੇ ਦਸੰਬਰ 1715 ਵਿੱਚ ਬੰਦਾ ਸਿੰਘ, ਉਸ ਦੇ ਕਰੀਬ 740 ਸਾਥੀਆਂ ਅਤੇ ਤਿੰਨ ਸਾਲ ਦੇ ਮਾਸੂਮ ਪੁੱਤਰ ਅਜੈ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰ ਕੀਤੇ ਗਏ ਸਿੱਖ ਕੈਦੀਆਂ ਨੂੰ 27 ਫਰਵਰੀ, 1716 ਦੇ ਦਿਨ ਦਿੱਲੀ ਦੇ ਬਾਹਰਵਾਰ ਪਿੰਡ ਅਗਰਾਬਾਦ ਕੋਲ ਪਹੁੰਚਾਇਆ ਗਿਆ। ਆਮ ਲੋਕਾਂ ਵਿੱਚ ਦਹਿਸਤ ਪਾਕੇ ਮੁਗਲ ਸਾਮਰਾਜ ਦੀ ਹੋਰ ਧਾਂਕ ਜਮਾਉਣ ਖਾਤਰ ਇਨ੍ਹਾਂ ਕੈਦੀਆਂ ਦਾ ਦਿੱਲੀ ਵਿੱਚ ਜਲੂਸ ਕਢਿਆ ਗਿਆ। ਜਲੂਸ ਦੇ ਸਭ ਤੋਂ ਅੱਗੇ ਇੱਕ ਬੈਂਡ-ਵਾਜਾ ਜਾ ਰਿਹਾ ਸੀ। ਪਿੰਡ ਅਗਰਾਬਾਦ ਤੋਂ ਸੁਰੂ ਹੋ ਕੇ ਇਹ ਜਲੂਸ 10 ਕਿਲੋਮੀਟਰ ਦੂਰ ਲਾਲ ਕਿਲ੍ਹੇ ਤਕ ਲਿਜਾਇਆ ਗਿਆ। ਇਸ ਬੈਂਡ ਦੇ ਪਿੱਛੇ ਦੋ ਹਜਾਰ ਸਿੱਖਾਂ ਦੇ ਸਿਰ, ਜਿਨ੍ਹਾਂ 'ਚ ਤੂੜੀ ਭਰ ਕੇ ਬਾਂਸਾਂ 'ਤੇ ਲਟਕਾ ਕੇ ਲਿਜਾਇਆ ਜਾ ਰਿਹਾ ਸੀ। ਇਨ੍ਹਾਂ ਦੇ ਸਿਰਾਂ ਦੇ ਵਾਲ ਖੁੱਲ੍ਹੇ ਰੱਖੇ ਹੋਏ ਸਨ ਤਾਂ ਜੋ ਲੋਕ ਪਛਾਣ ਸਕਣ ਕਿ ਵਾਕਿਆ ਹੀ ਇਹ ਸਿੱਖਾਂ ਦੇ ਹੀ ਸਿਰ ਹਨ। ਇਨ੍ਹਾਂ ਦੀ ਗਿਣਤੀ ਵਧਾਉਣ ਵਾਸਤੇ ਕੁੱਝ ਔਰਤਾਂ ਦੇ ਸਿਰ ਵੱਢ ਕੇ ਵੀ ਸਾਮਲ ਕਰ ਦਿਤੇ ਗਏ ਸਨ ਤਾਂ ਜੋ ਲੰਮੇ ਵਾਲਾਂ ਕਾਰਨ ਉਹ ਵੀ ਸਿੱਖ ਸਿਪਾਹੀ ਹੀ ਜਾਪਣ। ਇਸ ਮਗਰ ਇੱਕ ਹਾਥੀ ਸੀ, ਜਿਸ ਉਤੇ ਰੱਖੇ ਹੋਏ ਪਿੰਜਰੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਕੈਦ ਕੀਤਾ ਹੋਇਆ ਸੀ। ਬਾਬਾ ਬੰਦਾ ਸਿੰਘ ਦਾ ਮਜਾਕ ਉਡਾਉਣ ਵਾਸਤੇ ਉਸ ਨੂੰ ਇੱਕ ਲਾੜੇ ਵਾਂਗ ਸੁਨਹਿਰੀ ਜਰੀ ਵਾਲੀ ਲਾਲ ਪੱਗ, ਅਨਾਰ ਦੇ ਫੁਲਾਂ ਦੇ ਰੰਗ ਦਾ ਸਾਹੀ ਚੋਗਾ ਪਾਇਆ ਹੋਇਆ ਸੀ। ਉਸ ਦੇ ਸਿਰ 'ਤੇ ਇੱਕ ਲਕੜੀ ਦਾ ਖੋਖਾ ਤਿੰਨ-ਚਾਰ ਕਿਲੋ ਮਿੱਟੀ ਨਾਲ ਭਰ ਕੇ ਰਖਿਆ ਹੋਇਆ ਸੀ, ਜਿਸ ਦੇ ਭਾਰ ਨਾਲ ਉਹ ਗਰਦਨ ਝੁਕਾਈ ਟੇਢਾ ਬੈਠਾ ਸੀ। ਬਾਬਾ ਬੰਦਾ ਸਿੰਘ ਬਹਾਦਰ ਭਾਵੇਂ ਪਿੰਜਰੇ ਵਿੱਚ ਬੰਦ ਸੀ, ਪਰ ਫਿਰ ਵੀ ਉਸ ਪਿੱਛੇ ਨੰਗੀ ਤਲਵਾਰ ਹੱਥ ਵਿੱਚ ਫੜ ਕੇ ਇੱਕ ਸਿਪਾਹੀ ਖੜਾ ਕੀਤਾ ਹੋਇਆ ਸੀ ਕਿਉਂਕਿ ਮੁਗਲ ਡਰਦੇ ਸੀ ਕਿ ਕਿਤੇ ਇਹ ਬੰਦਾ ਜਾਦੂ ਨਾਲ ਉੱਡ ਹੀ ਨਾ ਜਾਵੇ ।ਹਾਥੀ ਦੇ ਪਿੱਛੇ 740 ਕੈਦੀ ਸਨ। ਇਨ੍ਹਾਂ ਦੇ ਮੂੰਹਾਂ 'ਤੇ ਕਾਲਖ ਮਲੀ ਹੋਈ ਸੀ। ਉਨ੍ਹਾਂ ਦਾ ਇਕ-ਇਕ ਹੱਥ ਗਰਦਨ ਦੇ ਪਿੱਛੇ ਕਰ ਕੇ ਸ਼ਿਕੰਜੇ ਵਿੱਚ ਕੱਸ ਕੇ ਬੰਨਿਆ ਹੋਇਆ ਸੀ। ਉਨ੍ਹਾਂ ਦੇ ਸਿਰਾਂ 'ਤੇ ਕਾਗਜਾਂ ਦੀਆਂ ਖੋਖਾ-ਟੋਪੀਆਂ ਰੱਖੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਜਿਸਮਾਂ 'ਤੇ ਭੇਡਾਂ ਦੀ ਖੱਲ ਲਵ੍ਹੇਟੀ ਹੋਈ ਸੀ ਤਾਂ ਕਿ ਹਰ ਤਰ੍ਹਾਂ ਦਾ ਮੰਜੂ ਉਡਾਉਂਦਿਆਂ ਸਿੱਖ ਕੈਦੀਆਂ ਦੀ ਪੂਰੀ ਹੱਤਕ ਭਰੀ ਬੇਇਜਤੀ ਕੀਤੀ ਜਾ ਸਕੇ। ਉਨ੍ਹਾਂ ਨੂੰ ਦੋ-ਦੋ ਕਰ ਕੇ ਕਾਠੀਆਂ ਤੋਂ ਸੱਖਣੇ ਊਠਾਂ 'ਤੇ ਲੱਦਿਆ ਹੋਇਆ ਸੀ। ਇਸ ਜਲੂਸ ਪਿੱਛੇ ਮੁਗਲ ਸਿਪਾਹ ਸਲਾਰ / ਸੈਨਾਪਤੀ ਮੁਹੰਮਦ ਅਮੀਨ ਖਾਨ, ਉਸ ਦਾ ਪੁੱਤਰ ਕਮਰ-ਉਦ-ਦੀਨ ਖਾਨ ਅਤੇ ਜਕਰੀਆ ਖਾਨ ਦਾ ਪੁੱਤਰ ਅਬਦੁਸ ਸਮਦ ਖਾਨ ਢੀਂਗੜ ਢੀਂਗੜ ਕੇ ਆਕੜ ਭਰੀ ਚਾਲ ਚੱਲ ਰਹੇ ਸਨ। ਇਹ ਜਲੂਸ ਲਾਹੌਰੀ ਗੇਟ ਦੇ ਰਸਤਿਉਂ ਦਿੱਲੀ ਸਹਿਰ ਵਿੱਚ ਦਾਖਲ ਹੋਇਆ।ਮੌਤ ਵੱਲ ਵਧਦੇ ਮੌਤ ਦੇ ਦੀਵਾਨਿਆਂ ਦੇ ਇਸ ਜਲੂਸ ਦੇ ਮੰਜਰ ਦਾ ਨਜਾਰਾ ਵੇਖਣ ਲਈ ਦਿੱਲੀ ਦੇ ਲਾਂਘਿਆਂ ਉਤੇ ਤਮਾਸਬੀਨਾਂ ਦੀਆਂ ਭੀੜਾਂ ਦੀਆਂ ਭੀੜਾਂ ਜੁੜਨ ਲੱਗੀਆਂ । ਭੀੜਾਂ ਚੋਂ ਬਹੁਤ ਸਾਰੇ ਸਿਰ ਫਿਰੇ ਲੋਕ ਕੈਦ ਸਿੱਖ ਯੋਧਿਆਂ ਨੂੰ ਕੋਝੇ ਮਜਾਕ ਤੇ ਬੇਹੂਦਾ ਸੈਨਤਾਂ ਕਰਕੇ ਇਨਸਾਨੀਅਤ ਨੂੰ ਸਰਮਸਾਰ ਕਰ ਰਹੇ ਸੀ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗਲ ਬਾਦਸਾਹ ਫਰਖਸੀਅਰ ਕੋਲ ਪੇਸ ਕੀਤਾ ਗਿਆ ਤਾਂ ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੁੱਛਿਆ ਕਿ ਤੂੰ ਆਪਣੇ ਵਾਸਤੇ ਕਿਹੋ ਜਹੀ ਮੌਤ ਚੁਣੇਂਗਾ? ਇਸ 'ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਇੱਕ ਦਮ ਬੜੀ ਦਲੇਰੀ ਤੇ ਸੂਝ ਨਾਲ ਕਿਹਾ ਕਿ ਜਿਹੋ ਜਿਹੀ ਇੱਕ ਬਾਦਸਾਹ ਆਪਣੀ ਮੌਤ ਦੀ ਤਮੰਨਾ ਰੱਖਦਾ ਹੈ।

ਪਰ ਮੁਗਲ ਹਕੂਮਤ ਨੇ ਇਨਸਾਨੀਅਤ ਦੀਆਂ ਸਾਰੀਆਂ ਹੱਦਾਂ ਬੰਨੇ ਟਪਦਿਆਂ ਅਤੇ ਕਰੂਰਤਾ ਦਾ ਇੱਕ ਵੱਡਾ ਸਬੂਤ ਦਿੰਦਿਆਂ ਗ੍ਰਿਫਤਾਰ ਸਿੱਖ ਸੈਨਿਕਾਂ ਦੇ ਵਹਿਸੀ ਕਤਲੇਆਮ ਦੌਰ ਚਲਾਇਆ ਫਿਰ ਬਾਬਾ ਬੰਦਾ ਸਿੰਘ ਬਹਾਦਰ ਦਾ ਮਨੋਬਲ ਡੇਗਣ ਦੇ ਨੀਚ ਮਨਸੂਬੇ ਘੜਦਿਆਂ ਜਰਵਾਣਿਆਂ ਵੱਲੋਂ ਬੜੀ ਹੀ ਬੇਕਿਰਕੀ ਨਾਲ ਉਸ ਦੇ ਸਾਹਮਣੇ ਹੀ ਮਾਸੂਮ ਪੁੱਤਰ ਅਜੈ ਸਿੰਘ ਦਾ ਕਾਲਜਾ ਕੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਤੁੰਨਣ ਦੀ ਘਿਨਾਉਣੀ ਕੋਸਿਸ ਕੀਤੀ ਗਈ। ਪਰ ਮੌਤ ਤੋਂ ਬੇਖੌਫ ਹੋ ਕੇ ਸਿੱਖੀ ਸਿਦਕ ਉਤੇ ਕਾਇਮ ਰਹਿੰਦਿਆਂ ਤਰ੍ਹਾਂ ਤਰ੍ਹਾਂ ਦੇ ਅਣਮਨੁੱਖੀ ਤਸੱਸਦ ਝਲਦਿਆਂ 9 ਜੂਨ 1716 ਨੂੰ ਬਾਬਾ ਬੰਦਾ ਸਿੰਘ ਇੱਕ ਵਿਲੱਖਣ ਸਹੀਦੀ ਜਾਮ ਪੀ ਗਿਆ। ਦਿਲ ਵਲੂੰਧਰਨ ਵਾਲੀ ਇਸ ਭਿਆਨਕ ਮੌਤ ਦੇ ਮੰਜਰ ਦਾ ਦ੍ਰਿੜ੍ਹਤਾ ਨਾਲ. ਚੜਦੀਕਲਾ ਵਿੱਚ ਸਾਹਮਣਾ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਰਮਗਤੀ ਮੌਤ ਦਾ ਮਹਾਂ ਅਨੰਦ ਦੇ ਸਹਿਜ ਰੂਪ ਨੂੰ ਮਾਣਿਆ ਤੇ ਪੂਰਨ ਪਰਮਾਨੰਦ ਨੂੰ ਪਾ ਲਿਆ। ਅਜਿਹੀ ਮਾਣਮੱਤੀ ਮੌਤ ਬਾਬਤ ਭਗਤ ਕਬੀਰ ਜੀ ਦਾ ਵੀ ਫੁਰਮਾਣ ਹੈ :

"ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥"


ਮਾਸਟਰ ਲਖਵਿੰਦਰ ਸਿੰਘ ਰਈਆ

# ਬੁਨਿਆਦੀ ਸੱਚ ਦੇ ਪੁਜਾਰੀ ਭਗਤ ਕਬੀਰ

**ਕਬੀਰ ਜੈਅੰਤੀ 'ਤੇ ਵਿਸ਼ੇਸ਼**

ਕਬੀਰ ਜੀ ਦਾ ਜਨਮ ਬਿਕਰਮੀ ਸੰਮਤ 1455 ਅਰਥਾਤ 1398 ਈ: ਵਿਚ ਜੇਠ ਸੁਦੀ ਪੂਰਨਮਾਸ਼ੀ ਦਿਨ ਸੋਮਵਾਰ ਨੂੰ ਹੋਇਆ ਸੀ। ਭਾਵੇਂ ਕਿ ਕਬੀਰ ਜੀ ਦੀ ਜਨਮ ਤਰੀਕ ਬਾਰੇ ਕਬੀਰ ਜਨਮ ਖੋਜੀ ਲੇਖਕਾਂ ਵਿਚ ਕਾਫੀ ਮਤਭੇਦ ਹਨ ਪਰ ਬਹੁਤੇ ਖੋਜਕਾਰ ਲਗਪਗ ਉਕਤ ਮਿਤੀ ਨਾਲ ਸਹਿਮਤ ਹਨ। ਕਬੀਰ ਜੀ ਦੀ ਪੈਦਾਇਸ਼ ਦਾ 14ਵੀਂ-15ਵੀਂ ਸ਼ਤਾਬਦੀ ਦਾ ਇਹ ਉਹ ਸਮਾਂ ਸੀ ਜਦੋਂ ਭਾਰਤੀ ਸਾਹਿਤ ਇਤਿਹਾਸ ਦਾ ਭਗਤੀ ਅੰਦੋਲਨ ਉੱਤਰੀ ਭਾਰਤ ਵਿਚ ਫੈਲ ਚੁੱਕਾ ਸੀ, ਜਿਸ ਦੀ ਉਤਪਤੀ 12ਵੀਂ ਸਦੀ ਵਿਚ ਦੱਖਣ ਦ੍ਰਾਵੜ ਵਿਚ ਹੋਈ ਸੀ।

ਕਬੀਰ ਜੀ ਦੀ ਦੂਰਦ੍ਰਿਸ਼ਟੀ ਨੇ ਨਿਰਪੱਖਤਾ ਤੋਂ ਕੰਮ ਲਿਆ। ਕਬੀਰ ਜੀ ਲਈ ਹਿੰਦੂ ਤੇ ਮੁਸਲਮਾਨ ਦੋਵੇਂ ਬਰਾਬਰ ਸਨ। ਕਬੀਰ ਜੀ ਦੀ ਅਧਿਆਤਮਿਕ ਸਿੱਖਿਆ ਕਿਸੇ ਵਿਅਕਤੀ ਵਿਸ਼ੇਸ਼ ਲਈ ਨਹੀਂ ਸੀ ਸਗੋਂ ਸਮੁੱਚੇ ਮਾਨਵ ਸਮਾਜ ਨਾਲ ਸਬੰਧਿਤ ਸੀ। ਕਬੀਰ ਜੀ ਨੇ ਰੱਬੀ ਸਾਧਨਾਂ ਦਾ ਇਕ ਨਿਵੇਕਲਾ ਸੰਕਲਪ ਵਿਕਸਿਤ ਕੀਤਾ ਜਿਸ ਵਿਚ ਪੂਜਾ-ਪਾਠ, ਵੇਸ਼-ਭੂਸ਼ਾ, ਅਡੰਬਰ ਤੇ ਪਖੰਡ ਦੀ ਥਾਂ ਨਹੀਂ ਸੀ, ਕਿਉਂਕਿ ਇਹ ਨਿਰਗੁਣ ਬ੍ਰਹਮ ਦੀ ਉਪਾਸਨਾ ਤੇ ਭਗਤੀ ਸੀ। ਕਬੀਰ ਜੀ ਨੇ ਸਪੱਸ਼ਟ ਆਵਾਜ਼ ਵਿਚ ਕਿਹਾ ਸੀ ਕਿ ਮਨੁੱਖੀ ਸਮਾਜ ਦੇ ਹਰੇਕ ਜੀਵ ਵਿਚ ਇਕ ਨੂਰ ਹੈ ਜੋ ਕਿ ਖ਼ੁਦਾ ਦਾ ਹੀ ਰੂਪ ਹੈ। ਸ੍ਰਿਸ਼ਟੀ ਦੇ ਸਾਰੇ ਜੀਵ-ਜੰਤ ਇਸ ਦੀ ਹੀ ਸਿਰਜਣਾ ਹਨ। ਫਿਰ ਕਿਸੇ ਦੀ ਜਾਤ-ਮਜ਼ਹਬ ਬਾਰੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ। ਸਭ ਇਕੋ ਹੀ ਮਿੱਟੀ ਦੇ ਬਣੇ ਹੋਏ ਹਨ। ਕਬੀਰ ਜੀ ਨੇ ਆਖਿਆ ਕਿ ਮੈਂ ਆਪਣੇ ਮੁਰਸ਼ਦ ਦੀ ਕਿਰਪਾ ਨਾਲ ਇਸ ਰੱਬੀ ਨੂਰ ਨੂੰ ਹਰ ਥਾਂ ਦੇਖ ਰਿਹਾ ਹਾਂ। ਕਬੀਰ ਜੀ ਨੇ ਭਾਰਤੀ ਸਮਾਜ ਵਿਚ ਫੈਲੇ ਜਾਤੀਵਾਦ ਬਾਰੇ ਇਕ ਸਿਆਣੀ ਗੱਲ ਕਹੀ ਕਿ ਮੇਰੀ ਨੀਵੀਂ ਜੁਲਾਹਾ ਜਾਤ ਦਾ ਹਰ ਕੋਈ ਮਖੌਲ ਉਡਾਉਂਦਾ ਹੈ ਪਰ ਮੈਂ ਪਰਮਾਤਮਾ ਦਾ ਧੰਨਵਾਦ ਕਰਦਾ ਹਾਂ ਕਿ ਇਸ ਨੀਵੀਂ ਜਾਤ 'ਚ ਪੈਦਾ ਹੋ ਕੇ ਮੈਂ ਰੱਬ ਦੀ ਬੰਦਗੀ ਕੀਤੀ ਹੈ, ਜਿਸ ਕਰਕੇ ਇਹ ਸਲਾਹੁਣਯੋਗ ਹੋ ਗਈ ਹੈ ਕਿਉਂਕਿ ਜਿਸ ਕੁਲ ਵਿਚ ਪ੍ਰਭੂ ਭਗਤ ਜਨਮ ਲੈਂਦਾ ਹੈ, ਉਹ ਕੁਲ ਸੁਲੱਖਣੀ ਬਣ ਜਾਂਦੀ ਹੈ ਅਤੇ ਜਿਸ ਕੁਲ 'ਚ ਰੱਬ ਦੀ ਬੰਦਗੀ ਕਰਨ ਵਾਲਾ ਪੈਦਾ ਨਹੀਂ ਹੁੰਦਾ, ਉਹ ਕੁਲ ਢਕ ਪਲਾਹ ਨਿਕੰਮੇ ਰੁੱਖ ਵਰਗੀ ਬਿਨਾਂ ਫਲ ਤੋਂ ਹੁੰਦੀ ਹੈ।



ਇਸ ਸੰਦਰਭ ਵਿਚ ਕਬੀਰ ਜੀ ਦੇ ਕੁਲ ਤੇ ਜਾਤੀ ਅਭਿਮਾਨ ਬਾਰੇ ਸੁਚੱਜਤਾ ਭਰੇ ਵਿਚਾਰ ਹਨ ਕਿ ਮਾਂ ਦੇ ਪੇਟ ਵਿਚ ਕਿਸੇ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਕਿਸ ਕੁਲ ਦਾ ਹੈ ਜਾਂ ਉਸ ਦੀ ਜਾਤ ਕਿਹੜੀ ਹੈ? ਫਿਰ ਬ੍ਰਾਹਮਣ ਜਾਂ ਉੱਚੀ ਜਾਤ ਹੋਣ ਦਾ ਕਾਹਦਾ ਮਾਣ? ਬ੍ਰਾਹਮਣ ਜਾਂ ਉੱਚੀ ਜਾਤ ਵਾਲੇ ਦਾ ਅਤੇ ਸ਼ੂਦਰ ਦੋਵਾਂ ਦਾ ਜਨਮ ਮਾਂ ਦੇ ਪੇਟੋਂ ਹੋਇਆ, ਫਿਰ ਇਕ ਦੇ ਸਰੀਰ ਵਿਚ ਲਹੂ ਤੇ ਦੂਜੇ ਦੇ ਸਰੀਰ ਵਿਚ ਦੁੱਧ ਕਿੱਥੋਂ ਆ ਗਿਆ ਜਦੋਂ ਕਿ ਦੋਵਾਂ ਦੀ ਪੈਦਾਇਸ਼ ਦਾ ਤਰੀਕਾ ਇਕ ਹੀ ਸੀ? ਕੀ ਬ੍ਰਾਹਮਣ ਤੇ ਉੱਚੀ ਜਾਤ ਵਾਲੇ ਕਿਸੇ ਵੱਖਰੇ ਤਰੀਕੇ ਨਾਲ ਜੰਮੇ ਹਨ? ਐਵੇਂ ਜਾਤੀ ਕੁਲ ਦਾ ਹੰਕਾਰ ਕਰਕੇ ਅਨਮੋਲ ਮਨੁੱਖੀ ਜੀਵਨ ਅਜਾਈਂ ਨਹੀਂ ਗੁਆਉਣਾ ਚਾਹੀਦਾ। ਸਾਰੀ ਮਾਨਵ ਜਾਤ ਪਰਮਾਤਮਾ ਦੀ ਅੰਸ਼ ਹੈ। ਬ੍ਰਾਹਮਣ ਜਾਂ ਉੱਚੀ ਜਾਤ ਵਾਲਾ ਅਸਲ ਵਿਚ ਉਹ ਹੀ ਹੈ ਜਿਹੜਾ ਪ੍ਰਭੂ ਭਗਤੀ ਕਰਦਾ ਹੈ। ਕਬੀਰ ਜੀ ਦਾ ਇਹ ਤਰਕ-ਯੁਕਤ ਵਿਚਾਰ ਬੁਨਿਆਦੀ ਸੱਚ ਸੀ, ਜਿਸ ਨੂੰ ਅੱਜ ਤੱਕ ਕੋਈ ਨਹੀਂ ਝੁਠਲਾ ਸਕਿਆ।

ਕਬੀਰ ਜੀ ਦੀ ਵਿਚਾਰਕ ਫਿਲਾਸਫੀ ਨੂੰ ਸਮਝਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਕਬੀਰ ਜੀ ਦਾ ਇਸ਼ਟ ਰਾਮ (ਪਰਮਾਤਮਾ) ਨਿਰਵਿਕਾਰ, ਨਿਰਾਕਾਰ ਤੇ ਨਿਰੰਜਨ ਹੈ। ਕਬੀਰ ਜੀ ਦੀ ਨਿਰਗੁਣ ਉਪਾਸਨਾ ਪਰੰਪਰਾਵਾਦੀ ਬ੍ਰਹਮ ਬਿਸ਼ਨ ਮਹੇਸ਼ ਦੀ ਉਸਤਿਤੀ ਤੋਂ ਵੱਖਰੀ ਹੈ। ਇਸਲਾਮ ਇਕ ਖ਼ੁਦਾ ਵਿਚ ਯਕੀਨ ਰੱਖਦਾ ਹੈ ਪਰ ਖ਼ੁਦਾ ਦੇ ਪੈਦਾ ਕੀਤੇ ਜੀਵਾਂ ਬਾਰੇ ਭਿੰਨ-ਭੇਦ ਕਰਦਾ ਹੈ। ਹਿੰਦੂ ਧਰਮ ਵਿਚ ਪਰਮਾਮਤਾ ਦੇ ਹੀ ਅਨੇਕਾਂ ਰੂਪ ਹਨ। ਇਸ ਲਈ ਕਬੀਰ ਜੀ ਬ੍ਰਹਮ (ਇਕ ਈਸ਼ਵਰ) ਨੂੰ ਹੀ ਪਰਮਾਰਥ ਸੱਤਾ ਮੰਨਦੇ ਹਨ। ਕਬੀਰ ਜੀ ਦਾ ਬ੍ਰਹਮ ਅਖੰਡ ਹੈ, ਸਰਵ-ਸੁਭਾਏਮਾਨ ਹੈ, ਸਾਰੇ ਬ੍ਰਹਮੰਡ ਦਾ ਕਰਤਾ ਹੈ। ਇਹ ਸੱਚ ਸਰੂਪ ਸਦੈਵ ਕਾਲ ਸਥਿਰ ਹੈ। ਕਬੀਰ ਜੀ ਦੇ ਇਸ ਬ੍ਰਹਮ ਦਾ ਉਪਨਿਸ਼ਦਾਂ 'ਚ ਵਰਨਣ ਮਿਲਦਾ ਹੈ, ਜਿਸ ਨੂੰ ਕਬੀਰ ਜੀ ਨੇ ਮੌਲਿਕ ਰੂਪ 'ਚ ਪੇਸ਼ ਕੀਤਾ ਹੈ। ਪਰਮਾਤਮਾ ਵਲੋਂ ਬਖਸ਼ੀ ਦਿਬ-ਦ੍ਰਿਸ਼ਟੀ ਦੇ ਕਾਰਨ ਹੋਰਨਾਂ ਮਜ਼ਹਬਾਂ ਤੇ ਕਬੀਰ ਜੀ ਦੇ ਨਜ਼ਰੀਏ ਵਿਚ ਇਹ ਹੀ ਫ਼ਰਕ ਹੈ। ਕਬੀਰ ਜੀ ਦੀ ਨਿਗ੍ਹਾ ਵਿਚ ਕਿਸੇ ਵੀ ਮਜ਼ਹਬ ਬਾਰੇ ਵਿਤਕਰਾ, ਪੱਖਪਾਤ ਜਾਂ ਨਿਰਾਦਰੀ ਦਾ ਕੋਈ ਭਾਵ ਨਹੀਂ ਸੀ।

ਪਰ ਕਬੀਰ ਜੀ ਦਾ ਨਿਰਗੁਣ ਪਰਮਾਤਮਾ ਦੀ ਭਗਤੀ 'ਚ ਵਿਸ਼ਵਾਸ ਹੋਣ ਕਰਕੇ ਉਨ੍ਹਾਂ ਨੇ ਆਪਣੇ ਆਲੋਚਕਾਂ ਵੱਲ ਧਿਆਨ ਹੀ ਨਹੀਂ ਦਿੱਤਾ। ਕਹਿੰਦੇ ਨੇ ਝੂਠ ਆਪਣੀ ਮੌਤੇ ਆਪ ਮਰ ਜਾਂਦਾ ਹੈ ਅਤੇ ਸੱਚ ਨੂੰ ਕੋਈ ਆਂਚ ਨਹੀਂ ਆਉਂਦੀ। ਕਬੀਰ ਜੀ ਦਾ ਬੁਨਿਆਦੀ ਸੱਚ ਨਾਲ ਨਾਤਾ ਹੋਣ ਕਰਕੇ ਨਿੰਦਕ ਡੁੱਬ ਗਏ। ਕਬੀਰ ਜੀ ਤਰ ਗਏ। ਉਨ੍ਹਾਂ ਨੇ ਆਪਣੇ ਸਮੇਂ ਵਿਚ ਜਾਤ-ਪਾਤ ਦਾ ਵਿਰੋਧ ਕਰਦਿਆਂ ਅਤੇ ਸਮਾਜਿਕ ਨਿਆਂ 'ਤੇ ਪਹਿਰਾ ਦਿੰਦਿਆਂ ਭਾਰਤੀ ਸਮਾਜ ਵਿਚ ਨਵੀਆਂ ਨਰੋਈਆਂ ਕਦਰਾਂ-ਕੀਮਤਾਂ ਦਾ ਸੰਚਾਰ ਕੀਤਾ।

ਭਗਤ ਕਬੀਰ ਦੀ ਬਾਣੀ ਦੇ ਕੁਝ ਅੰਸ਼ :

1. ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ

2. ਲੋਗਾ ਭਰਮਿ ਨ ਭੂਲਹੁ ਭਾਈ
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ

3. ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ੨

4. ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ
ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ੮੨

5. ਨਿਰਧਨ ਆਦਰੁ ਕੋਇ ਨਾ ਦੇਇ
ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ ੧ ਰਹਾਉ

ਕਬੀਰ ਜੀ ਦੇ ਇਲਾਹੀ ਬਚਨ 'ਅਬ ਤਉ ਜਾਇ ਚਢੇ ਸਿੰਘਾਸਿਨ, ਮਿਲੇ ਹੈ ਸਾਰਿੰਗਪਾਨੀ ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ' ਨੂੰ ਅਪਣਾ ਕੇ ਆਪਣਾ ਮਨੁੱਖਾ ਜਨਮ ਸੰਵਾਰਨ ਦਾ ਯਤਨ ਕਰੀਏ।

ਅਮਰ ਸਿੰਘ ਕੈਲੇ

# ਬੇਸਹਾਰਿਆਂ ਦੇ ਮਸੀਹਾ 'ਭਗਤ ਪੂਰਨ ਸਿੰਘ ਜੀ'

**ਜਨਮ ਦਿਨ 'ਤੇ ਵਿਸ਼ੇਸ਼**

20ਵੀਂ ਸਦੀ ਵਿੱਚ ਮਾਨਵਤਾ ਦੇ ਭਲੇ ਹਿੱਤ, ਮਹਾਨ ਦਾਰਸ਼ਨਿਕ, ਬੇਸਹਾਰਿਆਂ ਦੇ ਮਸੀਹਾ ਭਗਤ ਪੂਰਨ ਸਿੰਘ ਦਾ ਜਨਮ 4 ਜੂਨ 1904 ਵਿੱਚ ਰਾਜੇਵਾਲ ਰੋਹਣੋਂ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ਼੍ਰੀ. ਸ਼ਿੱਬੂ ਮੱਲ ਅਤੇ ਮਾਤਾ ਮਹਿਤਾਬ ਕੌਰ ਦੇ ਘਰ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਸੇਵਾ ਕਰਨ ਦਾ ਸ਼ੌਂਕ ਸੀ। ਘਰ 'ਚ ਗਰੀਬੀ ਕਰਕੇ ਪੜ੍ਹਾਈ ਵਿਚਾਲੇ ਹੀ ਛੱਡਣੀ ਪਈ ਅਤੇ ਨੌਕਰੀ ਦੀ ਭਾਲ ਵਿੱਚ ਮਾਤਾ ਨਾਲ ਲਾਹੌਰ ਜਾਣਾ ਪਿਆ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਭਗਤ ਪੂਰਨ ਸਿੰਘ ਬਿਨ੍ਹਾਂ ਤਨਖਾਹ ਤੋਂ ਸੇਵਾ ਕਰਨ ਲੱਗੇ। ਭਗਤ ਪੂਰਨ ਸਿੰਘ ਦਾ ਬਚਪਨ ਦਾ ਨਾਂ 'ਰਾਮ ਜੀ ਦਾਸ' ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕੀਤੀ ਨਿਸ਼ਕਾਮ ਸੇਵਾ ਅਤੇ ਲਾਚਾਰ ਤੇ ਲਾਵਾਰਸ ਰੋਗੀਆਂ ਦੀ ਸੇਵਾ ਸੰਭਾਲ ਨੇ ਉਨ੍ਹਾਂ ਨੂੰ ਰਾਮ ਜੀ ਦਾਸ ਤੋਂ 'ਪੂਰਨ ਸਿੰਘ' ਬਣਾ ਦਿੱਤਾ।



ਭਗਤ ਪੂਰਨ ਸਿੰਘ ਨੇ ਮਨੁੱਖਤਾ ਦੀ ਸੇਵਾ ਦਾ ਮੁੱਢ ਸੰਨ 1934 ਈ: ਵਿੱਚ ਇੱਕ ਚਾਰ ਸਾਲ ਦੇ ਬੱਚੇ (ਪਿਆਰਾ ਸਿੰਘ) ਦੀ ਸੇਵਾ ਤੋਂ ਸ਼ੁਰੂ ਕੀਤਾ। ਇਸ ਅਪਾਹਜ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਡਿਓੜ੍ਹੀ ਅੱਗੇ ਕੋਈ ਚੋਰੀ ਛੱਡ ਗਿਆ ਸੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰਕੇ ਆਖਿਆ, "ਪੂਰਨ ਸਿੰਘ! ਤੂੰ ਹੀ ਅੱਜ ਤੋਂ ਇਸ ਬੱਚੇ ਦੀ ਸੇਵਾ-ਸੰਭਾਲ ਕਰ।" ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿੱਬੜਿਆ ਜਿਸ ਕਰਕੇ ਉਸ ਦਾ ਨਾਂ ਪਿਆਰਾ ਸਿੰਘ ਹੋ ਗਿਆ।

ਜਦੋਂ ਦੇਸ਼ ਦੀ ਵੰਡ ਹੋਈ ਤਾਂ ਭਗਤ ਪੂਰਨ ਸਿੰਘ ਉਸ ਅਪਾਹਜ ਬੱਚੇ ਨੂੰ 18 ਅਗਸਤ 1947 ਈ: ਨੂੰ ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਲੈ ਕੇ ਪਹੁੰਚੇ। ਉਸ ਕੈਂਪ ਵਿੱਚ ਹਜ਼ਾਰਾਂ ਮਰਦ, ਔਰਤਾਂ ਬੱਚੇ ਸਨ। ਅਪਾਹਜਾਂ ਦੀ ਸੇਵਾ-ਸੰਭਾਲ, ਕੱਪੜੇ ਧੋਣ ਅਤੇ ਉਨਾਂ ਲਈ ਪ੍ਰਸ਼ਾਦੇ ਮੰਗ ਕੇ ਲਿਆਉਂਦੇ ਸਨ ਤੇ ਸਭ ਨੂੰ ਵਰਤਾਉਂਦੇ। ਇੱਥੋਂ ਤੱਕ ਕਿ ਆਪਣੇ ਹੱਥਾਂ ਨਾਲ ਉਨ੍ਹਾਂ ਦੇ ਮੂੰਹ ਵਿੱਚ ਬੁਰਕੀਆਂ ਵੀ ਪਾਉਂਦੇ ਸਨ। ਇਕੱਲੇ ਭਗਤ ਪੂਰਨ ਸਿੰਘ ਨੇ ਇਹ ਸੇਵਾ ਨਿਭਾਈ।

1949 ਤੋਂ 1958 ਈ: ਤੱਕ ਫੁੱਟਪਾਥਾਂ, ਰੁੱਖਾਂ ਦੀ ਛਾਂਵੇਂ ਅਤੇ ਲਵਾਰਿਸਾਂ ਅਤੇ ਪੀੜਤ ਲੋਕਾਂ ਦੀ ਸੇਵਾ-ਸੰਭਾਲ ਕੀਤੀ। 1958 ਵਿੱਚ ਅੰਮ੍ਰਿਤਸਰ ਵਿਖੇ ਥਾਂ ਮੁੱਲ ਖ਼ਰੀਦ ਕੇ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ, ਜਿੱਥੇ ਮਾਨਸਿਕ ਅਤੇ ਲਵਾਰਿਸ ਰੋਗੀਆਂ, ਅਪਾਹਜਾਂ ਅਤੇ ਬਜ਼ੁਰਗਾਂ ਦੀ ਸੇਵਾ ਸੰਭਾਲ ਕੀਤੀ ਜਾਣ ਲੱਗ ਪਈ। ਇਹ ਆਸ਼ਰਮ ਜੋ ਕੁਝ ਕੁ ਮਰੀਜ਼ਾਂ ਨੂੰ ਲੈ ਕੇ ਭਗਤ ਪੂਰਨ ਸਿੰਘ ਜੀ ਨੇ ਬੀਜ ਰੂਪ ਵਿੱਚ ਸ਼ੁਰੂ ਕੀਤਾ, ਅੱਜ 1700 ਤੋਂ ਵੱਧ ਮਰੀਜ਼ ਜਿਨ੍ਹਾਂ ਵਿੱਚ ਔਰਤਾਂ, ਬੱਚੇ ਤੇ ਬੁੱਢੇ ਸ਼ਾਮਲ ਹਨ, ਲਈ ਘਰ ਵਰਗੇ ਸੁੱਖਾਂ ਦਾ ਸਾਧਨ ਬਣਿਆ ਹੋਇਆ ਹੈ।

ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ਇਹ ਪਿੰਗਲਵਾੜਾ ਬੱਸ ਸਟੈਂਡ ਦੇ ਨਜ਼ਦੀਕ ਚੱਲ ਰਿਹਾ ਹੈ। ਇਸ ਦੇ ਬਾਨੀ ਭਗਤ ਪੂਰਨ ਸਿੰਘ ਨੂੰ ਭਾਵੇਂ ਬਹੁਤ ਮੁਸ਼ਕਲਾਂ ਆਈਆਂ ਪਰ ਉਹ ਆਪਣੇ ਮਿਸ਼ਨ ਵਿੱਚ ਸਫਲ ਹੋਏ।

ਪਿੰਗਲਵਾੜੇ ਸੰਸਥਾ ਵੱਲੋਂ ਭਗਤ ਪੂਰਨ ਸਿੰਘ ਆਦਰਸ਼ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਆਦਰਸ਼ ਸਕੂਲ ਬੁੱਟਰ ਕਲਾਂ ਕਾਦੀਆਂ, ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ, ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਆਦਿ ਵਿਖੇ ਮੁਫ਼ਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

ਭਗਤ ਪੂਰਨ ਸਿੰਘ ਦੀਆਂ ਜੀਵਨ ਘਾਲਨਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ ਘਰ ਪਿੰਗਲਵਾੜਾ ਵਿਖੇ ਸਥਾਪਿਤ ਕੀਤਾ ਗਿਆ ਹੈ। ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਤੇ ਪਿੰਡ ਰਾਜੇਵਾਲ ਵਿਖੇ 'ਭਗਤ ਪੂਰਨ ਸਿੰਘ ਸਮਾਰਕ' ਦਾ ਨਿਰਮਾਣ ਹੋ ਚੁੱਕਾ ਹੈ।

ਪਿੰਗਲਵਾੜਾ (ਅੰਮ੍ਰਿਤਸਰ) ਦੇ ਨਜ਼ਦੀਕ 'ਭਗਤ ਪੂਰਨ ਸਿੰਘ ਯਾਦਗਾਰੀ ਗੇਟ' ਉਸਾਰਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ 'ਭਗਤ ਪੂਰਨ ਸਿੰਘ ਚੇਅਰ' ਦੀ ਸਥਾਪਨਾ ਕੀਤੀ ਗਈ ਹੈ। ਭਾਰਤ ਸਰਕਾਰ ਵੱਲੋਂ 10 ਦਸੰਬਰ 2004 ਨੂੰ ਭਗਤ ਪੂਰਨ ਸਿੰਘ ਜੀ ਦੀ ਇੱਕ ਡਾਕ-ਟਿਕਟ ਦਿੱਲੀ ਵਿਖੇ ਰਿਲੀਜ਼ ਕੀਤੀ ਗਈ ਹੈ।

ਭਗਤ ਪੂਰਨ ਸਿੰਘ ਨੇ ਬੇਸਹਾਰੇ ਅਤੇ ਅਪਾਹਜਾਂ ਤੇ ਕੋਹੜ ਰੋਗੀਆਂ ਦੀ ਭਲਾਈ ਲਈ ਜੋ ਉੱਦਮ ਕੀਤਾ ਉਹ ਮਦਰ ਟੈਰੇਸਾ ਦੇ ਭਲਾਈ ਦੇ ਕੰਮਾਂ ਤੋਂ ਘੱਟ ਨਹੀਂ ਹੈ। ਭਗਤ ਪੂਰਨ ਸਿੰਘ ਨੂੰ 1981 'ਚ ਪਦਮਸ਼੍ਰੀ ਐਵਾਰਡ, 1990 'ਚ ਹਾਰਮਨੀ ਐਵਾਰਡ, 1991 'ਚ ਲੋਕ ਰਤਨ ਐਵਾਰਡ ਪ੍ਰਾਪਤ ਹੋਏ। ਭਾਈ ਘਨੱਈਆ ਐਵਾਰਡ ਕਮੇਟੀ ਵੱਲੋਂ ਪਹਿਲਾਂ 'ਭਾਈ ਘਨੱਈਆ ਐਵਾਰਡ' ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਨੂੰ ਸੱਚ-ਖੰਡ ਪਿਆਨਾ ਕਰਨ ਉਪਰੰਤ 4 ਅਕਤੂਬਰ 1995 ਨੂੰ ਦਿੱਤਾ ਗਿਆ ਜੋ ਡਾ. ਇੰਦਰਜੀਤ ਕੌਰ ਮੌਜੂਦਾ ਮੁਖੀ ਨੇ ਪ੍ਰਾਪਤ ਕੀਤਾ।

ਕਰਨੈਲ ਸਿੰਘ ਐੱਮ. ਏ.

# ਸਹਾਦਤ ਸੰਗ ਸੁਰਤਿ ਦੇ ਜਲਾਲ 'ਸ੍ਰੀ ਗੁਰੂ ਅਰਜਨ ਦੇਵ ਜੀ



ਸ੍ਰੀ ਗੁਰੂ ਅਰਜਨ ਦੇਵ ਜੀ (1563-1606) ਦੇ ਜੀਵਨ ਵਿਚੋਂ ਇਨ੍ਹਾਂ ਦੀ ਬ੍ਰਹਮ ਗਿਆਨੀ, ਨਿਮਰਤਾ, ਸੇਵਾ, ਪਰਉਪਕਾਰ ਅਤੇ ਆਗਿਆਕਾਰੀ ਸ਼ਖ਼ਸੀਅਤ ਦਾ ਪ੍ਰਗਟਾਵਾ ਹੁੰਦਾ ਹੈ। ਇਨ੍ਹਾਂ ਗੁਣਾਂ ਸਦਕਾ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਇਨ੍ਹਾਂ ਨੂੰ ਗੁਰਗੱਦੀ 'ਤੇ ਸਥਾਪਤ ਕੀਤਾ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੇ ਘਰ ਗੋਇੰਦਵਾਲ ਸਾਹਿਬ ਵਿਖੇ ਹੋਇਆ ਸੀ। ਇਹ ਨਗਰ ਮੌਜੂਦਾ ਤਰਨਤਾਰਨ ਜ਼ਿਲੇ ਵਿਚ ਸਥਿਤ ਹੈ। ਇਨ੍ਹਾਂ ਦੇ ਦੋ ਵੱਡੇ ਭਰਾ ਸਨ - ਪ੍ਰਿਥੀ ਚੰਦ (ਜ. 1558) ਅਤੇ ਮਹਾਂਦੇਵ (ਜ. 1560)। ਇਨ੍ਹਾਂ ਵਿਚੋਂ ਪ੍ਰਿਥੀ ਚੰਦ ਗੁਰੂ-ਘਰ ਆਉਣ ਵਾਲੀ ਸੰਗਤ ਦੇ ਸਮੂਹ ਕਾਰਜ ਕਰਿਆ ਕਰਦੇ ਸਨ, ਜਿਨ੍ਹਾਂ ਵਿਚ ਆਉਣ ਵਾਲੀ ਸੰਗਤ ਲਈ ਪ੍ਰਸ਼ਾਦੇ-ਪਾਣੀ ਅਤੇ ਅਰਾਮ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਜਾਣ ਵਾਲੀ ਸੰਗਤ ਨੂੰ ਸਨਮਾਨ ਪੂਰਬਕ ਵਿਦਾ ਕਰਿਆ ਕਰਦੇ ਸਨ। ਮਹਾਂਦੇਵ ਜੀ ਵਿਰਕਤੀ ਸੁਭਾਅ ਦੇ ਮਾਲਕ ਹੋਣ ਕਰ ਕੇ ਦੁਨੀਆਦਾਰੀ ਦੇ ਮਸਲਿਆਂ ਤੋਂ ਦੂਰ ਰਹਿ ਕੇ ਭਜਨ-ਬੰਦਗੀ ਵਿਚ ਜੀਵਨ ਬਸਰ ਕਰਦੇ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਪਿਤਾ-ਸ੍ਰੀ ਗੁਰੂ ਰਾਮਦਾਸ ਜੀ ਦੇ ਆਗਿਆਕਾਰ ਰਹਿ ਕੇ ਗੁਰਮਤਿ ਆਸ਼ੇ ਅਨੁਸਾਰ ਜੀਵਨ ਬਸਰ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਗਿਆਕਾਰੀ ਸੁਭਾਅ ਦੀ ਸਭ ਤੋਂ ਪ੍ਰਸਿੱਧ ਮਿਸਾਲ ਉਸ ਸਮੇਂ ਦੇਖਣ ਨੂੰ ਮਿਲਦੀ ਹੈ, ਜਦੋਂ ਲਾਹੌਰ ਤੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਤਾਏ ਦਾ ਪੁੱਤਰ ਸਹਾਰੀਮੱਲ ਆਪਣੇ ਪੁੱਤਰ ਦੇ ਵਿਆਹ ਦਾ ਸੱਦਾ ਦੇਣ ਆਇਆ। ਇਸ ਨੇੜਲੀ ਰਿਸ਼ਤੇਦਾਰੀ ਵਿਚੋਂ ਆਏ ਸੱਦੇ ਅਨੁਸਾਰ ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਜਾਣ ਲਈ ਕਿਹਾ ਪਰ ਉਸ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਇਸ ਸੰਬੰਧੀ ਜਦੋਂ ਸ੍ਰੀ (ਗੁਰੂ) ਅਰਜਨ ਦੇਵ ਜੀ ਨੂੰ ਕਿਹਾ ਗਿਆ ਤਾਂ ਪਿਤਾ-ਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਜਾਣ ਲਈ ਤਿਆਰ ਹੋ ਗਏ।

1581 ਵਿਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਸੌਂਪ ਦਿੱਤੀ ਸੀ। ਘਰ ਵਿਚ ਸਭ ਤੋਂ ਛੋਟਾ ਸਪੁੱਤਰ ਹੋਣ ਦੇ ਬਾਵਜੂਦ ਵੀ ਇਨ੍ਹਾਂ ਨੂੰ ਗੁਰਗੱਦੀ ਸੌਂਪਣਾ ਇਸ ਗੱਲ ਦਾ ਪ੍ਰਤੀਕ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਪਿਤਾ-ਪੁਰਖੀ ਅਧਿਕਾਰ ਵਜੋਂ ਨਹੀਂ ਬਲਕਿ ਗੁਰਮਤਿ ਭਾਵਨਾ ਗ੍ਰਹਿਣ ਕਰਨ ਨਾਲ ਪ੍ਰਾਪਤ ਹੁੰਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ 18 ਸਾਲ ਦੀ ਉਮਰ ਵਿਚ ਗੁਰਗੱਦੀ 'ਤੇ ਸੁਭਾਇਮਾਨ ਹੋਏ ਸਨ ਅਤੇ 26 ਸਾਲ ਦੀ ਉਮਰ ਵਿਚ ਇਨ੍ਹਾਂ ਦਾ ਵਿਆਹ ਮਉ ਪਿੰਡ ਦੀ ਵਸਨੀਕ ਬੀਬੀ ਗੰਗਾ ਜੀ ਨਾਲ ਹੋਇਆ ਸੀ। ਪੰਥ ਵਿਚ ਇਨ੍ਹਾਂ ਨੂੰ ਮਾਤਾ ਗੰਗਾ ਜੀ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਵਿਚ ਦਸਵੰਧ ਦੀ ਪ੍ਰਥਾ ਅਰੰਭ ਕੀਤੀ ਸੀ, ਜਿਸ ਨਾਲ ਗੁਰਮਤਿ ਪ੍ਰਚਾਰ ਅਤੇ ਪ੍ਰਸਾਰ ਨੂੰ ਇਕ ਨਵੀਂ ਦਿਸ਼ਾ ਮਿਲੀ ਸੀ। ਗੁਰਮਤਿ ਦੇ ਵਿਕਾਸ ਲਈ ਗੁਰੂ ਜੀ ਨੇ ਜਿਹੜੇ ਪ੍ਰਮੁਖ ਕਾਰਜ ਕੀਤੇ, ਇਸ ਪ੍ਰਕਾਰ ਹਨ:

Drones with facial recognition software are already a reality. In 2023, the US Department of Defense awarded a contract to develop drones that use machine learning and facial recognition to identify human targets for special operations forces. China is the leader in facial recognition technology and a dominant force in drone technology. There is no doubt that the two technologies have been combined for military purposes.

Experts have long warned that when a foreign adversary's equipment is embedded within national infrastructure, it may carry hidden "kill switches" capable of disabling critical systems. Like other countries, India has heavily relied on cost-effective Chinese-made routers, switches and industrial control systems to build its cellular networks and power grid, thereby creating a potential vulnerability.

In April 2022, US cybersecurity firm Recorded Future revealed that Chinese state-sponsored hackers had targeted India's power grids in Ladakh. In October 2020, malware deployed by Chinese group RedEcho caused a power outage in Mumbai, which halted trains, shut down stock markets and hit hospitals for 10 to 12 hours.

So, can these technologies be weaponised at scale to unleash mass destruction and disruption? Orchestrating a multi-pronged cyberassault synchronised with a conventional military offensive would demand an extraordinary level of operational sophistication. It implies that well before the conflict turned kinetic, the adversary would have infiltrated supply chains, weaponised key systems, mapped targets and deployed AI to minimise the need for human control.

This degree of sophistication is far beyond the reach of private hacking groups but well within the grasp of state actors like China, whose cyber capabilities are both advanced and expansive. It is not a question of if such planning is underway but how far along it already is.

In February 2024, then FBI Director Christopher Wray confirmed that China has "offensive weapons within our critical infrastructure poised to attack whenever Beijing decides the time is right." Then, US federal agencies warned that Chinese hackers have, at times, "secretly" hidden in US infrastructure for up to five years, ready to conduct a disruptive or destructive cyberattack. It would be naïve to assume that India's critical infrastructure is not already the target of silent infiltration and strategic compromise.

The conflict scenario described in 'The AI Battlefield' could appear exaggerated, but it lies uncomfortably close to reality. It also challenges Clausewitz's classical ontology of war -- where combat once played out on defined battlefields, it now unfolds through invisible networks of code and compromised infrastructure. Preparing for such a war will require not only military readiness but also a national response, which includes rigorous supply chain vetting, the phased removal of foreign hardware from critical systems and investment in indigenous technologies.

***Lt Gen DS Hooda (retd)***

# Heatwave hijacked: Freak weather conditions in Punjab impact agriculture



Almost a fortnight ago, Jasbir Singh, a farmer from Nalas village in Rajpura, was standing in his fields when a thick cloud cover suddenly turned into a fierce hailstorm. He barely managed to reach a nearby shelter. Minutes later, the sun was shining brightly. What's remarkable is that except for Nalas and a few nearby villages, the entire Patiala district experienced no rain or clouds.

Remember, we are in June, right in the heart of Punjab's scorching summer, where the northern Indo-Gangetic plain typically bakes under intense heat, with temperatures soaring as high as 45 degrees Celsius in the shade.

This unusual weather pattern is not an isolated incident. Punjab has been witnessing extreme weather conditions, with four severe thunderstorms, freak rain spells, and cool mornings and nights that feel like autumn. The weather has been changing rapidly, sometimes within the same 24 hours, dropping from 40 to 23 degrees Celsius and back again.

According to the India Meteorological Department (IMD), Punjab received 35.5 mm of rainfall from May 1 to 25, a surplus of 135 per cent compared to the long-period average of 14.3 mm. This unusual weather pattern has been noticeable throughout the year. In January, Punjab experienced its warmest January in six years, with daytime temperatures higher than usual.

The May thunderstorms have caused significant damage, uprooting over 500 trees across many districts and affecting the state's already diminishing green cover. The Punjab State Power Corporation Limited has suffered losses of Rs 20 crore due to high-velocity winds. Even solar panels installed on rooftops were damaged or blown away.

Thunderstorms are expected in the first week of June, typically the hottest summer month. Notably, last summer experienced 12 heatwave days, whereas this year hasn't seen any yet.

Experts warn that climate change is likely to impact crop productivity and agricultural patterns. The Indian Council of Agricultural Research (ICAR) is working with farmers to understand the impact of climate change on crops. Research by scientists at Punjab Agricultural University (PAU) has highlighted the potential risks of rising temperatures on crops and forest plantations.

Kesar Singh Bhangoo, former professor of economics and ex-Dean, Punjabi University, Patiala, emphasises the need for in-depth studies to examine the impact of changing weather conditions. "Crop yield and productivity will undoubtedly suffer due to unexpected weather patterns like cloudbursts and hailstorms in May," says Bhangoo. However, there is hope. ICAR is working with farmers to understand the impact of climate change on crop productivity.

Recent research by scientists at PAU has highlighted the potential risks of climate change on crops and forest plantations. Specifically, over 16,000 sq km across six districts in the Kandi belt, stretching from Ropar to Pathankot, are expected to be severely impacted by rising temperatures. Experts warn that agriculture, particularly wheat and paddy crops, will be adversely affected by climate change, leading to increased evaporation, heavy rainfall, and disruptions in agricultural patterns due to ozone concentration.

# One dead, 10 injured in AC compressor blast at Nawanshahr gurdwara




In a tragic incident at a gurdwara in Nawanshahr's Balachaur subdivision, an explosion in the compressor of an air conditioner claimed one life and left 10 others injured.

The deceased has been identified as 62-year-old Kashmir Kaur. 60-year-old Baljeet Kaur, who sustained severe injuries, was referred to PGI, while the others are reported to be out of danger.

The explosion happened around 1 pm when a large number of devotees had gathered at the gurdwara. The blast caused panic, and people started running. Devotees from Ropar, Ludhiana, Garhshankar, and other areas were present when the incident occurred.

The police arrived at the scene and initiated an investigation. One of the injured women described the blast, saying, "Smoke started emanating immediately after the explosion and spread everywhere. We couldn't even understand what had happened."

# Punjab Cabinet waives loan worth Rs 67 crore of 4,750 Dalit families



The Punjab Cabinet on Tuesday approved a loan waiver for 4,750 Dalit families who had availed loans from the Punjab Scheduled Castes Land Development and Finance Corporation.

Loans worth Rs 67 crore taken by Dalit families have been waived off, said Chief Minister Bhagwant Mann after a Cabinet meeting.

These families had been running from pillar to post for many years to get a loan waiver, as they were unable to repay the loans, Mann said, adding that previous governments had failed to address their "genuine" problems.

It may be mentioned that the loan waiver for these Dalit families had been announced by the Finance Minister, Harpal Cheema, in March this year, when he presented his Budget estimates for 2025-26.Cheema, who was accompanying the Chief Minister for the media briefing after the Cabinet meeting, said that the loan repayment rate in the Punjab Scheduled Castes Land Development Corporation was over 84 per cent.

# Pakistani woman's wait for long-term visa nears end



Amidst cross-border tensions, the Punjab and Haryana High Court has directed the competent authority at the Centre to decide within three weeks the application of a Pakistani woman seeking a long-term visa to stay in India with her husband.

The couple, who had solemnised marriage in India, was caught in a maze of paperwork, with their future hanging in limbo.

The woman's husband Sonu Masih, under the circumstances, approached the court through counsel Jatinder Singh Gill, alleging "indolent and lackadaisical approach" by the authorities concerned in processing her application pending since July 2024.

In his petition placed before Justice Kuldeep Tiwari's Bench, the husband was seeking directions to the Union of India and other respondents to consider the application, dated July 11 last year submitted by his wife for the grant of long-term visa "and to decide the same most expeditiously".

Referring to the contentions raised in the petition, Justice Tiwari observed: "Now indolent and lackadaisical approach of the competent respondent amongst the respondents in not deciding his application propelled him to file the instant petition for seeking mandamus upon the authority concerned".

As the matter came up for hearing, Justice Tiwari issued notice of motion to the respondents, which was accepted by advocate Saigeeta Srivastava while assisting Additional Solicitor-General of India Satya Pal Jain.

He, in turn, submitted that he would have no objection in case the high court passes a direction for deciding the application in a time-bound manner.

"At this stage, this court deems it apt to dispose of the instant petition with a mandamus upon competent respondent, amongst the respondents, to consider the application and make an endeavour to decide the same within three weeks from passing of the order," Justice Tiwari concluded.

# World Environment Day: PM Modi to launch project to restore degraded land in Aravalli Range



On World Environment Day, Prime Minister Narendra Modi will take the 'Ek Ped Maa ke Naam' campaign ahead by launching a project to restore the degraded land of the Aravalli mountain range.

On June 5, he will plant saplings in the ridge area in South Delhi, a part of the Aravalli, sources said.

According to the officials in the Union Environment Ministry, in the second edition of 'Ek Ped Maa Ke Naam' campaign, the Centre has planned to restore the degraded areas in Aravallis — one of the oldest mountain ranges in the world whose extent stretches 700 km across the states of Delhi, Haryana, Rajasthan and Gujarat.

"Over 1,000 nurseries will be created in the Aravalli mountain range. There are 22 wildlife sanctuaries, national parks and sanctuaries in the mountain ranges. This includes Asola Bhati (Delhi), Ranthambore, Sariska and Ramgarh Vishdhari tiger reserves (Rajasthan). Aravalli is an important source of water for the Indo-Gangetic plain. So the plan is to improve the water catchment areas of the mountain range," official sources said.

The chief ministers of all the four states will also participate in the campaign. It was originally launched in June 2024, under which 109 crore saplings were planted across the country.

Recently, the Divisional Forest Officers of 29 districts in the four states were instructed by the ministry to develop a new management plan for the restoration of Aravalli mountain range.

"Since Delhi suffers due to pollution, saplings of the indigenous species like babool, bel pater will be planted. This will create a green belt in the national capital, which will curb pollution. Likewise, local species will be planted in all the four states," sources said.

# Impeachment motion against Justice Yashwant Varma in next Parliament session: Govt sources






The government will bring an impeachment motion against Justice Yashwant Varma in Parliament's next session and will seek to build an all-party consensus for action against the Allahabad High Court judge embroiled in a case of suspected corruption.

Government sources said on Tuesday that Parliamentary Affairs Minister Kiren Rijiju will be speaking to leaders of different parties to get them on board for the impeachment motion against the judge following his indictment by a three-member committee constituted by the then Chief Justice of India Sanjiv Khanna.

A fire incident at Varma's residence in the national capital in March this year when he was a judge at the Delhi High Court had led to the discovery of sacks of cash in the outhouse.

Though the judge claimed innocence, the Supreme Court-appointed committee indicted him.

Justice Varma, who was transferred to the Allahabad High Court during the controversy, was nudged to resign but has refused, prompting Khanna to write to the President and the Prime Minister to take measures for his removal.

# 34 dead in Northeast floods: PM speaks to Assam, Sikkim CMs and Manipur Governor



Prime Minister Narendra Modi on Tuesday spoke with Assam Chief Minister Himanta Biswa Sarma, Sikkim Chief Minister Prem Singh Tamang, and Manipur Governor Ajay Bhalla regarding the situation caused by heavy rainfall and flooding in the region.

He assured full assistance and support to state authorities in addressing the flood situation.

Following the conversation, Assam CM Himanta Biswa Sarma said the Prime Minister called to inquire about the current flood situation in Assam.

"I briefed him on how continuous rainfall in Assam and adjoining states has led to flooding and impacted many lives. I also apprised him of the relief operations under-taken by the state government," Sarma said on X.

The Assam Chief Minister added that PM Modi expressed concern and assured full support from the Central Government for the state's relief and rehabilitation efforts.

At least 34 people have died in the floods across the northeastern region. The floods have also triggered landslides, with the weather department predicting continued rain in the area.

# 'Thug Life' will not be released in Karnataka on June 5, Kamal Haasan tells court



Movie 'Thug Life' will not be released in Karnataka on June 5, the scheduled date for the pan-India release of the much anticipated movie, Kamal Haasan informed the Karnataka High Court on Tuesday.

The court posted to June 10 the hearing on his plea seeking adequate security at theatres planning to screen it in the state amidst the Karnataka Film Chamber of Commerce (KFCC) boycott.

Justice M Nagaprasanna noted that the producers of the movie have said that they are not willing to screen the movie in Karnataka, unless there is a dialogue or a trialogue involving the KFCC.

The court also strongly criticised Haasan for his recent remark suggesting that "Kannada was born out of Tamil", and observed that a "single apology could have resolved the situation".

The remark, reportedly made by Haasan at a promotional event in Chennai for his upcoming Tamil film 'Thug Life', sparked a backlash in Karnataka, prompting the KFCC to announce that the film would not be screened in the state unless Haasan apologised.

In response, Raajkamal Films International—the production company co-founded by Haasan—filed a plea before the High Court seeking protection for the film's release.

# Majority of Indian travellers choosing sustainable tourism: Report



A majority of Indian travellers are willing to travel sustainably by opting for greener transport and reducing waste, in the next 12 months, according to online travel agency (OTA) Booking.com's report on Tuesday.

The 10th edition of Booking.com's 'Travel & Sustainability Report 2025' revealed that Indian travellers are becoming more mindful of their individual impact, with 87 per cent of respondents willing to travel sustainably in the next 12 months.

Over 52 per cent of respondents plan to use greener transport, 51 per cent aim to reduce waste, and 50 per cent will focus on energy savings, with 45 per cent also committed to reducing water usage during their trips, it said.

Beyond operational aspects, conscious choices around wildlife and food are gaining traction as 48 per cent intend to avoid wildlife-harming activities, 49 per cent prioritise sustainable stays, and 49 per cent are willing to make more mindful food choices, it added.

"Indian travellers are demonstrating a clear and growing commitment to sustainable travel — not just in their intentions, but in their actions.

"From opting for greener transport and reducing waste, to actively seeking accommodations with credible sustainability credentials, Indians today are looking to make a meaningful difference," Santosh Kumar, country manager for India, Sri Lanka, Maldives and Indonesia at Booking.com, said.

The report is based on an online survey in January 2025 and was conducted among a sample of 32,000 respondents across 34 countries and territories, including 1,000 participants from India.

Further, the report revealed that Indian travellers want to actively filter their travel bookings for sustainability — 75 per cent for tours and activities, 74 per cent for accommodations, 72 per cent for rental cars and 69 per cent for flights.

Around 71 per cent believed that all travel platforms should use consistent sustainability labels, while 72 per cent expressed that they would feel better about flying if the flight had lower emissions, it stated.

At least 61 per cent of Indian travellers perceive certified sustainable options as potentially more expensive, but there is a clear willingness to choose greener alternatives when presented, the report said.

When offered more sustainable options on a travel website, 29 per cent are most likely to choose more sustainable accommodation, followed by tours/activities (26 per cent), electric or hybrid rental cars (15 per cent), lower emission flights (14 per cent), and electric or hybrid taxis (14 per cent), it added.

# A sandy surprise: A colossal cloud of Sahara dust envelops Caribbean



A massive cloud of dust from the Sahara Desert blanketed most of the Caribbean on Monday in the biggest event of its kind this year as it heads toward the US.

The cloud extended some 3,200 km from Jamaica to well past Barbados in the eastern Caribbean and some 1,200 km from the Turks and Caicos Islands in the northern Caribbean down south to Trinidad and Tobago.

"It's very impressive," said Alex DaSilva, lead hurricane expert with AccuWeather.

The hazy skies unleashed sneezes, coughs and watery eyes across the Caribbean, with local forecasters warning that those with allergies, asthma and other conditions should remain indoors or wear face masks if outdoors.

The dust concentration was high, at .55 aerosol optical depth, the highest amount so far this year, said Yidiana Zayas, a forecaster with the National Weather Service in San Juan, Puerto Rico.

The aerosol optical depth measures how much direct sunlight is prevented from reaching the ground by particles, according to the US National Oceanic and Atmospheric Administration.

The plume is expected to hit Florida, Louisiana, Alabama and Mississippi late this week and into the weekend, DaSilva said.

However, plumes usually lose most of their concentration in the eastern Caribbean, he noted.

"Those islands tend to see more of an impact, more of a concentration where it can actually block out the sun a little bit at times," he said.

The dry and dusty air known as the Saharan Air Layer forms over the Sahara Desert in Africa and moves west across the Atlantic Ocean starting around April until about October, according to NOAA. It also prevents tropical waves from forming during the Atlantic hurricane season, which runs from June 1 to November 30.

June and July usually have the highest dust concentration on average, with plumes travelling anywhere from 5,000 feet to 20,000 feet above the ground, DaSilva said.

In June 2020, a record-breaking cloud of Sahara dust smothered the Caribbean. The size and concentration of the plume hadn't been seen in half a century, prompting forecasters to nickname it the "Godzilla dust cloud."

# Pakistan: Mild tremor hits Karachi's Malir district



A tremor of magnitude 2.8 jolted parts of Karachi division on Tuesday morning, with the epicentre located 15 kilometres southeast of Malir at a depth of 40 kilometres, the National Seismic Monitoring Centre (NSMC) Pakistan said, according to ARY News.

The tremor was felt at 9:57 am, with residents reporting multiple mild tremors since Sunday evening, particularly in areas including Landhi, Malir, Quaidabad, and Gadap.

Chief Meteorologist Ameer Haider told ARY News that 18 tremors have been recorded in Karachi since Sunday, caused by seismic activity along the Landhi Fault Line. He added that this energy release from the fault line could continue until Wednesday, but the intensity of the tremors will gradually decrease.

He further explained that the tremors are part of ongoing seismic activity along the city's active fault lines, with the Landhi Fault Region being one of two active fault lines near Karachi. The other fault line is located near Thana Bola Khan.

According to Haider, historically, no major earthquake has occurred along the Landhi Fault Line. He also noted that the nearby Kirthar mountain range, located near a major tectonic boundary, occasionally experiences moderate seismic events.

"The fault line may take a few days to stabilize, so people may continue to feel light tremors in the coming days," he cautioned.

The meteorologist confirmed that these mild tremors have not caused any damage so far.

# Italy's Mount Etna erupts, tourists told to heed warnings



Tourists have been told to check for warnings before climbing towards the summit of Italy's Mount Etna after an eruption sent hikers scurrying for safety. In a video footage from Monday's eruption, dozens of people were seen hurrying down a path as a large plume of ash rose behind them from the volcano on the eastern side of the island of Sicily. Salvo Cocina, the head of Sicily's Civil Protection Department, said that dozens of hikers had ventured on to Etna despite a warning issued early on Monday morning after initial signs of increased activity on Europe's largest active volcano. "There was a big explosion and a crater collapsed, but luckily it fell into a deserted area," he said on Tuesday. "It's very hard to block access, you can't fence it off," he added. Cocina said those on the mountain on Monday, who had climbed to a height of some 2,700 metres, appeared to be properly equipped and he acknowledged the need to balance safety concerns with the desire of tourists to enjoy the views. Nobody was injured in Monday's eruption and the alert for volcanic activity had been downgraded to the more standard "yellow" level.

# Indian national among 2 held with drugs at Nepal airport




Nepal Police said they have arrested two individuals, including an Indian, carrying narcotic drugs on Tribhuvan International Airlines on Monday night.

Ten kilograms and 420 grams of marijuana were recovered from their possession.

According to a statement issued by the Nepal Police headquarters, the arrested individuals include Thai national Somask Patcha, 43, and Indian national Pereira Giffin, 29.

The duo landed in Kathmandu airport with the drugs from Bangkok onboard Nepal Airlines, it said.

The police have handed them over to the Narcotics Control Bureau for further investigation in the matter.

# French police officer to go on trial for murder of teenager in 2023



A French police officer charged with murder in the deadly shooting of a teenager in 2023 that sparked violent protests across the country will go on trial next year, the Nanterre prosecutor's office said.

In March, prosecutors requested that one of two officers investigated over the June 27 shooting of 17-year-old Nahel M. in the Paris suburb of Nanterre be put on trial. A charge of complicity in murder against the other officer was dropped.

Investigating judges on Tuesday decided the trial of the officer, identified as Florian M, should take place in the Assize Court of the Hauts-de-Seine.

Depending on whether there are appeals, the trial could take place in the second or the third quarter 2026, the statement from the Nanterre prosecutor's office said.

Neither the policeman's lawyer, nor the lawyer for Nahel's family could be immediately reached for comment.

The police officer fired at Nahel after the latter failed to comply with an order to stop his car. The boy, of North African descent, later succumbed to his wounds.

A video shared on social media, showed two police officers beside the car, a Mercedes-AMG, with one firing his weapon as the driver pulled away. Nahel's death and the video were shared on social media, drawing widespread anger and provoking several nights of unrest in Nanterre and other cities across France.

# ਮੇਰੀ ਬੀਵੀ ਸਾਡੀ ਲੜਕੀ ਪਾਸ ਚਲੀ ਗਈ

## (ਮੇਰੀ ਅਣਛਪੀ ਸਵੈਜੀਵਨੀ 'ਡਾਰਲਿੰਗ ਹਾਰਬਰ ਤੱਕ' ਵਿੱਚੋਂ)

ਪਿੱਛੇ ਜਿਹੇ ਕਿਸੇ ਕਾਰਨ ਕਰਕੇ ਮੇਰੀ ਬੀਵੀ ਨੂੰ ਸਾਡੀ ਲੜਕੀ ਦੇ ਘਰ ਜਾ ਕੇ ਦਸ ਕੁ ਦਿਨ ਲਈ ਰਹਿਣਾ ਪੈ ਗਿਆ। ਪਹਿਲਾਂ ਉਹ ਦੋ ਕੁ ਦਿਨ ਲਈ ਤਾਂ ਅਕਸਰ ਜਾਂਦੀ ਰਹਿੰਦੀ ਸੀ ਪਰ ਲਗਾਤਾਰ ਬਹੁਤੇ ਦਿਨਾਂ ਲਈ ਕਦੀ ਨਹੀਂ ਸੀ ਗਈ। ਮੇਰਾ ਲੜਕਾ ਤੇ ਮੇਰੀ ਨੂੰਹ ਸਾਥੋਂ ਥੋੜ੍ਹੀ ਦੂਰ ਸਾਡੇ ਸ਼ਹਿਰ ਵਿੱਚ ਹੀ ਰਹਿੰਦੇ ਹਨ। ਉਹ ਆਪਣੇ ਕੰਮਾਂ ਕਾਰਾਂ ਵਿੱਚ ਰੁੱਝੇ ਰਹਿੰਦੇ ਹਨ ਤੇ ਸਾਡੇ ਵੱਲ ਕਦੀ ਕਦਾਈ ਚੰਦ ਘੰਟਿਆਂ ਲਈ ਹੀ ਗੇੜਾ ਮਾਰਦੇ ਹਨ, ਉਹ ਵੀ ਉਦੋਂ ਜਦ ਮੇਰੀ ਬੀਵੀ ਇੱਥੇ ਹੋਵੇ।

ਮੈਂ ਦੋ ਕਾਰਨਾਂ ਕਰਕੇ ਘਰ ਦੇ ਕੰਮ ਘੱਟ ਕਰਦਾ ਹਾਂ--(1) ਮੇਰਾ ਕੀਤਾ ਹੋਇਆ ਘਰ ਦਾ ਕੰਮ ਮੇਰੀ ਬੀਵੀ ਨੂੰ ਘੱਟ ਪਸੰਦ ਆਉਂਦਾ ਹੈ। (2) ਬਹੁਤੇ ਘਰੇਲੂ ਕੰਮ ਮੈਂ ਜਾਣਦਾ ਹੀ ਨਹੀਂ।

ਆਓ ਪਹਿਲੇ ਵਰਤਾਰੇ ਬਾਰੇ ਕੁਝ ਗੱਲ ਕਰ ਲਈਏ। ਇੱਕ ਵਾਰ ਮੈਂ ਰਸੋਈ ਵਿੱਚ ਖੜ੍ਹੇ ਖੜ੍ਹੇ ਨੇ ਬਰਤਨ ਇਸ ਲਈ ਧੋਹ ਦਿੱਤੇ ਤਾਂ ਕਿ ਮੇਰੀ ਬੀਬੀ ਦਾ ਕੰਮ ਵੰਡਿਆ ਜਾਵੇ। ਹੋਇਆ ਇੰਝ ਕਿ ਧੋਤੇ ਬਰਤਨ ਉਹਨੂੰ ਪਸੰਦ ਹੀ ਨਾ ਆਏ। ਉਸ ਨੂੰ ਉਹ ਦੁਬਾਰਾ ਧੋਣੇ ਪਏ। ਓਦੋਂ ਸਾਡੇ ਡਿਸ਼ਵਾਸ਼ਰ ਨਹੀਂ ਹੁੰਦਾ ਸੀ। ਫਿਰ ਮੈਨੂੰ ਬਾਜ਼ਾਰ ਤੋਂ ਦੋ ਤਿੰਨ ਚੀਜ਼ਾਂ ਲਿਆਉਣ ਦਾ ਮੌਕਾ ਦਿੱਤਾ ਗਿਆ। ਮੈਂ ਫੁੱਲ ਕ੍ਰੀਮ ਮਿਲਕ ਦੀ ਬਿਜਾਏ ਸਕਿੱਮ ਮਿਲਕ ਲੈ ਆਇਆ। ਛੋਲਿਆਂ ਦੀ ਦਲੀ ਹੋਈ ਦਾਲ ਲਿਆਉਣ ਦੀ ਬਿਜਾਏ ਮੈਂ ਸਾਬਤ ਛੋਲੇ ਲੈ ਆਇਆ। ਭਾਰਤੀ ਕਰਿਆਨੇ ਵਾਲਾ ਮੇਰਾ ਚੰਗਾ ਵਾਕਫ ਸੀ। ਮੈਂ ਉਹਦੇ ਕੋਲ ਜਾ ਕੇ ਬੈਠ ਗਿਆ। ਅਜਿਹਾ ਗੱਲਾਂ ਵਿੱਚ ਮਸ਼ਰੂਫ ਹੋਇਆ ਕਿ ਮੂੰਹ ਚੋਂ ਇੱਕ ਵਾਰ ਨਿਕਲ ਗਿਆ ਕਿ 200 ਗ੍ਰਾਮ ਦੇ ਹਲਦੀ, ਮਿਰਚ ਤੇ ਗਰਮ ਮਸਾਲੇ ਦੇ ਪੈਕਟ ਚਾਹੀਦੇ ਹਨ। ਉਸਨੇ ਤਿੰਨੇ ਅੱਧੇ ਅੱਧੇ ਕਿਲੋ ਦੇ ਬਣਾ ਕੇ ਇੱਕ ਲਿਫਾਫੇ ਵਿੱਚ ਪਾ ਦਿੱਤੇ। ਸ਼ਾਇਦ ਮੈਥੋਂ ਮਾੜਾ ਮੋਟਾ ਹੀ ਬੋਲ ਹੋਇਆ ਜਾਂ ਉਹ ਚੱਜ ਨਾਲ ਸੁਣ ਨਾ ਸਕਿਆ। ਪਹੁੰਚਦੇ ਸਾਰ ਆਪਸੀ ਨੇੜਤਾ ਨੇ ਨਿੱਜੀ ਗੱਲਾਂ ਦੀ ਐਸੀ ਗਲਵੱਕੜੀ ਪੁਆ ਦਿੱਤੀ ਕਿ ਮੈਨੂੰ ਭੁੱਲ ਹੀ ਗਿਆ ਕਿ ਮੈਂ ਦੁਕਾਨ ਤੇ ਕਿਸ ਕੰਮ ਆਇਆ ਸਾਂ। ਜਦ ਘਰ ਪਹੁੰਚਿਆ ਤਾਂ ਹੀ ਪਤਾ ਲੱਗਾ ਕਿ ਮੈਂ ਤਾਂ ਤਿੰਨੇ ਵਸਤਾਂ ਦੁਗਣੀਆਂ ਦੁਗਣੀਆਂ ਲੈ ਆਇਆ ਸਾਂ। ਘਰਵਾਲੀ ਨੂੰ ਇਹ ਸਭ ਕੁਝ ਮੋੜ ਕੇ ਸਹੀ ਕਰਕੇ ਲਿਆਉਣਾ ਪਿਆ। ਕਾਰ ਵਿੱਚ ਤੇਲ ਪੁਆਣ ਗਿਆ ਤਾਂ 10-15 ਸੈਂਟ ਮਹਿੰਗੇ ਰੇਟ ਵਾਲੇ ਪੰਪ ਤੋਂ ਪੁਆ ਲਿਆਇਆ। ਜਦ ਮੇਰੀ ਬੀਵੀ ਨੇ ਰਸੀਦ ਦੇਖੀ ਤਾਂ ਕਹਿਣ ਲੱਗੀ, "ਥਾਂ ਥਾਂ ਤੇ ਲੀਟਰ ਦਾ ਰੇਟ 1.60 ਲਿਖਿਆ ਹੋਇਆ ਹੈ, ਤੁਸੀਂ 1.75 ਦਾ ਕਿੱਥੋਂ ਪੁਆ ਲਿਆਏ।" ਮੈਂ ਵਾਲ ਕਟਵਾਉਣ ਗਿਆ ਤਾਂ 20 ਡਾਲਰ ਦੇ ਕਟਵਾ ਕੇ ਆ ਗਿਆ। ਉਹ ਕਹਿੰਦੀ: "ਫਲਾਣੀ ਨਾਈ ਦੁਕਾਨ ਦਾ ਰੇਟ 15 ਡਾਲਰ ਏ। ਸਿੱਧਾ 5 ਡਾਲਰ ਦਾ ਫਰਕ।"

ਉਸ ਦੇ ਘਰੋਂ ਜਾਣ ਤੋਂ ਬਾਅਦ ਦਸ ਦਿਨ ਵਿੱਚ ਕੀ ਕੁਝ ਹੋਇਆ? ਆਓ ਦੇਖੀਏ। ਰਸੋਈ ਵਿੱਚ ਫਰਸ਼ ਤੇ ਚਾਹ ਦੇ ਤੁਪਕਿਆਂ ਦੇ ਤਿੰਨ ਚਾਰ ਨਿਸ਼ਾਨ ਸਨ। ਦੇਸੀ ਘਿਓ ਡੱਬੇ ਚੋਂ ਕੱਢਦੇ ਸਮੇਂ ਦੋ ਤਿੰਨ ਫਰਸ਼ ਤੇ ਪੈ ਗਏ ਸਨ। ਗੈਸ ਦੇ ਚੁੱਲ੍ਹੇ ਦੁਆਲੇ ਉੱਬਲੀ ਹੋਈ ਚਾਹ ਦੇ ਨਿਸ਼ਾਨ ਸਨ। ਮੇਰੇ ਧੋਤੇ ਹੋਏ ਬਰਤਨਾਂ ਨੂੰ ਉਹਨੂੰ ਦੁਬਾਰਾ ਧੋਣਾ ਪਿਆ। ਮੈਂ ਫਰਸ਼ ਨੂੰ ਵੈਕਿਊਮ ਹੀ ਨਹੀਂ ਸੀ ਕੀਤਾ ਕਿਉਂਕਿ ਇੱਕ ਤਾਂ ਮੈਂ ਵੈਕਿਊਮ ਕਦੀ ਚਲਾਇਆ ਹੀ ਨਹੀਂ ਸੀ, ਦੂਜੇ ਮੈਨੂੰ ਇਹ ਚਲਾਉਣ ਦੀ ਘੌਲ ਵੀ ਸੀ। ਮੌਸਮ ਸਰਦੀ ਵੱਲ ਨੂੰ ਵੱਧ ਰਿਹਾ ਸੀ, ਗਰਮੀ ਘੱਟ ਰਹੀ ਸੀ। ਮੈਂ ਕੰਬਲ ਤੇ ਚਾਦਰ ਦੋਨੋਂ ਖੋਲ ਕੇ ਬੈੱਡ ਤੇ ਰੱਖੇ ਹੋਏ ਸਨ। ਮੈਨੂੰ ਇਹਨਾਂ ਨੂੰ ਜੋੜ ਕੇ ਰੱਖਣ ਦਾ ਸਲੀਕਾ ਘੱਟ ਹੀ ਸੀ। ਉਹਨੇ ਆਉਂਦੇ ਸਾਰ ਪਹਿਲਾਂ ਇਹਨਾਂ ਦੀ ਸਲੀਕੇ ਨਾਲ ਤਹਿ ਲਗਾ ਕੇ ਰੱਖੀ। ਨਾਲੇ ਮੈਨੂੰ ਕਿਹਾ-- 'ਦੋਹਾਂ ਨੂੰ ਖੋਲ੍ਹ ਕੇ ਰੱਖਣ ਦੀ ਕੀ ਜ਼ਰੂਰਤ ਸੀ? ਜੇ ਖੋਲ੍ਹੇ ਹਨ ਤਾਂ ਤਹਿ ਲਗਾਉਣੀ ਵੀ ਸਿੱਖੋ।' ਮੇਰੇ ਧੋਣ ਵਾਲੇ ਕੱਪੜਿਆਂ ਦਾ ਢੇਰ ਲੱਗਾ ਪਿਆ ਸੀ। ਮੈਂ ਵਾਸ਼ਿੰਗ ਮਸ਼ੀਨ ਕਦੀ ਚਲਾਉਣੀ



ਸਿੱਖੀ ਹੀ ਨਹੀਂ ਸੀ। ਇਥੋਂ ਤੱਕ ਮੈਂ ਤਾਂ ਫਿਊਜ਼ ਹੋਇਆ ਬਲਬ ਬਦਲਦਾ ਵੀ ਡਰਦਾ ਰਹਿੰਦਾ ਹਾਂ, ਕਿਤੇ ਬਿਜਲੀ ਸ਼ਾਟ ਨਾ ਮਾਰ ਦੇਵੇ। ਅਸੀਂ ਬਚਪਨ ਤੇ ਇੱਥੋਂ ਤੱਕ ਕੇ ਲੜਕਪਣ ਤੱਕ ਬਿਜਲੀ ਦੇਖੀ ਹੀ ਨਹੀਂ ਸੀ। ਮੈਂ ਬੀ.ਏ ਤੱਕ ਮਿੱਟੀ ਦੇ ਤੇਲ ਵਾਲੇ ਲੈਂਪ ਨਾਲ ਹੀ ਪੜ੍ਹਿਆ ਸਾਂ। ਜਦ ਬੀ.ਏ ਕਰਕੇ ਮੈਂ 1972 ਵਿੱਚ ਯੂਨੀਵਰਸਿਟੀ ਕੈਂਪਸ ਚੰਡੀਗੜ੍ਹ ਐਮ.ਏ ਕਰਨ ਗਿਆ ਤਾਂ ਉਦੋਂ ਪਹਿਲੀ ਵਾਰ ਬਿਜਲੀ ਦੀ ਰੌਸ਼ਨੀ ਵਿੱਚ ਪੜ੍ਹਨਾ ਸ਼ੁਰੂ ਕੀਤਾ ਸੀ। ਮੇਰੇ ਪਿੰਡ ਬਿਜਲੀ ਪੰਜਾਬ ਦੇ ਬਹੁਤੇ ਪਿੰਡਾਂ ਨਾਲੋਂ ਲੇਟ ਪਹੁੰਚੀ ਸੀ। ਮੇਰੀ ਬੀਵੀ ਦਾ ਤਾਂ ਜਨਮ ਹੀ ਪਿੰਜੌਰ ਪਾਸ ਬਿਜਲੀ ਨਾਲ ਜਗਮਗ ਫੈਕਟਰੀ ਵਿੱਚ ਹੋਇਆ ਸੀ। ਉਸਦੇ ਪੇਕੇ ਪਿੰਡ ਵੀ ਲੁਧਿਆਣੇ ਪਾਸ ਬਿਜਲੀ ਉਹਦੇ ਜਨਮ ਤੋਂ ਹੀ ਸੀ। ਉਹ ਬਲਬ ਆਦਿ ਇੱਕਦਮ ਬਦਲ ਲਿਆ ਕਰਦੀ ਸੀ। ਮੇਰੀ ਬੀਵੀ ਦੇ ਜਾਣ ਤੋਂ ਬਾਅਦ ਮੇਰਾ ਦੀਵਾਰ ਤੇ ਲੱਗਾ ਹੋਇਆ ਕਲਾਕ ਕੁਝ ਦੇਰ ਬਾਅਦ ਟਿੱਕ ਟਿੱਕ ਕਰਨ ਲੱਗ ਪਿਆ ਸੀ। ਜਦ ਮੈਂ ਇਹ ਟਿੱਕ ਟਿੱਕ ਬੰਦ ਕਰਾਂ ਤਾਂ ਇਹਦਾ ਸਮਾਂ ਅੱਗੇ ਪਿੱਛੇ ਹੋਈ ਜਾਵੇ। ਦਿਨ ਤੇ ਤਾਰੀਖ ਠੀਕ ਕਰਨਾ ਤਾਂ ਦੂਰ ਗੱਲ ਸੀ, ਇਸ ਦਾ ਤਾਂ ਸਮਾਂ ਵੀ ਮੈਥੋਂ ਠੀਕ ਨਾ ਹੋਵੇ। ਮੇਰੀ ਘਰਵਾਲੀ ਇਹਨੂੰ ਇਕਦਮ ਠੀਕ ਕਰ ਦਿਆ ਕਰਦੀ ਸੀ। ਘਰਵਾਲੀ ਦੇ ਆਉਣ ਤੋਂ ਦੋ ਕੁ ਦਿਨ ਪਹਿਲਾਂ ਮੈਨੂੰ ਉਹਨੇ ਫੋਨ ਤੇ ਪੁੱਛਿਆ, "ਮੈਂ ਤਿੰਨ ਕੁ ਦਿਨ ਦਾ ਖਾਣਾ ਬਣਾ ਕੇ ਤਾਂ ਫਰਿੱਜ ਵਿੱਚ ਰੱਖ ਗਈ ਸਾਂ। ਤੁਸੀਂ ਗਰਮ ਕਰਕੇ ਖਾ ਲਿਆ ਹੋਊ। ਬਾਕੀ ਤਿੰਨ ਦਿਨ ਕਿਵੇਂ ਬੀਤੇ? ਕੀ ਉਵੇਂ ਹੀ ਜਿਵੇਂ ਮੈਂ ਕਿਹਾ ਸੀ ਜਾਂ ਕਿਸੇ ਹੋਰ ਤਰ੍ਹਾਂ?" ਮੈਂ ਕਿਹਾ, "ਮੈਂ ਤਿੰਨ ਦਿਨ ਵਾਲਾ ਖਾਣਾ ਪੰਜ ਦਿਨ ਦਾ ਬਣਾ ਦਿੱਤਾ ਸੀ। ਜਿੱਥੇ ਮੈਂ ਅਕਸਰ ਇੱਕ ਸਮੇਂ ਵਿੱਚ ਤਿੰਨ ਰੋਟੀਆਂ ਖਾਂਦਾ ਸਾਂ, ਹੁਣ ਮੈਂ ਦੋ ਖਾਂਦਾ ਰਿਹਾ ਹਾਂ। ਨਾਲੇ ਮੱਕੀ ਦੀਆਂ ਰੋਟੀਆਂ ਭਾਵੇਂ ਵੱਧ ਬੇਹੀਆਂ ਵੀ ਹੋਣ, ਮਾਈਕਰੋ ਵਿੱਚ ਗਰਮ ਕਰੋ ਤਾਂ ਬਿਲਕੁਲ ਸੱਜਰੀਆਂ ਹੋ ਜਾਂਦੀਆਂ ਹਨ। ਸਬਜ਼ੀਆਂ ਤੇ ਦਾਲਾਂ ਵੀ ਮੈਂ ਘੱਟ ਮਾਤਰਾ ਵਿੱਚ ਹੀ ਵਰਤਦਾ ਰਿਹਾ। ਤੇਰੇ ਜਾਣ ਨਾਲ ਵੈਸੇ ਵੀ ਭੁੱਖ ਘੱਟ ਜਾਂਦੀ ਹੈ। ਤੂੰ ਦੋ ਤਿੰਨ ਚੀਜ਼ਾਂ ਗਰਮ ਕਰਕੇ ਪਰੋਸ ਵਧੀਆ ਦਿੰਨੀ ਏਂ, ਮੈਂ ਘੌਲ ਵੀ ਕਰਦਾ ਹਾਂ ਤੇ ਪਰੋਸ ਵੀ ਤੇਰੇ ਵਾਂਗ ਨਹੀਂ ਸਕਦਾ। ਪਰੋਸਣ ਨਾਲ ਵੈਸੇ ਹੀ ਭੁੱਖ ਵੱਧ ਜਾਂਦੀ ਏ। ਮੈਂ ਇੱਕ ਦਾਲ ਜਾਂ ਸਬਜ਼ੀ ਨਾਲ ਹੀ ਸਾਰ ਲੈਂਦਾ ਹਾਂ। ਦੋ ਕੁ ਦਿਨ ਸ਼ਾਮ ਦਾ ਵੇਲਾ ਤਾਂ ਮੈਂ ਫਲਾਂ ਨਾਲ ਹੀ ਸਾਰ ਲਿਆ ਸੀ। ਅਮਰੂਦ, ਤਰਬੂਜ ਤੇ ਕੇਲੇ ਬੜਾ ਸੋਹਣਾ ਡੰਗ ਸਾਰ ਦਿੰਦੇ ਹਨ। ਦੋ ਦਿਨ ਮੈਂ ਗੁਰਦੁਆਰਾ ਸਾਹਿਬ ਚਲਾ ਗਿਆ ਸਾਂ। ਲੰਗਰ ਦਾ ਖੂਬ ਆਨੰਦ ਮਾਣਿਆ। ਤੈਨੂੰ ਪਤਾ ਹੈ ਕਿ ਦੋ ਨਿਉਂਦਾ ਕਾਰਡ ਆਏ ਹੋਏ ਸਨ -- ਇੱਕ ਵਿਆਹ ਦਾ ਤੇ ਦੂਜਾ ਸੀਨੀਅਰਜ਼ ਦੇ ਪ੍ਰੋਗਰਾਮ ਦਾ। ਦੋਹਾਂ ਵਿੱਚ ਖਾਣ ਪੀਣ ਦੇ ਖੁੱਲੇ ਗੱਫੇ ਲੱਗੇ। ਤੈਨੂੰ ਪਤਾ ਹੈ ਕਿ ਇੱਕ ਗੋਰਿਆਂ ਦਾ ਲੰਚ ਵੀ ਸੀ। ਭਾਵੇਂ ਸਾਨੂੰ ਉਹਨਾਂ ਦਾ ਭੋਜਨ ਬਹੁਤਾ ਪਸੰਦ ਨਹੀਂ ਆਉਂਦਾ ਪਰ ਕੰਮ ਸਾਰਨ ਲਈ ਮਾੜਾ ਨਹੀਂ ਹੁੰਦਾ। ਜੇ ਆਪਾਂ ਸ਼ਾਕਾਹਾਰੀ ਹਾਂ ਤਾਂ ਉਹਨਾਂ ਦੇ ਖਾਣੇ ਵਿੱਚ ਬਰੈੱਡ, ਮਫਿਨ, ਫਲ, ਭੁੰਨੀ ਹੋਈ ਸਬਜ਼ੀ ਆਦਿ ਤਾਂ ਕਾਫੀ ਸਵਾਦ ਹੁੰਦੇ ਹਨ। ਰਲ ਮਿਲ ਕੇ ਨੌਂ ਦਿਨ ਵਧੀਆ ਲੰਘ ਗਏ। ਅੱਜ ਦਸਵੇਂ ਦਿਨ ਤੇਰੇ ਆਉਣ ਨਾਲ ਤਾਂ ਪਸੰਦੀਦਾ ਖਾਣਾ ਬਣ ਹੀ ਜਾਣਾ ਏ।"




ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033


ਇਹ ਸਾਰਾ ਕੁਝ ਸੁਣ ਕੇ ਉਸ ਨੂੰ ਕਾਫੀ ਤਸੱਲੀ ਹੋ ਗਈ। ਕਹਿੰਦੀ, "ਘਰ ਵਿੱਚ ਭਿੰਡੀਆਂ ਤੇ ਮਿਰਚਾਂ ਲੱਗੀਆਂ ਹੋਈਆਂ ਹਨ। ਤਿੰਨ ਚਾਰ ਦਿਨ ਦੇ ਵਿੱਚ ਤੋੜਨ ਵਾਲੀਆਂ ਹੋ ਜਾਣੀਆਂ ਸਨ। ਕੀ ਤੋੜੀਆਂ ਹਨ ਜਾਂ ਨਹੀਂ? ਅੱਗੇ ਮਟਰ ਬੀਜਣ ਲਈ ਦੋ ਕਿਆਰੀਆਂ ਵੀ ਗੁੱਡਣ ਵਾਲੀਆਂ ਸਨ। ਕੀ ਗੁੱਡੀਆਂ ਹਨ ਜਾਂ ਕਲਮ ਘਸਾਈ ਹੀ ਕਰੀ ਗਏ? ਗੁਡਾਈ ਦਾ ਕੰਮ ਤਾਂ ਸੋਹਣਾ ਕਰ ਲੈਂਦੇ ਹੋ। ਬੂਟੇ ਵੀ ਸੋਹਣੇ ਲਗਾ ਲੈਂਦੇ ਹੋ। ਸ਼ੁਰੂ ਵਿੱਚ ਹੱਥ ਕੀਤੀ ਖੇਤੀ ਦਾ ਅਸਰ ਤਾਂ ਅਜੇ ਵੀ ਦਿਮਾਗ ਤੇ ਹੈ। ਘਰ ਦੇ ਪਿੱਛੇ ਅਮਰੂਦ ਦੇ ਬੂਟੇ ਤੋਂ ਅਮਰੂਦ ਤੋੜਨ ਵਾਲੇ ਸਨ। ਕੀ ਤੋੜੇ ਹਨ ਜਾਂ ਪਿਛਲਾ ਪਾਸਾ ਖੋਲ੍ਹ ਕੇ ਦੇਖਿਆ ਹੀ ਨਹੀਂ? ਲੈਟਰ ਬਾਕਸ ਵਿੱਚ ਚਿੱਠੀਆਂ ਦਾ ਕੀ ਹਾਲ ਏ? ਅੱਗੇ ਤਾਂ ਉਹ ਵੀ ਮੈਂ ਆ ਕੇ ਹੀ ਕੱਢਿਆ ਕਰਦੀ ਸਾਂ। ਇਸ ਵਾਰ ਕੱਢੀਆਂ ਕਿ ਨਹੀਂ? ਮੈਂ ਕਹਿ ਗਈ ਸੀ ਕਿ ਸੋਮਵਾਰ ਨੂੰ ਕੂੜੇ ਦੇ ਭਰੇ ਹੋਏ ਬਿਨ ਬਾਹਰ ਸੜਕ ਤੇ ਰੱਖਣੇ ਹਨ। ਤੁਹਾਨੂੰ ਪਤਾ ਇਸ ਵਾਰ ਦੋਨੋਂ ਬਿਨ ਰੱਖਣੇ ਸਨ। ਕੀ ਰੱਖ ਦਿੱਤੇ ਸਨ ਜਾਂ ਸੋਚਾਂ 'ਚ ਡੁੱਬੇ ਰਹੇ? ਇਹ ਤਾਂ ਮੈਨੂੰ ਸੌ ਫੀਸਦੀ ਪਤਾ ਹੈ ਕਿ ਘਾਹ ਕੱਟਣ ਨੂੰ ਹੱਥ ਤੱਕ ਨਹੀਂ ਲਗਾਇਆ ਹੋਵੇਗਾ। ਇਹ ਬੰਦਿਆਂ ਵਾਲਾ ਕਜੀਆ ਵੀ ਅਕਸਰ ਮੈਨੂੰ ਹੀ ਕਰਨਾ ਪੈਂਦਾ ਏ। ਮੈਨੂੰ ਲੱਗਦਾ ਘਰ ਦਾ ਸੂਤ ਉੱਭਰ ਗਿਆ ਹੋਵੇਗਾ।"

ਮੈਥੋਂ ਕਹਿ ਹੋ ਗਿਆ, "ਜਦ ਮੈਂ ਘਾਹ ਦੀ ਕਟਾਈ ਕਰਦਾ ਹੁੰਦਾ ਸੀ ਤਾਂ ਉਹ ਤੈਨੂੰ ਪਸੰਦ ਨਹੀਂ ਸੀ ਆਉਂਦੀ ਹੁੰਦੀ। ਉਸ ਉੱਪਰ ਤੈਨੂੰ ਦੁਬਾਰਾ ਮਸ਼ੀਨ ਫੇਰਨੀ ਪੈਂਦੀ ਹੁੰਦੀ ਸੀ। ਇੱਥੋਂ ਤੱਕ ਕਿ ਜਦ ਮੈਂ ਬੂਟੇ ਮਿੱਟੀ ਵਿੱਚ ਗੱਡੇ ਤਾਂ ਤੂੰ ਕਿਹਾ ਸੀ -- 'ਸਿੱਧੇ ਰੱਖ ਕੇ ਗੱਡੋ, ਵਿੰਗੇ ਤਾਂ ਥੋੜ੍ਹੇ ਦਿਨਾਂ ਵਿੱਚ ਹੀ ਇੱਕ ਦੂਜੇ ਵਿੱਚ ਫਸ ਜਾਣਗੇ।' ਤੈਨੂੰ ਸਿਰਫ ਮੇਰੀ ਭਿੰਡੀ ਕੱਟਣੀ ਪਸੰਦ ਆਉਂਦੀ ਰਹੀ ਏ ਜਾਂ ਫਿਰ ਅਦਰਕ ਤੇ ਲਸਣ ਛਿੱਲ ਕੇ ਉਹਨਾਂ ਨੂੰ ਤੜਕੇ ਲਈ ਕੱਟਣਾ। ਜਦ ਮੈਂ ਗੋਭੀ ਤੋੜਦਾ ਹਾਂ ਤਾਂ ਤੂੰ ਕਹਿੰਦੀ ਏਂ ਕਿ ਡੰਡਲ ਵੀ ਛਿੱਲ ਦਿਆ ਕਰਾਂ। ਇਹ ਖਾਣ ਨੂੰ ਮਾੜੇ ਨਹੀਂ ਲੱਗਦੇ। ਅਖੇ ਸਾਰੇ ਦਾ ਸਾਰਾ ਡੰਡਲ ਸੁੱਟਣ ਲਈ ਨਹੀਂ ਹੁੰਦਾ। ਜੇ ਮੈਂ ਪਿਆਜ ਛਿੱਲਦਾ ਹਾਂ ਤਾਂ ਤੂੰ ਕਹਿੰਦੀ ਏਂ ਮੈਂ ਜਰੂਰਤ ਤੋਂ ਵੱਧ ਛਿਲਕੇ ਲਾਹ ਲਾਹ ਕੇ ਇੱਕ ਅੱਧ ਛਿਲਕਾ ਜ਼ਾਇਆ ਕਰ ਦਿੰਦਾ ਹਾਂ। ਜੇ ਮੂਲੀਆਂ ਲਿਆ ਕੇ ਫਰਿੱਜ ਵਿੱਚ ਰੱਖ ਦਿੱਤੀਆਂ ਤਾਂ ਤੂੰ ਕਹਿ ਦਿੱਤਾ -- 'ਇਹ ਕਿਸੇ ਲਿਫਾਫੇ ਵਿੱਚ ਪਾ ਕੇ ਰੱਖਣੀਆਂ ਸਨ। ਬਿਨਾਂ ਲਿਫਾਫੇ ਰੱਖੀਆਂ ਇਹ ਢਿੱਲੀਆਂ ਢਿੱਲੀਆਂ ਹੋ ਜਾਂਦੀਆਂ ਹਨ।' ਜੇਕਰ ਮੇਰੇ ਕੰਮ ਪਸੰਦ ਆਏ ਹਨ ਤਾਂ ਉਹ ਇਸ ਕਹਾਵਤ ਦੀ ਤਰਜ਼ਮਾਨੀ ਕਰਦੇ ਹਨ-- ਸੌ ਸੁਨਾਰ ਕੀ, ਏਕ ਲੁਹਾਰ ਕੀ। ਜਦ ਮੈਂ ਲੁਹਾਰਾਂ ਜਿਹੇ ਕੰਮ ਕਰਦਾ ਹਾਂ ਤਾਂ ਉਹ ਤੈਨੂੰ ਪਸੰਦ ਆ ਜਾਂਦੇ ਹਨ। ਮਿਸਾਲ ਦੇ ਤੌਰ ਤੇ ਧਰਤੀ ਗੁੱਡ ਕੇ ਕਿਆਰੀਆਂ ਬਣਾਉਣੀਆਂ, ਵ੍ਹੀਲਬੌਰੋ (wheelborough) ਤੇ ਮਿੱਟੀ ਢੋਅ ਕੇ ਘਰ ਦੇ ਪਿਛਵਾੜੇ ਲੈ ਕੇ ਜਾਣੀ, ਬੂਟਿਆਂ ਨੂੰ ਪਾਣੀ ਲਗਾਉਣਾ, ਅਮਰੂਦ ਦੇ ਬੂਟੇ ਤੋਂ ਅਮਰੂਦ ਤੋੜਨੇ, ਮਿਰਚਾਂ ਦੇ ਬੂਟਿਆਂ ਤੋਂ ਮਿਰਚਾਂ ਤੋੜਨੀਆਂ, ਬਿਨ ਖਿੱਚ ਕੇ ਬਾਹਰ ਸੜਕ ਤੇ ਨੂੰ ਲਿਜਾਉਣੇ ਆਦਿ।"

ਮੇਰੀ ਹੱਥ ਨਾਲ ਤੋੜੀ ਭਿੰਡੀ ਉਹਨੂੰ ਪਸੰਦ ਨਹੀਂ ਆਉਂਦੀ। ਉਹ ਭਿੰਡੀ ਨੂੰ ਕੈਂਚੀ ਨਾਲ ਮੁੱਢ ਤੋਂ ਕੱਟਦੀ ਹੈ। ਕਹਿੰਦੀ ਏ, 'ਹੱਥ ਨਾਲ ਤੋੜਨ ਨਾਲ ਭਿੰਡੀ ਅਕਸਰ ਮੁੱਢ ਤੋਂ ਟੁੱਟ ਜਾਂਦੀ ਹੈ।' ਮੈਨੂੰ ਉੱਥੇ ਹੈਰਾਨੀ ਹੋਈ ਜਦ ਉਹਨੂੰ ਮੇਰੇ ਅੰਦਰੋਂ ਖਿੱਚ ਕੇ ਬਾਹਰ ਨੂੰ ਲਿਜਾਏ ਬਿਨ ਤਾਂ ਪਸੰਦ ਆ ਗਏ ਪਰ ਉਹਨਾਂ ਨੂੰ ਜ਼ਮੀਨ ਤੇ ਰੱਖਣ ਦਾ ਸਲੀਕਾ ਪਸੰਦ ਨਾ ਆਇਆ। ਸਾਡਾ ਗਵਾਂਢੀ ਗੋਰਾ ਜੌਹਨ ਆਪਣੇ ਬਿਨ ਸੜਕ ਦੇ ਕਿਨਾਰੇ ਦੇ ਨਾਲ ਹੇਠਾਂ ਸੜਕ ਤੇ ਰੱਖਦਾ ਹੈ। ਮੈਂ ਵੀ ਇਵੇਂ ਹੀ ਕਰ ਦਿੱਤਾ। ਮੈਂ ਸੋਚਿਆ, ਇਹਦਾ ਕੋਈ ਖਾਸ ਮਤਲਬ ਹੋਊ। ਮੈਨੂੰ ਕਹਿਣ ਲੱਗੀ, 'ਗੋਰਾ ਇਸ ਲਈ ਕਿਨਾਰੇ ਦੇ ਨਾਲ ਬਿਨ ਰੱਖਦਾ ਹੈ ਕਿਉਂਕਿ ਲੋਕ ਇਸਦੇ ਮੂਹਰੇ ਕਾਰਾਂ ਪਾਰਕ ਕਰ ਜਾਂਦੇ ਹਨ। ਸਾਡੇ ਮੂਹਰੇ ਪਾਰਕਿੰਗ ਦਾ ਕੋਈ ਡਰ ਨਹੀਂ। ਇਸ ਲਈ ਬਿਨਾਂ ਨੂੰ ਕਿਨਾਰੇ ਦੇ ਉੱਪਰ ਰੱਖਿਆ ਕਰੋ।'

ਕਈ ਕੰਮ ਮੈਂ ਜਾਣਦਾ ਹੀ ਨਹੀਂ। ਰੋਟੀ ਪਕਾਉਣੀ (ਇਥੋਂ ਤੱਕ ਕਿ ਰੋਟੀ ਮੇਕਰ ਨਾਲ ਵੀ) ਮੈਂ ਜਾਣਦਾ ਹੀ ਨਹੀਂ। ਦਹੀਂ ਜਮਾਉਣਾ, ਸਬਜ਼ੀ ਬਣਾਉਣੀ, ਕੰਪਿਊਟਰ ਤੇ ਟੈਸਟ ਪਾਸ ਕਰਨੇ ਜਿਵੇਂ ਹੋਮ ਬਿਲਡਰ ਦਾ, ਆਨਲਾਈਨ ਬਿੱਲਾਂ ਦਾ ਭੁਗਤਾਨ ਕਰਨਾ, ਦੁਕਾਨਾਂ ਤੇ ਸੌਦੇਬਾਜ਼ੀ ਕਰਨੀ, ਕੋਰੀਅਰ ਰਾਹੀਂ ਆਇਆ ਫਰਨੀਚਰ ਜਾਂ ਹੋਰ ਅਪਲਾਇੰਸ ਜੋੜਨੇ, ਕੰਧਾਂ ਤੇ ਪੇਂਟ ਕਰਨਾ, ਛੋਟੀਆਂ ਮੋਟੀਆਂ ਮਰੰਮਤਾਂ ਕਰਨੀਆਂ, ਆਨਲਾਈਨ ਪੈਸੇ ਤਬਦੀਲ ਕਰਨੇ, ਭੁਗਤਾਨ ਤੋਂ ਬਾਅਦ ਰਸੀਦ ਜਾਂ ਡੌਕਟ ਦਾ ਨਿਰੀਖਣ ਕਰਨਾ ਆਦਿ। ਕੁਝ ਕੰਮ ਐਸੇ ਹੁੰਦੇ ਹਨ ਜਿਨਾਂ ਬਾਰੇ ਪੁਰਾਣੀ ਪੁਸ਼ਤ ਤੇ ਨਵੀਂ ਪੁਸ਼ਤ ਵਿੱਚ ਹਮੇਸ਼ਾ ਕਾਟੋ ਕਲੇਸ਼ ਚੱਲਦਾ ਰਹਿੰਦਾ ਹੈ। ਨਵੀਂ ਪੁਸ਼ਤ ਹਮੇਸ਼ਾ ਇਹੀ ਕਹਿੰਦੀ ਰਹਿੰਦੀ ਹੈ-- 'ਅਸੀਂ ਤੁਹਾਡਾ ਠੇਕਾ ਲਿਆ ਹੋਇਆ ਏ? ਕੁਝ ਆਪ ਵੀ ਸਿੱਖੋ। ਬਥੇਰੇ ਸਾਲ ਹੋ ਗਏ ਇੱਥੇ ਆਇਆਂ ਨੂੰ।' ਮੋਬਾਈਲ ਫੋਨ ਦੇ ਮਾਮਲੇ ਵਿੱਚ ਇਹ ਡਾਇਲੌਗ ਆਮ ਦੁਹਰਾਏ ਜਾਂਦੇ ਹਨ। ਪੰਜਾਬ ਚੋਂ ਵੱਧ ਉਮਰ ਵਿੱਚ ਆਸਟਰੇਲੀਆ, ਕੈਨੇਡਾ, ਅਮਰੀਕਾ, ਇੰਗਲੈਂਡ, ਨਿਊਜ਼ੀਲੈਂਡ ਆਦਿ ਵਿੱਚ ਆਏ ਮਾਪਿਆਂ ਨੂੰ ਨਵੀਂ ਪੀੜੀ ਨਵਾਂ ਕੁਝ ਸਿਖਾਉਣ ਵਿੱਚ ਬਹੁਤ ਹੀ ਘੱਟ ਦਿਲਚਸਪੀ ਲੈਂਦੀ ਹੈ। ਅਕਸਰ ਬੱਚੇ ਕਹਿ ਦੇਣਗੇ, 'ਤੁਹਾਨੂੰ ਕਿੰਨੀ ਕੁ ਵਾਰ ਸਮਝਾਈ ਜਾਈਏ? ਤੁਸੀਂ ਹਰ ਵਾਰੀ ਭੁੱਲ ਜਾਂਦੇ ਹੋ। ਤੁਹਾਨੂੰ ਗੈਲਰੀ ਵਿੱਚੋਂ ਈਮੇਲ ਵਿੱਚ ਨੂੰ ਡਾਕੂਮੈਂਟ ਲਿਜਾਉਣੇ ਵੀ ਨਹੀਂ ਆਏ, ਤੁਹਾਨੂੰ ਮੈਸੇਂਜਰ ਵਿੱਚੋਂ ਕੋਈ ਲਿਖਤ ਕੱਢ ਕੇ ਵਟਸਐਪ ਤਬਦੀਲ ਕਰਨਾ ਹੀ ਨਹੀਂ ਆਇਆ, ਤੁਹਾਨੂੰ ਫੇਸਬੁਕ ਨੂੰ ਪ੍ਰਾਈਵੇਟ ਕਰਨਾ ਹੀ ਨਹੀਂ ਆਇਆ, ਇੰਸਟਾਗ੍ਰਾਮ ਤੇ ਕੁਝ ਪਾਉਣਾ ਤਾਂ ਦੂਰ ਦੀ ਗੱਲ ਏ। ਲਿੰਕਡ ਇਨ ਤੇ ਸਪੌਟੀਫਾਈ ਬਾਰੇ ਤੁਹਾਡੇ ਨਾਲ ਗੱਲ ਕਰਨੀ ਮੱਝ ਅੱਗੇ ਬੀਨ ਵਜਾਉਣ ਵਾਂਗਰ ਏ, ਤੁਹਾਨੂੰ ਫੋਨ ਬੈਂਕਿੰਗ ਸਮਝਾਉਣੀ ਅੰਨੇ ਅੱਗੇ ਬੀਨ ਵਜਾਉਣ ਵਾਂਗ ਏ। ਉਧਰ ਪੰਜਾਬ ਵਿੱਚ ਬੈਠੇ ਕਹਿੰਦੇ ਹੁੰਦੇ ਸੀ-- 'ਸਾਨੂੰ ਬਸ ਇੱਕ ਵਾਰ ਬਾਹਰ ਜਾਣ ਦਾ ਮੌਕਾ ਮਿਲ ਜਾਵੇ, ਉੱਥੇ ਜਾ ਕੇ ਸਭ ਕੁਝ ਦਿਨਾਂ ਵਿੱਚ ਹੀ ਸਿੱਖ ਜਾਵਾਂਗੇ। ਆਇਆਂ ਨੂੰ 10 ਸਾਲ ਹੋ ਗਏ ਅਜੇ ਤੱਕ ਚੱਜ ਨਾਲ ਈਮੇਲ ਕਰਨੀ ਵੀ ਨਹੀਂ ਆਈ। ਓਦਾਂ ਕਹੀ ਜਾਂਦੇ ਹੋ ਅਸੀਂ ਬੀ.ਏ ਪਾਸ ਹਾਂ, ਅਸੀਂ ਉੱਥੇ ਪੜ੍ਹਾਉਂਦੇ ਹੁੰਦੇ ਸੀ, ਅਸੀਂ ਉੱਥੇ ਬੈਂਕ ਵਿੱਚ ਅਫਸਰ ਸਾਂ। ਅੱਜ ਤੱਕ ਵੀ ਗੋਰਿਆਂ ਦੀ ਬੋਲ ਚਾਲ ਨੂੰ ਅੱਧੀ ਕੁ ਹੀ ਸਮਝਦੇ ਹੋ, ਆਪ ਬੋਲ ਕੇ ਕਿਸੇ ਨੂੰ ਕੁਝ ਸਮਝਾਉਣਾ ਤਾਂ ਦੂਰ ਦੀ ਗੱਲ ਏ। ਗੋਰੇ ਐਵੇਂ ਤਾਂ ਆਈਲੈਟਸ ਪਾਸ ਨਹੀਂ ਕਰਵਾਉਂਦੇ, ਐਵੇਂ ਤਾਂ ਨਹੀਂ ਸਿਟਿਜ਼ਨਸ਼ਿੱਪ ਟੈਸਟ ਪਾਸ ਕਰਵਾਉਂਦੇ।' ਗੋਰੇ ਪ੍ਰਵਾਸੀਆਂ ਨੂੰ ਸੋਚ ਸੋਚ ਕੇ ਕੰਮਾਂ ਤੇ ਲਗਾਉਂਦੇ ਹਨ। ਬੋਲਚਾਲ ਸਮਝਣ ਵਿੱਚ ਕਮਜ਼ੋਰ ਵਿਅਕਤੀਆਂ ਨੂੰ ਐਸੀਆਂ ਨੌਕਰੀਆਂ ਤੇ ਰੱਖਦੇ ਹਨ ਜਿੱਥੇ ਘੱਟ ਬੋਲੇ ਕੰਮ ਕੀਤਾ ਜਾ ਸਕੇ। ਖੇਤਾਂ ਵਿੱਚ ਫਲ ਸਬਜ਼ੀਆਂ ਤੋੜਨ, ਟਰੱਕ ਦੀ ਡਰਾਈਵਰੀ ਕਰਨ, ਕਿਸੇ ਨਿਸ਼ਚਿਤ ਥਾਂ ਤੇ ਸੁਰੱਖਿਆ ਕਰਨ, ਟਰਾਲੀਆਂ ਢੋਅ ਕੇ ਸ਼ਾਪਿੰਗ ਸੈਂਟਰਾਂ ਤੱਕ ਪਹੁੰਚਾਉਣ, ਇਮਾਰਤਾਂ ਬਣਨ ਸਮੇਂ ਕੰਕਰ ਰੋੜੀ ਪਾਉਣ, ਰਾਜਗਿਰੀ ਕਰਨ ਆਦਿ ਕੰਮਾਂ ਵਿੱਚ ਜ਼ਿਆਦਾ ਬੋਲਚਾਲ ਦੀ ਜ਼ਰੂਰਤ

ਨਹੀਂ ਪੈਂਦੀ। ਦੂਜੇ ਪਾਸੇ ਅਧਿਆਪਨ ਦੇ ਕੰਮ, ਕਸਟਮਰ ਸਰਵਿਸ, ਟੀਮ ਵਰਕ, ਮਕੈਨੀਕਲ ਕੰਮਾਂ ਆਦਿ ਵਿੱਚ ਚੰਗੀ ਬੋਲਚਾਲ ਆਉਣੀ ਜਰੂਰੀ ਹੁੰਦੀ ਏ। ਜੋ ਲੋਕ ਇਹਨਾਂ ਅੰਗਰੇਜ਼ੀ ਬੋਲਣ ਵਾਲੇ ਦੇਸ਼ਾਂ ਵਿੱਚ ਲੇਟ ਪਹੁੰਚਦੇ ਹਨ ਉਹਨਾਂ ਦੀ ਸਮੇਂ ਮੁਤਾਬਿਕ ਢਲਣ ਸਮਰੱਥਾ (adaptability) ਤੇ ਸਿੱਖਣ ਸਮਰਥਾ (learnability) ਘੱਟ ਗਈ ਹੁੰਦੀ ਏ। ਉਹ ਅਕਸਰ ਮਨੋਵਿਗਿਆਨਿਕ ਵਿਰੋਧਾਭਾਸ ਦਾ ਸ਼ਿਕਾਰ ਹੁੰਦੇ ਹੀ ਰਹਿੰਦੇ ਹਨ। ਉਹ ਆਪ ਸਮਝਦੇ ਰਹਿੰਦੇ ਹਨ ਕਿ ਉਹਨਾਂ ਪਾਸ ਤਾਂ ਪੜ੍ਹਾਈ ਦੀਆਂ ਡਿਗਰੀਆਂ ਦਾ ਟੋਕਰਾ ਹੈ ਪਰੰਤੂ ਉਨ੍ਹਾਂ ਨਾਲ ਪੇਸ਼ ਆਉਣ ਵਾਲੇ ਇੱਥੋਂ ਦੇ ਜਮਪਲ ਜਾਂ ਇੱਥੇ ਆ ਕੇ ਲੰਬਾ ਸਮਾਂ ਰਹੇ ਬੰਦੇ ਉਹਨਾਂ ਨੂੰ ਅਰਧ ਪੜ੍ਹੇ ਲਿਖੇ ਫੌਬ (FOB- Fresh on Boat) ਹੀ ਸਮਝਦੇ ਰਹਿੰਦੇ ਹਨ। ਇੱਥੇ ਆ ਕੇ ਇਸ ਪ੍ਰਕਾਰ ਲੋਕਾਂ ਦੇ ਅਖੌਤੀ ਸਵੈਮਾਣ ਦਾ ਭਾਂਡਾ ਫੁੱਟ ਜਾਂਦਾ ਹੈ। ਕਿਸੇ ਗਿਆਨ ਦਾ ਮਹੱਤਵ ਤਦ ਹੁੰਦਾ ਹੈ ਜਦ ਉਹ ਬੋਲ ਕੇ ਦੂਜੇ ਨੂੰ ਦੱਸਿਆ ਜਾ ਸਕੇ। ਇਹ ਕੰਮ ਤਾਂ ਹੀ ਨੇਪਰੇ ਚੜ੍ਹ ਸਕਦਾ ਹੈ ਜੇ ਭਾਰਤ ਜਿਹੇ ਦੇਸ਼ਾਂ ਵਿੱਚ ਅੰਗਰੇਜ਼ੀ ਦਾ ਮਿਆਰ ਕਾਫੀ ਉੱਚਾ ਹੋਵੇ।

ਮਾਤਰੀ ਭਾਸ਼ਾਵਾਂ ਨੂੰ ਵਢਾਵਾ ਦੇਣਾ ਸਿਰ ਮੱਥੇ ਪਰ ਬਾਹਰ ਆ ਕੇ ਸੈੱਟ ਹੋਣ ਲਈ ਚੰਗੀ ਅੰਗਰੇਜ਼ੀ ਹੋਣੀ ਬਹੁਤ ਹੀ ਜਰੂਰੀ ਏ। ਇੱਕ ਹੋਰ ਗੱਲ-- ਆਧੁਨਿਕ ਨਵੀਨਤਮ ਗਿਆਨ ਤੇ ਖੋਜਾਂ 90% ਪੱਛਮ ਵਿੱਚ ਜਨਮ ਲੈ ਰਹੇ ਹਨ। ਉਹਨਾਂ ਤੱਕ ਪਹੁੰਚ ਬਣਾਏ ਰੱਖਣ ਲਈ ਵੀ ਅੰਗਰੇਜ਼ੀ ਬਹੁਤ ਜਰੂਰੀ ਹੈ।

ਜਦ ਕਿਸੇ ਦੀ ਬੀਵੀ ਕਦੀ ਕਦੀ ਉਹਤੋਂ ਦੂਰ ਹੋ ਜਾਵੇ ਤਾਂ ਉਦੋਂ ਇੱਕ ਹੋਰ ਅਹਿਸਾਸ ਵੀ ਹੁੰਦਾ ਏ। ਬੰਦਾ ਬੀਵੀ ਤੋਂ ਬਗੈਰ ਰਹਿਣ ਦੀ ਮਾੜੀ ਮਾੜੀ ਆਦਤ ਵੀ ਪਾਉਣ ਲੱਗ ਪੈਂਦਾ ਏ। ਇਹ ਆਦਤ ਉਸ ਲਈ ਉਦੋਂ ਸਹਾਈ ਵੀ ਹੋ ਸਕਦੀ ਏ ਜਦ ਉਹ ਇਕੱਲਾ ਰਹਿ ਜਾਵੇ। ਮੌਤ ਤਾਂ ਇੱਕ ਦਿਨ ਆਉਣੀ ਹੀ ਹੈ। ਕਈ ਵਾਰ ਇੰਜ ਹੁੰਦਾ ਹੈ ਕਿ ਆਦਮੀ ਤੀਵੀਂ ਚੋਂ ਇੱਕ ਪੂਰਾ ਹੋ ਜਾਂਦਾ ਹੈ ਤੇ ਦੂਜਾ ਇਕੱਲਾ ਰਹਿ ਜਾਂਦਾ ਹੈ। ਜੇ ਇੱਕ ਨੂੰ ਕਦੇ ਕਦੇ ਇਕੱਲੇ ਰਹਿਣ ਦੀ ਆਦਤ ਪੈ ਜਾਵੇ ਤਾਂ ਉਹ ਦੂਜੇ ਦੇ ਚਲੇ ਜਾਣ ਤੋਂ ਬਾਅਦ ਬਹੁਤਾ ਜ਼ਿਆਦਾ ਔਖਾ ਨਹੀਂ ਹੁੰਦਾ। ਦੋਨੋਂ ਇਕੱਲੇ ਇਕੱਲੇ ਰਹਿਣ ਦਾ ਮਾੜਾ ਮੋਟਾ ਤਜ਼ਰਬਾ ਕਰ ਚੁੱਕੇ ਹੁੰਦੇ ਹਨ। ਹਰ ਤਜ਼ਰਬੇ ਦੇ ਲਾਭ ਵੀ ਹੁੰਦੇ ਹਨ ਤੇ ਹਾਨੀਆਂ ਵੀ। ਇੱਕ ਹੋਰ ਲਾਭ ਇਹ ਹੁੰਦਾ ਹੈ -- ਕਿਸੇ ਇੱਕ ਤੋਂ ਬਗੈਰ ਨਾ ਸਰਨ (indispensability) ਵਾਲਾ ਮਨੁੱਖ ਦਾ ਗਰੂਰ ਵੀ ਖਤਮ ਹੁੰਦਾ ਰਹਿੰਦਾ ਹੈ। ਅਕਸਰ ਆਦਮੀ ਤੀਵੀਂ ਇਹ ਸੋਚਦੇ ਰਹਿੰਦੇ ਹਨ ਦੇਖਾਂਗੇ - ਮੈਥੋਂ ਬਿਨਾਂ ਕਿਵੇਂ ਸਰੂ! ਘਮੰਡ ਤੇ ਗਰੂਰ ਦਾ ਇਹ ਭਾਂਡਾ ਵੀ ਨਾਲ ਨਾਲ ਹੀ ਟੁੱਟਦਾ ਰਹਿੰਦਾ ਹੈ। ਥੋੜ ਚਿਰੇ ਵਿਛੋੜੇ ਦਾ ਇਹ ਲਾਭ ਵੀ ਹੈ।

ਮੈਨੂੰ ਬੀਵੀ ਦੇ ਜਾਣ ਸਮੇਂ ਇੱਕ ਪਾਕਿਸਤਾਨੀ ਨਜ਼ਮ ਵੀ ਯਾਦ ਆਈ ਗਈ:

*ਸ਼ੌਹਰ ਦੀ ਫਰਿਆਦ*

*ਕਦੀ ਤੇ ਪੇਕੇ ਜਾਹ ਨੀ ਬੇਗਮ,*
*ਆਵੇ ਸੁੱਖ ਦਾ ਸਾਹ ਨੀ ਬੇਗਮ।*
*ਕੱਠਿਆਂ ਰਹਿ ਰਹਿ ਅੱਕ ਗਏ ਆਂ ਹੁਣ,*
*ਲਾਗੇ ਬਹਿ ਬਹਿ ਥੱਕ ਗਏ ਆਂ ਹੁਣ,*
*ਟੀਂਡਿਆਂ ਵਾਂਗੂ ਪੱਕ ਗਏ ਆਂ ਹੁਣ,*
*ਭਰ ਵੀ ਨੱਕੋ ਨੱਕ ਗਏ ਆਂ ਹੁਣ।*

# ਭਾਰਤ ਪ੍ਰਤੀ ਵਿਸ਼ਵ ਭਾਈਚਾਰੇ ਦਾ ਅਜੀਬੋ-ਗਰੀਬ ਵਤੀਰਾ



ਪਹਿਲਗਾਮ ਵਿਚ ਭਿਆਨਕ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਉਸ ਦੇ ਨੌਂ ਪ੍ਰਮੁੱਖ ਅੱਤਵਾਦੀ ਅੱਡਿਆਂ ਨੂੰ ਨਿਸ਼ਾਨਾ ਬਣਾਉਣ ਅਤੇ ਫਿਰ ਉਸ ਦੇ ਕਈ ਏਅਰਬੇਸ ਤਬਾਹ ਕਰਨ ਦੀ ਜੋ ਕਾਰਵਾਈ ਆਪ੍ਰੇਸ਼ਨ ਸਿੰਧੂਰ ਤਹਿਤ ਕੀਤੀ, ਉਹ ਅਤਿਅੰਤ ਹੌਸਲੇ ਵਾਲੀ ਅਤੇ ਪਾਕਿਸਤਾਨੀ ਫੌਜ ਦੇ ਛੱਕੇ ਛੁਡਾ ਦੇਣ ਵਾਲੀ ਰਹੀ।

ਭਾਰਤੀ ਫੌਜ ਨੂੰ ਛੇ-ਸੱਤ ਮਈ ਦੀ ਰਾਤ ਪਾਕਿਸਤਾਨ ਦੇ ਅੱਤਵਾਦੀ ਅੱਡਿਆਂ ਨੂੰ ਨਸ਼ਟ ਕਰਨ ਤੋਂ ਬਾਅਦ ਉਸ ਦੇ ਪ੍ਰਮੁੱਖ ਏਅਰਬੇਸ ਇਸ ਲਈ ਤਬਾਹ ਕਰਨੇ ਪਏ ਕਿਉਂਕਿ ਉਸ ਨੇ ਆਪਣੇ ਇੱਥੋਂ ਦੇ ਅੱਤਵਾਦੀ ਅੱਡਿਆਂ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਖਿਝ ਕੇ ਭਾਰਤ 'ਤੇ ਮਿਜ਼ਾਈਲਾਂ ਤੇ ਡ੍ਰੋਨ ਦਾਗਣੇ ਸ਼ੁਰੂ ਕਰ ਦਿੱਤੇ ਸਨ। ਭਾਰਤੀ ਫੌਜ ਦੀ ਬੇਮਿਸਾਲ ਜਵਾਬੀ ਕਾਰਵਾਈ ਕਾਰਨ ਪਾਕਿਸਤਾਨ ਕਿਉਂਕਿ ਬੁਰੀ ਤਰ੍ਹਾਂ ਪਸਤ ਹੋ ਗਿਆ ਸੀ, ਇਸ ਲਈ ਉਸ ਨੇ ਫੌਜੀ ਕਾਰਵਾਈ ਰੋਕਣ ਦੀ ਅਰਜੋਈ ਕੀਤੀ-ਭਾਰਤ ਨੂੰ ਵੀ ਅਤੇ ਅਮਰੀਕਾ ਨੂੰ ਵੀ। ਭਾਰਤ ਆਪ੍ਰੇਸ਼ਨ ਸਿੰਧੂਰ ਇਸ ਸ਼ਰਤ 'ਤੇ ਮੁਲਤਵੀ ਕਰਨ ਲਈ ਤਿਆਰ ਹੋਇਆ ਕਿ ਇਸ ਬਾਰੇ ਪਾਕਿਸਤਾਨੀ ਫੌਜ ਨੂੰ ਭਾਰਤੀ ਫੌਜ ਨਾਲ ਸਿੱਧੇ ਹੀ ਗੱਲ ਕਰਨੀ ਹੋਵੇਗੀ। ਮਜਬੂਰੀ ਵਿਚ ਉਸ ਨੇ ਅਜਿਹਾ ਹੀ ਕੀਤਾ। ਭਾਰਤ-ਪਾਕਿਸਤਾਨ ਵਿਚਾਲੇ ਫੌਜੀ ਟਕਰਾਅ ਰੁਕ ਜਾਣ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਸਿਹਰਾ ਲੈਣ ਵਿਚ ਦੇਰ ਨਹੀਂ ਲਗਾਈ ਕਿ ਉਨ੍ਹਾਂ ਦੀ ਦਖਲਅੰਦਾਜੀ ਕਾਰਨ ਦੋਵੇਂ ਦੇਸ਼ ਹਮਲੇ ਰੋਕਣ ਲਈ ਰਾਜੀ ਹੋਏ। ਉਨ੍ਹਾਂ ਨੇ ਇਸ ਨੂੰ ਜੰਗਬੰਦੀ ਦਾ ਨਾਂ ਦਿੰਦੇ ਹੋਏ ਕਿਹਾ ਕਿ ਮੈਂ ਵਪਾਰ ਦਾ ਹਵਾਲਾ ਦੇ ਕੇ ਦੋਵਾਂ ਦੇਸ਼ਾਂ ਦੀ ਜੰਗ ਰੋਕੀ।

ਇਸ 'ਤੇ ਭਾਰਤ ਨੇ ਸਾਫ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਨਾਲ ਵਪਾਰ ਨੂੰ ਲੈ ਕੇ ਕੋਈ ਗੱਲ ਨਹੀਂ ਹੋਈ। ਟਰੰਪ ਦਾ ਦਾਅਵਾ ਉਸ ਸਮੇਂ ਥੋਥਾ ਵੀ ਸਾਬਿਤ ਹੋ ਗਿਆ ਜਦ ਅਮਰੀਕਾ ਦੀ ਕੌਮਾਂਤਰੀ ਵਪਾਰ ਅਦਾਲਤ ਨੇ ਉਨ੍ਹਾਂ ਦੀ ਇਸ ਦਲੀਲ ਨੂੰ ਠੁਕਰਾ ਦਿੱਤਾ ਕਿ ਉਨ੍ਹਾਂ ਨੇ ਟਰੇਡ ਦੀ ਗੱਲ ਕਰ ਕੇ ਹੀ ਭਾਰਤ ਤੇ ਪਾਕਿਸਤਾਨ ਵਿਚਾਲੇ ਫੌਜੀ ਟਕਰਾਅ ਰੋਕਿਆ ਸੀ। ਨਿਊਯਾਰਕ ਸਥਿਤ ਇਸ ਸੰਘੀ ਅਦਾਲਤ ਨੇ ਉਨ੍ਹਾਂ ਦੀ ਟੈਰਿਫ ਨੀਤੀ ਨੂੰ ਵੀ ਗੈਰ-ਕਾਨੂੰਨੀ ਕਰਾਰ ਦੇ ਦਿੱਤਾ।

ਇਸ ਤੋਂ ਸਿੱਧ ਹੋ ਗਿਆ ਕਿ ਟਰੰਪ ਜੋ ਕੁਝ ਕਹਿ ਰਹੇ ਹਨ, ਉਹ ਸਹੀ ਨਹੀਂ ਹੈ। ਵੈਸੇ ਵੀ ਉਨ੍ਹਾਂ ਬਾਰੇ ਸਭ ਜਾਣਦੇ ਹਨ ਕਿ ਉਹ ਅਕਸਰ ਆਪਣੀ ਗੱਲ ਤੋਂ ਪਲਟ ਜਾਂਦੇ ਹਨ। ਇਹੀ ਨਹੀਂ ਟਰੰਪ ਬੜਬੋਲੇ ਵੀ ਬਹੁਤ ਹਨ ਅਤੇ ਕਈ ਦੇਸ਼ਾਂ ਦੇ ਮੁਖੀਆਂ ਦੀ ਸਭ ਦੇ ਸਾਹਮਣੇ ਲਾਹ-ਪਾਹ ਕਰ ਚੁੱਕੇ ਹਨ। ਉਹ ਸਿਰਫ ਅਮਰੀਕੀ ਹਿੱਤਾਂ ਨੂੰ ਹੀ ਤਰਜੀਹ ਦਿੰਦੇ ਹਨ। ਇਸ ਲਈ ਅਮਰੀਕਾ ਅਤੇ ਟਰੰਪ 'ਤੇ ਅੱਖਾਂ ਬੰਦ ਕਰ ਕੇ ਭਰੋਸਾ ਕਰਨਾ ਖਤਰੇ ਤੋਂ ਖਾਲੀ ਨਹੀਂ ਹੈ। ਅਮਰੀਕੀ ਰਾਸ਼ਟਰਪਤੀ ਦੇ ਬਿਨਾਂ ਸਿਰ-ਪੈਰ ਦੇ ਬਿਆਨ 'ਤੇ ਭਾਰਤ ਨੇ ਇਹ ਸਾਫ ਕਰਨ ਵਿਚ ਵੀ ਝਿਜਕ ਨਹੀਂ ਦਿਖਾਈ ਕਿ ਪਾਕਿਸਤਾਨ ਨਾਲ ਸਿਰਫ ਉਸ ਦੇ ਕਬਜੇ ਵਾਲੇ ਕਸ਼ਮੀਰ ਦੀ ਵਾਪਸੀ ਅਤੇ ਅੱਤਵਾਦ ਦੇ ਮੁੱਦੇ 'ਤੇ ਹੀ ਕੋਈ ਗੱਲ ਹੋ ਸਕਦੀ ਹੈ ਅਤੇ ਉਹ ਵੀ ਉਦੋਂ, ਜਦੋਂ ਉਹ ਉਨ੍ਹਾਂ ਅੱਤਵਾਦੀਆਂ ਨੂੰ ਉਸ ਨੂੰ ਸੌਂਪੇਗਾ ਜਿਨ੍ਹਾਂ ਦੀ ਸੂਚੀ ਉਸ ਨੂੰ ਦਿੱਤੀ ਜਾ ਚੁੱਕੀ ਹੈ। ਭਾਰਤ ਟਰੰਪ ਦੀ ਇਸ ਗੱਲ ਨੂੰ ਵੀ ਕੋਈ ਅਹਿਮੀਅਤ ਦੇਣ ਨੂੰ ਤਿਆਰ ਨਹੀਂ ਕਿ ਦੋਵਾਂ ਦੇਸ਼ਾਂ ਨੂੰ ਵਪਾਰ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਭਾਰਤ ਦੇ ਸਖਤ ਰੌਅ ਕਾਰਨ ਪਾਕਿਸਤਾਨ 'ਚ ਘਬਰਾਹਟ ਹੈ। ਬੀਤੇ ਦਿਨੀਂ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ ਸ਼ਰੀਫ ਇਹ ਮੰਨਣ ਲਈ ਮਜਬੂਰ ਹੋ ਗਏ ਕਿ ਭਾਰਤ ਦੀ ਫੌਜ ਨੇ ਉਸ ਨੂੰ ਇੰਨਾ ਬੇਵੱਸ ਕਰ ਦਿੱਤਾ ਕਿ ਉਹ ਕੋਈ ਜਵਾਬੀ ਕਾਰਵਾਈ ਨਹੀਂ ਕਰ ਸਕਿਆ। ਇਹ ਸਪਸ਼ਟ ਹੈ ਕਿ ਇਸ ਤੋਂ ਬਾਅਦ ਵੀ ਆਪ੍ਰੇਸ਼ਨ ਸਿੰਧੂਰ 'ਤੇ ਕਈ ਦੇਸ਼ਾਂ ਦੀ ਪ੍ਰਤੀਕਿਰਿਆ ਉਮੀਦ ਮੁਤਾਬਕ ਨਹੀਂ ਰਹੀ ਅਤੇ ਸਭ ਤੋਂ ਹੈਰਾਨ ਕਰ ਦੇਣ ਵਾਲਾ ਪ੍ਰਤੀਕਰਮ ਅਮਰੀਕੀ ਰਾਸ਼ਟਰਪਤੀ ਦਾ ਰਿਹਾ।

ਇਸ ਕਾਰਨ ਭਾਰਤ ਇਸ ਨਤੀਜੇ 'ਤੇ ਪੁੱਜ ਰਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਵਪਾਰ ਅਤੇ ਅੱਤਵਾਦ ਨੂੰ ਜੋੜਨ ਦਾ ਅਜੀਬੋ-ਗਰੀਬ ਕੰਮ ਕਰਨ ਦੇ ਨਾਲ-ਨਾਲ ਪਾਕਿਸਤਾਨ ਦੇ ਅੱਤਵਾਦੀ ਚਿਹਰੇ ਨੂੰ ਦੇਖਣ ਲਈ ਤਿਆਰ ਨਹੀਂ ਹਨ। ਆਖਰ ਅਮਰੀਕਾ ਭਾਰਤ ਅਤੇ ਪਾਕਿਸਤਾਨ ਨੂੰ ਇਕ ਪਲੜੇ ਵਿਚ ਕਿਵੇਂ ਰੱਖ ਰਿਹਾ ਹੈ ਅਤੇ ਉਹ ਵੀ ਉਦੋਂ ਜਦੋਂ ਟਰੰਪ ਪਾਕਿਸਤਾਨ ਦੇ ਅੱਤਵਾਦੀ ਚਿਹਰੇ ਤੋਂ ਭਲੀਭਾਂਤ ਜਾਣੂ ਰਹੇ ਹਨ?

ਭਾਰਤ ਇਸ ਦੀ ਵੀ ਅਣਦੇਖੀ ਨਹੀਂ ਕਰ ਸਕਦਾ ਕਿ ਫੌਜੀ ਟਕਰਾਅ ਦੌਰਾਨ ਪਾਕਿਸਤਾਨ ਨੂੰ ਅਮਰੀਕੀ ਅਤੇ ਹੋਰ ਪੱਛਮੀ ਦੇਸ਼ਾਂ ਦੀ ਨਰਮੀ ਕਾਰਨ ਹੀ ਆਈਐੱਮਐੱਫ ਤੋਂ ਕਰਜਾ ਮਿਲਿਆ। ਬੇਸ਼ੱਕ ਪਾਕਿਸਤਾਨ ਦੀ ਆਰਥਿਕ ਸਥਿਤੀ ਖਰਾਬ ਹੈ ਪਰ ਉਸ ਨੂੰ ਕੋਈ ਮਦਦ ਉਦੋਂ ਦਿੱਤੀ ਜਾਣੀ ਚਾਹੀਦੀ ਹੈ ਜਦ ਉਹ ਉਨ੍ਹਾਂ ਸ਼ਰਤਾਂ ਨੂੰ ਪੂਰਾ ਕਰੇ ਜੋ ਉਸ 'ਤੇ ਉਸ ਸਮੇਂ ਲਗਾਈਆਂ ਗਈਆਂ ਸਨ ਜਦ ਉਹ ਐੱਫਏਟੀਐੱਫ ਦੀ ਗ੍ਰੇਅ-ਲਿਸਟ ਵਿਚ ਸੀ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਉਸ ਨੇ ਇਸ ਲਿਸਟ ਤੋਂ ਬਾਹਰ ਆਉਣ ਲਈ ਦਿਖਾਵੇ ਵਾਸਤੇ ਕੁਝ ਅੱਤਵਾਦੀਆਂ ਵਿਰੁੱਧ ਕਾਰਵਾਈ ਕੀਤੀ ਅਤੇ ਜਿਵੇਂ ਹੀ ਇਸ ਲਿਸਟ ਤੋਂ ਬਾਹਰ ਆਇਆ, ਅੱਤਵਾਦੀਆਂ ਨੂੰ ਮੁੜ ਪਾਲਣ-ਪੋਸਣ ਲੱਗਾ ਅਤੇ ਉਨ੍ਹਾਂ ਨੂੰ ਭਾਰਤ ਵਿਚ ਅੱਤਵਾਦੀ ਹਮਲੇ ਕਰਨ ਲਈ ਉਕਸਾਉਣ ਲੱਗਾ। ਪਹਿਲਗਾਮ ਵਿਚ ਅੱਤਵਾਦੀ ਹਮਲਾ ਇਸ ਦਾ ਹੀ ਨਤੀਜਾ ਹੈ।

ਅਮਰੀਕਾ ਅਤੇ ਹੋਰ ਪੱਛਮੀ ਮੁਲਕ ਇਸ ਤੋਂ ਅਣਜਾਣ ਨਹੀਂ ਕਿ ਪਾਕਿਸਤਾਨ ਵਿਦੇਸ਼ੀ ਸਹਾਇਤਾ ਦਾ ਇਸਤੇਮਾਲ ਆਪਣੀ ਆਰਥਿਕ ਬਦਹਾਲੀ ਦੂਰ ਕਰਨ 'ਤੇ ਨਹੀਂ, ਹਥਿਆਰ ਖਰੀਦਣ ਅਤੇ ਅੱਤਵਾਦੀ ਢਾਂਚੇ ਨੂੰ ਤਿਆਰ ਕਰਨ ਵਿਚ ਕਰਦਾ ਹੈ।

ਉਹ ਭਾਰਤ ਵਿਰੁੱਧ ਪਰਮਾਣੂ ਹਥਿਆਰਾਂ ਦੇ ਇਸਤੇਮਾਲ ਦੀ ਧਮਕੀ ਵੀ ਦਿੰਦਾ ਰਹਿੰਦਾ ਹੈ। ਅਜਿਹੇ ਵਿਚ ਵਿਸ਼ਵ ਭਾਈਚਾਰੇ ਅਤੇ ਖਾਸ ਤੌਰ 'ਤੇ ਅਮਰੀਕਾ ਨੂੰ ਤਾਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪਾਕਿਸਤਾਨ ਆਪਣੇ ਅੱਤਵਾਦੀ ਢਾਂਚੇ ਨੂੰ ਨਸ਼ਟ ਕਰੇ ਅਤੇ ਉੱਥੋਂ ਦੀ ਸਰਕਾਰ ਫੌਜ ਦੇ ਚੁੰਗਲ ਤੋਂ ਮੁਕਤ ਹੋਵੇ। ਵਿਸ਼ਵ ਭਾਈਚਾਰੇ ਅਤੇ ਖਾਸ ਤੌਰ 'ਤੇ ਅਮਰੀਕਾ ਲਈ ਇਹ ਸੱਚਾਈ ਤਾਂ ਅੱਖਾਂ ਖੋਲ੍ਹਣ ਅਤੇ ਪਰੇਸ਼ਾਨ ਕਰਨ ਵਾਲੀ ਹੋਣੀ ਚਾਹੀਦੀ ਹੈ ਕਿ ਪਾਕਿਸਤਾਨੀ ਫੌਜ ਦਾ ਆਪਣੀ ਸਰਕਾਰ 'ਤੇ ਕੰਟਰੋਲ ਹੈ, ਨਾ ਕਿ ਸਰਕਾਰ ਦਾ ਫੌਜ 'ਤੇ। ਅਮਰੀਕਾ ਇਸ ਦੀ ਵੀ ਅਣਦੇਖੀ ਕਰ ਰਿਹਾ ਹੈ ਕਿ ਪਾਕਿਸਤਾਨੀ ਫੌਜ ਦੇ ਮੁਖੀ ਆਸਿਮ ਮੁਨੀਰ ਨੇ ਖੁਦ ਨੂੰ ਫੀਲਡ ਮਾਰਸ਼ਲ ਬਣਾ ਲਿਆ ਹੈ।

ਹੁਣ ਉਹ ਹੋਰ ਜਿਆਦਾ ਤਾਕਤਵਰ ਹੋ ਕੇ ਪਾਕਿਸਤਾਨ ਸਰਕਾਰ ਨੂੰ ਆਪਣੀ ਕਠਪੁਤਲੀ ਬਣਾ ਲਵੇਗਾ। ਪਾਕਿਸਤਾਨ ਦੀਆਂ ਹਰਕਤਾਂ ਅਤੇ ਉਨ੍ਹਾਂ ਪ੍ਰਤੀ ਵਿਸ਼ਵ ਭਾਈਚਾਰੇ ਦੇ ਢਿੱਲੇ ਰਵੱਈਏ ਕਾਰਨ ਹੀ ਭਾਰਤ ਨੇ ਇਸ ਗੁਆਂਢੀ ਦੇਸ਼ ਦੇ ਅੱਤਵਾਦੀ ਚਿਹਰੇ ਨੂੰ ਬੇਨਕਾਬ ਕਰਨ ਲਈ ਮੁੱਖ ਦੇਸ਼ਾਂ ਵਿਚ ਸਰਬ-ਪਾਰਟੀ ਵਫਦ ਭੇਜਣ ਦਾ ਫੈਸਲਾ ਲਿਆ। ਬਦਕਿਸਮਤੀ ਨਾਲ ਇਸ 'ਤੇ ਜੋ ਵੀ ਸੌੜੀ ਅਤੇ ਸਸਤੀ ਸਿਆਸਤ ਸ਼ੁਰੂ ਹੋਈ, ਉਹ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ।

ਇਨ੍ਹਾਂ ਵਫਦਾਂ ਵਿਚ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਦੇ ਉਹ ਨੇਤਾ ਵੀ ਹਨ ਜੋ ਮੋਦੀ ਸਰਕਾਰ ਦੇ ਕੱਟੜ ਆਲੋਚਕ ਰਹੇ ਹਨ। ਸਭ ਤੋਂ ਕੱਟੜ ਆਲੋਚਕ ਤਾਂ ਅਸਦੁਦੀਨ ਓਵੈਸੀ ਹਨ। ਉਹ ਮੋਦੀ ਸਰਕਾਰ ਨੂੰ ਹਰ ਮੁੱਦੇ 'ਤੇ ਘੇਰਦੇ ਹਨ ਪਰ ਵਿਦੇਸ਼ ਵਿਚ ਉਹ ਬੜੇ ਅਸਰਦਾਰ ਤਰੀਕੇ ਨਾਲ ਭਾਰਤ ਦਾ ਪੱਖ ਰੱਖ ਰਹੇ ਹਨ। ਅਜਿਹਾ ਹੀ ਕੰਮ ਹੋਰ ਵਿਰੋਧੀ ਨੇਤਾ ਅਤੇ ਖਾਸ ਤੌਰ 'ਤੇ ਕਾਂਗਰਸ ਦੇ ਸ਼ਸ਼ੀ ਥਰੂਰ ਕਰ ਰਹੇ ਹਨ। ਥਰੂਰ ਸਿਰਫ ਸਾਬਕਾ ਡਿਪਲੋਮੈਟ ਅਤੇ ਵਿਦੇਸ਼ ਮਾਮਲਿਆਂ ਦੇ ਜਾਣਕਾਰ ਹੀ ਨਹੀਂ, ਪ੍ਰਭਾਵਸ਼ਾਲੀ ਵਕਤਾ ਵੀ ਹਨ। ਇਸ ਤੋਂ ਬਾਅਦ ਵੀ ਕਾਂਗਰਸ ਦੇ ਕਈ ਨੇਤਾਵਾਂ ਨੇ ਉਨ੍ਹਾਂ ਵਿਰੁੱਧ ਮੋਰਚਾ ਖੋਲ੍ਹਿਆ ਹੋਇਆ ਹੈ। ਇਨ੍ਹਾਂ ਵਿਚ ਪ੍ਰਮੁੱਖ ਹਨ ਰਾਹੁਲ ਗਾਂਧੀ ਦੇ ਕਰੀਬੀ ਮੰਨੇ ਜਾਣ ਵਾਲੇ ਜੈਰਾਮ ਰਮੇਸ਼ ਅਤੇ ਪਵਨ ਖੇੜਾ।

ਉਹ ਉਨ੍ਹਾਂ 'ਤੇ ਅਜਿਹੇ ਦੋਸ਼ ਲਗਾ ਰਹੇ ਹਨ ਕਿ ਖੁਦ ਕਾਂਗਰਸ ਦੇ ਕੁਝ ਨੇਤਾ ਹੈਰਾਨ ਹਨ। ਇਹ ਕੌੜੀ ਸੱਚਾਈ ਹੈ ਕਿ ਭਾਰਤੀ ਸਿਆਸਤ ਵਿਚ ਕਾਫੀ ਗਿਰਾਵਟ ਆ ਚੁੱਕੀ ਹੈ। ਇਸ ਦੇ ਸ਼ੁੱਧੀਕਰਨ ਦੀ ਬੇਹੱਦ ਜਰੂਰਤ ਹੈ। ਕਾਂਗਰਸ ਦਾ ਵਤੀਰਾ ਵਿਸ਼ਵ ਵਿਚ ਭਾਰਤ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਉਸ ਭਾਵਨਾ ਦਾ ਨਿਰਾਦਰ ਕਰਨ ਵਾਲਾ ਹੈ ਜਿਸ ਤਹਿਤ ਸਰਬ ਪਾਰਟੀ ਵਫਦ ਪ੍ਰਮੁੱਖ ਦੇਸ਼ਾਂ ਵਿਚ ਗਏ ਹਨ। ਇਸ ਤੋਂ ਮੰਦਭਾਗਾ ਹੋਰ ਕੁਝ ਨਹੀਂ ਹੋ ਸਕਦਾ ਕਿ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਰਾਸ਼ਟਰੀ ਹਿੱਤ ਦੇ ਵੱਡੇ ਮੁੱਦੇ 'ਤੇ ਬੇਹੱਦ ਹਲਕੀ ਸਿਆਸਤ ਖੇਡ ਰਹੀ ਹੈ।

ਸੰਜੇ ਗੁਪਤ


ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

thepunjabherald1@gmail.com

# ਡਾ: ਅਵਤਾਰ ਐਸ ਸੰਘਾ ਦਾ ਨਵਾਂ ਕਹਾਣੀ ਸੰਗ੍ਰਿਹ




**ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ)**

**ਸੰਪਰਕ 0183-2292513, ਮੋਬਾ: 94631-70369**

**ਆਨਲਾਈਨ ਅਖਬਾਰਾਂ ਵਿੱਚ ਲਗਾਏ ਗਏ ਇਸ਼ਤਿਹਾਰ ਵੱਧ ਲੋਕਾਂ ਤੱਕ ਪਹੁੰਚਦੇ ਹਨ। ਅਖਬਾਰ ਦੇ ਸੰਪਾਦਕ ਦੇ 5000 ਫੇਸਬੁੱਕ ਦੋਸਤ ਹਨ। ਇਨ੍ਹਾਂ ਸਭ ਪਾਸ ਅਖਬਾਰ ਜਾਂਦੀ ਹੀ ਹੈ। ਇਸਤੋਂ ਇਲਾਵਾ ਸੰਪਾਦਕ ਆਪਣੇ 100 ਵਹੱਟਸਐਪ ਸਾਥੀਆਂ ਨੂੰ ਅਖਬਾਰ ਦੀ ਪੀ ਡੀ ਐਫ ਭੇਜ ਦਿੰਦਾ ਹੈ। ਅਖਬਾਰ ਆਨਲਾਈਨ ਤਾਂ ਹਰ ਜਗ੍ਹਾ ਪਹੁੰਚਦੀ ਹੀ ਹੈ।**

**ਦੀਵਾਲ਼ੀ ਤੇ ਵਿਸਾਖੀ ਦੀ ਤਾਂ ਹਾਰਡ ਕਾਪੀ ਛਪਦੀ ਹੀ ਹੈ।**

**ਅਖਬਾਰ ਨਾਲ਼ ਸੰਬੰਧ ਜੋੜੋ ਤੇ 0437641033 ਤੇ ਸੰਪਰਕ ਕਰਕੇ ਆਪਣੇ ਇਸ਼ਤਿਹਾਰ ਅੱਧੀ ਕੀਮਤ ਤੇ ਦਿਓ।**

**ਸੰਪਾਦਕ**